

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Ray Dhaliwal
Real Estate Broker

CENTURY 21 SCHEETZ
RAYD@C21Scheetz.com



Twenty-Fourth Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 08, February 25, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਹਰਿਆਣਾ ਦੇ ਗੁਰਦੁਆਰਿਆਂ ਵਿਚ ਟਕਰਾਅ ਵਧਿਆ

**ਅੰਬਾਲਾ:** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਐਡਹਾਕ) ਵੱਲੋਂ ਸੂਬੇ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਸ਼ੁਰੂ ਕੀਤੀ ਕਾਰਵਾਈ ਪਿੱਛੋਂ ਟਕਰਾਅ ਵਾਲਾ ਮਾਹੌਲ ਬਣ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਜਿਥੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਰੱਖਣ ਲਈ ਟਿੱਲ ਲਾਇਆ ਹੋਇਆ ਹੈ, ਉਥੇ ਹਰਿਆਣਾ ਕਮੇਟੀ ਦੇ ਆਗੂ ਵੀ ਕਾਹਲੇ ਜਾਪ ਰਹੇ ਹਨ।

ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਦਾ ਕਬਜ਼ਾ ਲੈਣ ਮੌਕੇ ਦੋਵਾਂ ਧਿਰਾਂ ਵਿਚ ਟਕਰਾਅ ਹੋ ਗਿਆ। ਹਰਿਆਣਾ ਕਮੇਟੀ ਦੇ ਆਗੂਆਂ ਵੱਲੋਂ ਗੁਰਦੁਆਰੇ ਵਿਚ ਚੱਲ ਰਹੇ ਕੀਰਤਨ ਦੌਰਾਨ ਕਟਰ ਦੀ ਮਦਦ ਨਾਲ ਗੋਲਕ ਦਾ ਤਾਲਾ ਕੱਟ ਕੇ ਆਪਣਾ ਤਾਲਾ ਲਾਉਣ ਅਤੇ ਦਫਤਰ ਦਾ ਤਾਲਾ ਕੱਟਣ ਦੀ ਘਟਨਾ ਪਿੱਛੋਂ ਵਿਵਾਦ ਭਖ ਗਿਆ। ਇਸ ਮੌਕੇ ਗੁਰਦੁਆਰੇ ਦੇ ਅੰਦਰ ਹੀ ਟਕਰਾਅ ਵਾਲਾ ਮਾਹੌਲ ਬਣ ਗਿਆ ਤੇ ਦੋਵਾਂ ਧਿਰਾਂ ਵਿਚਾਲੇ ਧੱਕਾ-ਮੁੱਕੀ ਹੋਈ। ਅਗਲੇ ਦਿਨ ਹਰਿਆਣਾ ਨੇ ਭਾਰੀ ਪੁਲਿਸ ਪ੍ਰਬੰਧਾਂ ਹੇਠ ਪੰਚਕੂਲਾ ਦੇ ਇਤਿਹਾਸਕ ਗੁਰਦੁਆਰਾ ਨਾਢਾ ਸਾਹਿਬ ਉਤੇ ਕਬਜ਼ਾ ਕਰ ਲਿਆ। ਨਵੀਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੋਲਕ 'ਤੇ ਆਪਣੇ ਜ਼ਿੰਦਰੇ ਲਗਾ ਦਿੱਤੇ ਹਨ। ਸ਼ਾਮ ਦੇ ਕੀਰਤਨ ਦੀ ਸਮਾਪਤੀ ਤੋਂ ਪਹਿਲਾਂ ਨਵੀਂ ਕਮੇਟੀ ਨੇ ਅਰਦਾਸ ਕੀਤੀ ਅਤੇ ਗੁਰਦੁਆਰਾ ਨਾਢਾ ਸਾਹਿਬ ਦੇ ਦਫਤਰ ਵਿਚ ਆ ਕੇ ਮੁਲਾਜ਼ਮਾਂ ਨੂੰ ਫਾਰਮ ਦਿੱਤੇ ਅਤੇ ਆਖਿਆ ਹੈ ਕਿ ਜਿਨ੍ਹਾਂ ਨੇ ਇੱਥੇ ਰਹਿਣਾ ਹੈ ਅਤੇ ਨਵੀਂ ਕਮੇਟੀ ਦੇ ਨਾਲ ਹਨ, ਉਹ ਫਾਰਮ ਭਰ ਦੇਣ। ਕਈ ਮੁਲਾਜ਼ਮਾਂ ਨੇ



ਫਾਰਮ ਭਰੇ ਅਤੇ ਕਈ ਚੁੱਪ ਵੱਟ ਕੇ ਬੈਠ ਗਏ। ਕਬਜ਼ੇ ਦੌਰਾਨ ਵੱਡੀ ਗਿਣਤੀ ਵਿਚ ਫੋਰਸ ਸਿਵਲ ਵਰਦੀ ਵਿਚ ਸੀ। ਗੁਰਦੁਆਰੇ ਦੇ ਬਾਹਰ ਮਾਹੌਲ ਤਣਾਅ ਭਰਿਆ ਰਿਹਾ।

ਦੱਸਿਆ ਜਾ ਰਿਹਾ ਹੈ ਕਿ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਇੰਸਪੈਕਟਰ ਤੋਂ ਗੋਲਕ ਦੀਆਂ ਚਾਬੀਆਂ ਵੀ ਮੰਗੀਆਂ ਗਈਆਂ ਪਰ ਚਾਬੀਆਂ ਨਾ ਮਿਲਣ ਉਤੇ ਗੋਲਕ ਦੇ ਤਾਲੇ ਤੋੜ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਤਾਲੇ ਲਗਾ ਦਿੱਤੇ। ਇਸ ਤੋਂ ਇਲਾਵਾ ਹਰਿਆਣਾ ਸਿੱਖ ਮਿਸ਼ਨ ਦੇ ਦਫਤਰ ਅਤੇ ਮੈਨੇਜਰ ਦੇ ਦਫਤਰਾਂ ਉਤੇ ਵੀ ਹਰਿਆਣਾ ਕਮੇਟੀ ਨੇ ਆਪਣੇ ਤਾਲੇ ਲਗਾ ਦਿੱਤੇ।

ਉਧਰ, ਸ਼੍ਰੋਮਣੀ ਕਮੇਟੀ ਨੇ ਹਰਿਆਣਾ ਵਿਚ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਅਤੇ ਸਿੱਖ ਮਿਸ਼ਨ ਦਫ਼ਤਰ 'ਤੇ ਕਬਜ਼ੇ ਦੇ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ ਹੈ। ਇਸ ਗੰਭੀਰ ਮਾਮਲੇ ਨੂੰ ਵਿਚਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ। ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਗੁਰਦੁਆਰੇ ਵਿਚ ਵਾਪਰੀ ਘਟਨਾ ਦਾ ਜਾਇਜ਼ਾ ਲਵੇਗੀ। ਕਮੇਟੀ ਦੀ ਰਿਪੋਰਟ ਮਗਰੋਂ ਸ੍ਰੀ ਅਕਾਲ ਤਖ਼ਤ ਨੂੰ


*(ਬਾਕੀ ਸਫਾ 6 'ਤੇ)*


## ਝੀਂਡਾ ਨੇ ਜਥੇਦਾਰ ਨੂੰ ਪੱਤਰ ਲਿਖਿਆ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਉਨ੍ਹਾਂ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖਿਆ ਹੈ ਕਿ ਹਰਿਆਣਾ ਸਰਕਾਰ ਵੱਲੋਂ ਬਣਾਈ ਗਈ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਗੁਰਦੁਆਰੇ ਦੇ ਹਾਲ ਵਿਚ ਆ ਕੇ ਗੋਲਕ ਦੇ ਜਿੰਦਰੇ ਤੋੜੇ ਗਏ ਅਤੇ ਚੱਲ ਰਹੇ ਕੀਰਤਨ ਵਿਚ ਵਿਘਨ ਪਾਇਆ ਗਿਆ ਜਿਸ ਨਾਲ ਸੰਗਤ ਦੇ ਮਨਾਂ ਨੂੰ ਠੇਸ ਪਹੁੰਚੀ। ਇਸ ਤਰ੍ਹਾਂ ਦੀ ਸਰਕਾਰੀ ਕਮੇਟੀ ਵੱਲੋਂ ਕੀਤੀ ਗਈ ਬੇਅਦਬੀ ਬਾਰੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਸਰਕਾਰੀ ਕਮੇਟੀ ਉੱਤੇ ਪੰਥਕ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਇਸ ਪੱਤਰ ਉਤੇ ਹਰਿਆਣਾ ਦੀ ਸਿੱਖ ਸੰਗਤ ਦੇ ਦਸਤਖ਼ਤ ਵੀ ਕਰਵਾਏ ਹਨ।

# ਕੌਮੀ ਇਨਸਾਫ ਮੋਰਚੇ 'ਤੇ ਉਠੇ ਸਵਾਲ



**ਚੰਡੀਗੜ੍ਹ:** ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉਤੇ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਮਸਲਿਆਂ ਬਾਰੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦੇ ਪੱਕੇ ਮੋਰਚੇ ਉਤੇ ਹੀ ਸਵਾਲ ਉਠ ਖਲੋਤੇ ਹਨ। ਬੰਦੀ ਸਿੰਘਾਂ ਦੀ ਸੂਚੀ ਵਿਚ ਸ਼ਾਮਲ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਸਾਫ ਆਖ ਦਿੱਤਾ ਹੈ ਕਿ ਉਨ੍ਹਾਂ ਦਾ ਕੌਮੀ ਇਨਸਾਫ਼ ਮੋਰਚੇ ਨਾਲ ਕੋਈ ਸਬੰਧ ਨਹੀਂ ਹੈ ਤੇ ਜੇਕਰ ਇਸ ਮੋਰਚੇ ਵਾਲੀ ਥਾਂ 'ਤੇ ਉਸ ਦੀ ਕੋਈ ਤਸਵੀਰ ਲੱਗੀ ਹੋਈ ਹੈ ਤਾਂ ਉਹ ਹਟਾਅ ਦਿੱਤੀ ਜਾਵੇ।

ਚੇਤੇ ਰਹੇ ਕਿ ਜਿਨ੍ਹਾਂ ਬੰਦੀ ਸਿੰਘ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਇਹ ਮੋਰਚਾ ਲਾਇਆ ਗਿਆ ਹੈ, ਉਨ੍ਹਾਂ ਵਿਚ ਰਾਜੋਆਣਾ ਦਾ ਨਾਮ ਸਭ ਤੋਂ ਮੋਹਰੀ ਹੈ। ਰਾਜੋਆਣਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕੇਸ ਵਿਚ ਫਾਂਸੀ ਦੀ ਸਜ਼ਾ ਤਹਿਤ ਪਟਿਆਲਾ ਜੇਲ੍ਹ 'ਚ ਬੰਦ ਹੈ। ਰਾਜੋਆਣਾ ਨੇ ਸਾਫ ਆਖਿਆ ਹੈ ਕਿ ਇਸ ਮੋਰਚੇ ਨਾਲ ਉਸ ਦੀ ਕੋਈ ਸਹਿਮਤੀ ਨਹੀਂ ਹੈ। ਯਾਦ ਰਹੇ ਕਿ ਬਲਵੰਤ ਰਾਜੋਆਣਾ ਨੂੰ ਦੰਦਾਂ 'ਚ ਦਰਦ ਕਾਰਨ ਜਾਂਚ ਲਈ ਪਟਿਆਲਾ ਜੇਲ੍ਹ ਤੋਂ ਭਾਰੀ ਸੁਰੱਖਿਆ ਹੇਠ ਡੈਂਟਲ ਕਾਲਜ ਲਿਆਂਦਾ ਗਿਆ ਸੀ। ਇਸ ਮੌਕੇ ਉਨ੍ਹਾਂ ਆਖਿਆ ਕਿ ਉਹ ਅਕਾਲੀ ਹਨ ਅਤੇ ਅਕਾਲੀ ਹੀ ਰਹਿਣਗੇ। ਉਨ੍ਹਾਂ ਇਨਸਾਫ਼ ਮੋਰਚੇ ਦੇ ਪ੍ਰਬੰਧਕਾਂ ਨੂੰ ਆਖਿਆ ਕਿ ਜੇਕਰ ਨੈਤਿਕਤਾ ਹੈ ਤਾਂ ਇਨਸਾਫ਼ ਮੋਰਚੇ ਵਾਲੇ ਸਪਸ਼ਟ ਕਰਨ ਕਿ ਉਹ ਕਿਹੜੀਆਂ ਸਿਆਸੀ ਧਿਰਾਂ ਨਾਲ ਸਬੰਧਤ ਹਨ। ਰਾਜੋਆਣਾ ਦੇ ਇਸ ਬਿਆਨ ਤੋਂ ਬਾਅਦ ਮੋਰਚੇ ਉਤੇ ਸਵਾਲ ਖੜ੍ਹੇ ਹੋਣ ਲੱਗੇ ਹਨ। ਇਸ ਮੋਰਚੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਬਾਦਲ ਨੂੰ ਹੁਣ ਤੱਕ ਨੇੜੇ ਨਹੀਂ ਲੱਗਣ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਇਕ ਵਾਰ ਮੋਰਚੇ ਵਿਚ ਗਏ ਸਨ ਜਿਨ੍ਹਾਂ ਨੂੰ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ।

ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉਤੇ ਲੱਗੇ ਇਸ ਮੋਰਚੇ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਕਿਸਾਨੀ ਮੁੱਦਿਆਂ ਦੇ ਨਾਲ-ਨਾਲ ਬੰਦੀ ਸਿੱਖਾਂ ਦੀ ਰਿਹਾਈ ਲਈ ਮੁਹਾਲੀ 'ਚ ਲੱਗੇ ਕੌਮੀ ਇਨਸਾਫ਼ ਮੋਰਚੇ ਦੀ ਹਮਾਇਤ ਵਿਚ ਵੀ ਖੁੱਲ੍ਹ ਕੇ ਨਿੱਤਰ ਆਈਆਂ ਹਨ। ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉਤੇ ਦਿੱਲੀ ਦੇ ਸਿੰਘੂ ਤੇ ਟਿੱਕਰੀ ਬਾਰਡਰ ਵਾਲੇ ਹਾਲਾਤ ਬਣੇ ਹੋਏ ਹਨ। ਕਈ ਕਿਲੋਮੀਟਰ ਤੱਕ ਸੰਘਰਸ਼ੀਆਂ ਦੇ ਕਾਫਲੇ ਹੀ ਕਾਫਲੇ ਨਜ਼ਰ ਆ ਰਹੇ ਹਨ। ਪਿਛਲੇ ਲੰਬੇ ਸਮੇਂ ਤੋਂ ਸ਼ਾਇਦ ਇਹ ਪਹਿਲੀ ਵਾਰ ਹੈ ਜਦੋਂ ਸਿੱਖ ਮਸਲਿਆਂ ਉਤੇ ਲੱਗੇ ਮੋਰਚੇ ਨੂੰ ਇੰਨੇ ਵੱਡੇ ਪੱਧਰ ਉਤੇ ਹੁੰਗਾਰਾ ਮਿਲਿਆ ਹੋਇਆ। ਹਾਲਾਂਕਿ ਬੰਦੀ ਸਿੰਘਾਂ ਵਿਚੋਂ ਇਕ ਰਾਜੋਆਣਾ ਵੱਲੋਂ ਮੋਰਚੇ ਦੇ ਸਿਆਸੀ ਹੋਣ ਬਾਰੇ ਕੀਤੇ ਇਸ਼ਾਰੇ ਨੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।




TBF
THE BAINS FIRM

Manpreet S. Bains

Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*

Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury



Offices in San Francisco and Union City

WILLIAM E. WEISS
Of Counsel



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ




# RSVP



Karnail Singh Jabo
Chairman

Sukhwindar Singh Narwal
President

Ajay Grovar
Vice President

Yadwinder Singh Sohi
Secretary

Rajwinder Bains
Media- Advisor

Mukhtar Singh Khera
Treasurer

Tarsem Singh
Joint Treasurer

ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਵਲੋਂ ਹਰ ਸਾਲ ਵਾਂਗ ਇਸ ਸਾਲ ਵੀ 29 ਅਪਰੈਲ, 2023 ਨੂੰ ਸਾਲਾਨਾ ਪੰਜਾਬੀ ਮੇਲਾ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਗਿੱਧਾ, ਭੰਗੜਾ, ਓਪਨ ਡੀ ਜੇ ਤੇ ਗੀਤ-ਸੰਗੀਤ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਮਨੋਰੰਜਨ ਭਰਪੂਰ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਸਭਨਾਂ ਨੂੰ ਪਰਿਵਾਰਾਂ ਸਮੇਤ ਮੇਲੇ ਵਿਚ ਪੁੱਜਣ ਦਾ ਸੱਦਾ ਦਿੱਤਾ ਜਾਂਦਾ ਹੈ।

**ਸਥਾਨ:**
Wings Event Center, 3600 Vanrick Drive, Kalamazoo, MI

**ਸਮਾਂ:**
*ਸ਼ਾਮ 4 ਵਜੇ ਤੋਂ*

## Media Partner: Radio Chann Pardesi

ਰੇਡੀਓ ਚੰਨ ਪਰਦੇਸੀ

## *Free Family Entertainment Event*

# Matrimonials

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6", 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003 5-8

Khatri Hindu family looking for a suitable match for their son US Citizen 38, 5'9" divorced with full custody of child, non-smoker/non-drinker. Caste and religion no bar. Well settled in California.
Please contact Whatsapp/Phone: 909-286-5400" 3-6

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com 2-5

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or
E-mail at: santokhkainth53@gmail.com. 1-4

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com 1-4

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India). 4-7

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ:
765-602-6904 (ਵ੍ਹਟਸਐਪ)। 2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906
or E-mail at sanjogmatri27@gmail.com 1-4

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com 1-4

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202. 53-3


SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*

*Etihad, Air India, KLM, Lufthansa, Delta, Qatar Airlines.*
For Emergency Call anytime at 847-673-3825
*EARLY BIRD SALE!!!!*
Domestic fares available


## ਪੁਸਤਕ ਮੇਲੇ ਵਿਚ 'ਅਦਬਨਾਮਾ: ਖਾਲਸਾ ਕਾਲਜ ਅੰਮ੍ਰਿਤਸਰ' ਲੋਕ ਅਰਪਣ

**ਅੰਮ੍ਰਿਤਸਰ (ਬਿਊਰੋ):** ਖਾਲਸਾ ਕਾਲਜ ਅੰਮ੍ਰਿਤਸਰ ਵਿਚ ਮਨਾਏ ਜਾ ਰਹੇ 'ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲਾ 2023' ਵਿਚ ਡਾ. ਜਸਬੀਰ ਸਿੰਘ ਸਰਨਾ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਦੁਆਰਾ ਸੰਪਾਦਿਤ ਤੇ ਆਜ਼ਾਦ ਬੁੱਕ ਡੀਪੂ, ਹਾਲ ਬਜ਼ਾਰ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਤੇ ਪ੍ਰਿੰਟਵੈਲ ਪ੍ਰੈੱਸ ਵੱਲੋਂ ਛਾਪੀ ਗਈ ਪੁਸਤਕ 'ਅਦਬਨਾਮਾ : ਖਾਲਸਾ ਕਾਲਜ ਅੰਮ੍ਰਿਤਸਰ' ਲੋਕ ਅਰਪਣ ਕੀਤੀ ਗਈ। ਇਹ ਰਸਮ ਬੀਤੇ ਦਿਨ ਕੁਲਦੀਪ ਸਿੰਘ, ਡਾ. ਆਤਮ ਰੰਧਾਵਾ, ਡਾ. ਪਰਮਜੀਤ ਸਿੰਘ ਢੀਂਗਰਾ, ਆਰਟਿਸਟ ਸਿਧਾਰਥ, ਪ੍ਰਿੰ. ਕੁਲਵੰਤ ਸਿੰਘ ਅਣਖੀ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਡਾ. ਮਹਿਲ ਸਿੰਘ ਭੁੱਲਰ, ਡਾ. ਸੁਰਜੀਤ ਸਿੰਘ, ਭੁਪਿੰਦਰ ਸਿੰਘ ਮੱਲ੍ਹੀ, ਡਾ. ਗੁਰਮੁੱਖ ਸਿੰਘ ਪੰਜਾਬੀ ਯੂਨੀਵਰਸਿਟੀ ਤੇ ਡਾ. ਅਮਰਜੀਤ ਸਿੰਘ ਗਰੇਵਾਲ ਨੇ ਅਦਾ ਕੀਤੀ।



ਇਸ ਪੁਸਤਕ ਵਿਚ ਕਾਲਜ ਦੇ ਉਨ੍ਹਾਂ ਨਾਮਵਰ ਅਧਿਆਪਕਾਂ ਅਤੇ ਵਿਦਿਆਰਥੀਆਂ, ਜਿਨ੍ਹਾਂ ਨੇ ਸਾਹਿਤਕ ਖੇਤਰ ਵਿਚ ਮੱਲਾਂ ਮਾਰੀਆਂ ਹਨ, ਦੀ ਸੰਖੇਪ ਜੀਵਨੀ ਤੇ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਦਾ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਵਿਚ ਪ੍ਰੋ. ਗੁਰਮੁਖ ਸਿੰਘ, ਭਾਈ ਵੀਰ ਸਿੰਘ, ਗਿਆਨੀ ਬਿਸ਼ਨ ਸਿੰਘ, ਸੰਤ ਤੇਜਾ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਸੰਤ ਰਣਧੀਰ ਸਿੰਘ, ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਸੋਹਨ ਸਿੰਘ ਜੋਸ਼, ਡਾ. ਗੰਡਾ ਸਿੰਘ, ਰੋਸ਼ਨ ਲਾਲ ਆਹੂਜਾ, ਇੰਦਰਜੀਤ ਕੌਰ ਸੰਧੂ, ਡਾ. ਦੀਵਾਨ ਸਿੰਘ , ਡਾ. ਥਾਰਨ ਆਦਿ ਲੇਖਕਾਂ ਦੀ ਸੰਖੇਪ ਵਿਚ ਜੀਵਨੀ ਤੇ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਦਾ ਵੇਰਵਾ ਦਿੱਤਾ ਗਿਆ ਹੈ। ਕੁਲ ਗਿਣਤੀ 208 ਹੈ।

## ਸਿੱਖ ਐਜੂਕੇਸ਼ਨ ਫਾਊਂਡੇਸ਼ਨ ਵਲੋਂ ਸੱਤ ਭਾਸ਼ਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਜਾਰੀ ਕਰਨ ਦਾ ਐਲਾਨ

**ਲਾਸ ਏਂਜਲਸ:** ਸਿੱਖ ਐਜੂਕੇਸ਼ਨ ਫਾਊਂਡੇਸ਼ਨ ਨੇ ਸੱਤ ਭਾਸ਼ਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਅਧਿਆਤਮਕ ਅਨੁਵਾਦ ਲੋਕਾਂ ਲਈ ਜਾਰੀ ਕਰਨ ਦਾ ਐਲਾਨ ਕੀਤਾ ਹੈ। SGGSonline.com ਅਤੇ SikhBookClub.com 'ਤੇ ਫਰੈਂਚ, ਅੰਗਰੇਜ਼ੀ, ਅਰਬੀ, ਤੇਲਗੂ, ਉੜੀਆ, ਗੁਜਰਾਤੀ ਅਤੇ ਹਿੰਦੀ ਵਿਚ ਪੜ੍ਹਨ ਅਤੇ ਮੁਫ਼ਤ ਵਿਚ ਡਾਊਨਲੋਡ ਕਰਨ ਲਈ ਉਪਲੱਬਧ ਹੈ। 21 ਭਾਸ਼ਾਵਾਂ ਵਿਚ ਅਨੁਵਾਦ ਦਾ ਕੰਮ ਜਾਰੀ ਹੈ।

ਸੰਸਥਾਪਕ ਥਮਿੰਦਰ ਸਿੰਘ ਆਨੰਦ ਅਨੁਸਾਰ 8 ਸਾਲ ਪਹਿਲਾਂ 50 ਅਨੁਵਾਦਕਾਂ ਦੀ ਸਮਰਪਿਤ ਟੀਮ ਨਾਲ ਸਿੱਖ ਇਤਿਹਾਸ ਵਿਚ ਪਹਿਲੀ ਵਾਰ ਇਨ੍ਹਾਂ ਭਾਸ਼ਾਵਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਅਧਿਆਤਮਕ ਅਨੁਵਾਦ ਕੀਤਾ ਗਿਆ ਸੀ। ਦੁਨੀਆ ਭਰ ਦੇ ਸਿੱਖ ਵਿਦਵਾਨਾਂ ਅਤੇ ਵਾਲੰਟੀਅਰਾਂ ਦੀ ਟੀਮ ਨੇ ਗੁਰੂ ਸਾਹਿਬਾਨ ਦੇ ਇਲਾਹੀ ਸੰਦੇਸ਼ ਦਾ ਅਨੁਵਾਦ ਕਰ ਕੇ ਇਲਾਹੀ ਬਾਣੀ ਦਾ ਪ੍ਰਚਾਰ ਕਰਨ ਲਈ ਅਣਥੱਕ ਮਿਹਨਤ ਕੀਤੀ। ਗੁਰੂ ਗ੍ਰੰਥ ਸਾਹਿਬ ਇਕ ਸਦੀਵੀ ਜੀਵਤ ਗੁਰੂ ਹੈ, ਜੋ ਸਿੱਖ ਗੁਰੂਆਂ, ਹਿੰਦੂ ਅਤੇ ਮੁਸਲਮਾਨ ਸੰਤਾਂ ਦੀ ਕਾਵਿ ਰਚਨਾ ਹੈ। ਸਾਡਾ ਮੰਨਣਾ ਹੈ ਕਿ ਹੋਰ ਅਨੁਵਾਦ ਵਿਸ਼ਵਵਿਆਪੀ ਸੰਸਾਰ ਨੂੰ ਸਿੱਖਾਂ ਬਾਰੇ ਸਿੱਖਿਅਤ ਕਰਨਗੇ ਜਿਨ੍ਹਾਂ ਨੂੰ ਉਨ੍ਹਾਂ ਦੇ ਪਿਛੋਕੜ ਦੇ ਆਧਾਰ 'ਤੇ ਵੱਖਰਾ ਜਾਂ ਹੋਰ ਮੰਨਿਆ ਜਾ ਸਕਦਾ ਹੈ। ਇੱਕ ਬਹੁ-ਸੱਭਿਆਚਾਰਕ ਦੇਸ਼ ਅਤੇ ਇੱਕ ਗਲੋਬਲਾਈਜ਼ਡ ਸੰਸਾਰ ਵਿਚ ਨਾਗਰਿਕ ਬਣਨ ਲਈ ਉਨ੍ਹਾਂ ਨੂੰ ਬਿਹਤਰ ਢੰਗ ਨਾਲ ਤਿਆਰ ਕਰਨ ਲਈ ਇੱਕ ਵਧੇਰੇ ਸੰਪੂਰਨ ਅਤੇ ਚੰਗੀ ਤਰ੍ਹਾਂ ਦੀ ਸਿੱਖਿਆ ਦੇਣ ਦਾ ਇੱਕ ਵੱਡਾ ਪੱਖ ਵੀ ਹੈ।

ਸਿੱਖ ਧਰਮ ਸਮਾਨਤਾ, ਸਮਾਜਿਕ ਨਿਆਂ, ਮਨੁੱਖਤਾ ਦੀ ਸੇਵਾ ਅਤੇ ਦੂਜੇ ਧਰਮਾਂ ਲਈ ਸਹਿਣਸ਼ੀਲਤਾ ਦੀ ਵਕਾਲਤ ਕਰਦਾ ਹੈ। ਸਿੱਖ ਐਜੂਕੇਸ਼ਨ ਫਾਊਂਡੇਸ਼ਨ 12 ਸਾਲਾਂ ਤੋਂ ਵੱਧ ਸਮੇਂ ਤੋਂ ਅਨੁਵਾਦ ਅਤੇ ਕਿਤਾਬਾਂ ਦਾ ਭੰਡਾਰ ਬਣਾਉਣ ਦਾ ਕੰਮ ਕਰ ਰਹੀ ਹੈ।

SGGSonline.com ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦੀਆਂ ਤੁਕਾਂ ਵਿਚ ਦਰਸਾਏ ਗਏ ਗਿਆਨ ਨੂੰ ਸਧਾਰਨ ਸਮਝਣ ਯੋਗ ਅੰਗਰੇਜ਼ੀ ਭਾਸ਼ਾ ਵਿਚ ਵਿਚਾਰਨ ਅਤੇ ਅਨੁਵਾਦ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਿੱਖ ਬੁੱਕ ਕਲੱਬ ਦੁਨੀਆ ਭਰ ਵਿਚ ਸਿੱਖ ਧਰਮ ਦਾ ਪ੍ਰਚਾਰ ਕਰ ਕੇ ਸਮਾਜ ਦੀ ਬਿਹਤਰੀ ਲਈ ਕੰਮ ਕਰ ਰਹੀ ਇੱਕ ਚੈਰੀਟੇਬਲ ਸੰਸਥਾ ਹੈ ਜੋ ਸਿੱਖ ਨੈਤਿਕਤਾ ਅਤੇ ਖਾਲਸੇ ਦੇ ਸਿਧਾਂਤਾਂ ਨੂੰ ਫੈਲਾ ਰਹੀ ਹੈ।

## ਕੈਲਗਰੀ ਵਿਚ ਖੇਡੇ ਜਾ ਰਹੇ ਸੋਲੋ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਦਾ ਪੋਸਟਰ ਜਾਰੀ

**ਕੈਲਗਰੀ:** 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਵਲੋਂ ਹਰ ਸਾਲ 8 ਮਾਰਚ ਨੂੰ ਦੁਨੀਆ ਭਰ ਵਿਚ ਮਨਾਏ ਜਾਂਦੇ 'ਇੰਟਰਨੈਸ਼ਨਲ ਵਿਮੈੱਨ ਡੇਅ' ਨੂੰ ਸਮਰਪਿਤ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਸਾਲ ਕੈਲਗਰੀ ਦੀ ਪਬਲਿਕ ਲਾਇਬ੍ਰੇਰੀ ਡਾਊਨਟਾਊਨ (ਸਿਟੀ ਹਾਲ ਦੇ ਪਿਛਲੇ ਪਾਸੇ) ਦੇ ਨਵੇਂ ਬਣੇ ਥੀਏਟਰ ਵਿਚ 12 ਮਾਰਚ ਦਿਨ ਐਤਵਾਰ ਨੂੰ ਉੱਘੀ ਥੀਏਟਰ ਕਲਾਕਾਰ ਅਤੇ ਫਿਲਮੀ ਐਕਟਰ ਅਨੀਤਾ ਸਬਦੀਸ਼ ਵੱਲੋਂ ਸੋਲੋ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਪੇਸ਼ ਕੀਤਾ ਜਾਵੇਗਾ। ਔਰਤਾਂ ਨਾਲ਼ ਹੁੰਦੇ ਬਲਾਤਕਾਰਾਂ ਨਾਲ਼ ਸਬੰਧਤ ਵਿਸ਼ੇ 'ਤੇ ਪਾਲੀ ਭੁਪਿੰਦਰ ਦਾ ਲਿਖਿਆ ਇਹ ਭਾਵਪੂਰਤ ਨਾਟਕ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਪ੍ਰੋਗਰੈਸਿਵ ਕਲਾ ਮੰਚ ਦੇ ਕਲਾਕਾਰ ਕੋਰੀਓਗਰਾਫੀ ਵੀ ਪੇਸ਼ ਕਰਨਗੇ। ਇਸ ਤੋਂ ਇਲਾਵਾ ਉਘੇ ਲੇਖਕ ਤੇ ਨਾਟਕ ਡਾਇਰੈਕਟਰ ਡਾ. ਸੁਰਿੰਦਰ ਧੰਜਲ ਔਰਤ ਦਿਵਸ ਨਾਲ਼ ਸਬੰਧਤ ਵਿਸ਼ਿਆਂ 'ਤੇ ਭਾਸ਼ਣ ਦੇਣਗੇ।

ਪਿਛਲੇ ਦਿਨੀਂ ਇਸ ਨਾਟਕ ਪ੍ਰੋਗਰਾਮ ਦਾ ਪੋਸਟਰ ਜੈਨੇਸਿਸ ਵਿਚ ਹੋਏ ਇਕ ਸਮਾਗਮ ਦੌਰਾਨ ਦਰਸ਼ਕਾਂ ਦੇ ਭਰਵੇਂ ਇਕੱਠ ਦੌਰਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਤੇ ਸਿੱਖ




ਵਿਰਸਾ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਤੋਂ ਇਲਾਵਾ ਸ਼ਹਿਰ ਦੇ ਹੋਰ ਪਤਵੰਤੇ ਸੱਜਣਾਂ ਨੇ ਰਿਲੀਜ਼ ਕੀਤਾ। ਇਸ ਨਾਟਕ ਸਮਾਗਮ ਦੀ ਟਿਕਟ 10 ਡਾਲਰ ਹੋਵੇਗੀ। ਮਾਸਟਰ ਭਜਨ ਸਿੰਘ ਤੋਂ 403-455-4220 ਅਤੇ ਹਰਚਰਨ ਪ੍ਰਹਾਰ ਤੋਂ 403-681-8689 ਨੰਬਰਾਂ 'ਤੇ ਸੰਪਰਕ ਕਰ ਕੇ ਟਿਕਟ ਲਈ ਜਾ ਸਕਦੀ ਹੈ।

# ਬੰਦੀ ਸਿੰਘਾਂ ਦੀ ਰਿਹਾਈ ਲਈ ਹਲਕਾ ਪੱਧਰੀ ਮੁਹਿੰਮ ਸ਼ੁਰੂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੀ ਗਈ ਦਸਤਖ਼ਤੀ ਮੁਹਿੰਮ ਹੁਣ ਹਲਕਾ ਪੱਧਰ 'ਤੇ ਆਰੰਭ ਦਿੱਤੀ ਗਈ ਹੈ। ਇਸ ਮੌਕੇ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਯਤਨਸ਼ੀਲ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਜਿੱਥੇ ਕਾਨੂੰਨੀ ਪੱਖ ਤੋਂ ਚਾਰਾਜੋਈ ਕੀਤੀ ਜਾ ਰਹੀ ਹੈ, ਉਥੇ ਸਿੱਖ ਭਾਵਨਾਵਾਂ ਨੂੰ ਸਰਕਾਰਾਂ ਤੱਕ ਪਹੁੰਚਾਉਣ ਲਈ ਦਸਤਖ਼ਤੀ ਮੁਹਿੰਮ ਅਰੰਭੀ ਗਈ ਹੈ, ਜਿਸ ਤਹਿਤ ਹੁਣ ਤੱਕ 16 ਲੱਖ ਤੋਂ ਵੱਧ ਫ਼ਾਰਮ ਭਰੇ ਜਾ ਚੁੱਕੇ ਹਨ।

ਹਲਕਾ ਪੱਧਰ ਉਤੇ ਮੁਹਿੰਮ ਵਿੱਢਣ ਮਗਰੋਂ ਪਹਿਲਾ ਸਮਾਗਮ ਅਟਾਰੀ ਵਿਧਾਨ ਸਭਾ ਹਲਕੇ ਦੇ ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਵਿਚ ਕੀਤਾ ਗਿਆ। ਸ੍ਰੀ ਧਾਮੀ ਨੇ ਕਿਹਾ ਕਿ ਸੰਗਤ ਨੂੰ ਇਸ ਲਹਿਰ ਨਾਲ ਜੋੜਨ ਲਈ ਪੰਜਾਬ ਦੇ ਹਰ ਹਲਕੇ ਵਿਚ ਸਮਾਗਮ ਕੀਤੇ ਜਾਣਗੇ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਮੰਗਵਿੰਦਰ ਸਿੰਘ ਖਾਪੜਖੇੜੀ ਨੇ ਵੀ ਕਮੇਟੀ ਪ੍ਰਧਾਨ ਨੂੰ ਇਸ ਮੁਹਿੰਮ ਵਿਚ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਵੱਡੀ ਗਿਣਤੀ ਸੰਗਤ ਨੇ



ਪਰਫਾਰਮੇ ਵੀ ਭਰੇ।

ਉਧਰ, ਖਾਲਸਾ ਪੰਥ ਦੇ ਜਾਹੋ-ਜਲਾਲ ਦਾ ਪ੍ਰਤੀਕ ਕੌਮੀ ਜੋੜ ਮੇਲਾ ਹੋਲਾ-ਮਹੱਲਾ ਇਸ ਵਾਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੁਹਿੰਮ ਦੇ ਰੰਗ ਵਿਚ ਰੰਗਿਆ ਨਜ਼ਰ ਆਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਲਾ-ਮਹੱਲਾ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਦਸਤਖ਼ਤੀ ਮੁਹਿੰਮ ਨੂੰ ਹੋਰ ਪ੍ਰਚੰਡ ਕਰਦਿਆਂ 9 ਬੰਦੀ ਸਿੰਘਾਂ ਦੇ ਨਾਵਾਂ ਵਾਲੇ 9 ਵੱਖ-ਵੱਖ ਦਸਤਖ਼ਤੀ ਸਟਾਲ ਲਾਏ ਜਾਣਗੇ। ਇਹ ਪ੍ਰਗਟਾਵਾ ਇਥੇ ਜਥੇਦਾਰ ਬਲਦੇਵ ਸਿੰਘ ਮਾਹਿਲਪੁਰੀ ਯਾਦਗਾਰੀ ਹਾਲ ਵਿਖੇ ਹੋਲਾ-ਮਹੱਲਾ ਦੇ ਪ੍ਰਬੰਧਾਂ ਦੀਆਂ ਤਿਆਰੀਆਂ ਸਬੰਧੀ ਕੀਤੀ ਬੈਠਕ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਦੱਸਿਆ ਕਿ ਸਰਕਾਰੀ ਜਬਰ ਕਾਰਨ ਹਥਿਆਰਬੰਦ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਏ ਬਹੁਤ ਸਾਰੇ ਬੰਦੀ ਸਿੰਘ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ, ਜਦੋਂਕਿ ਕਾਨੂੰਨ ਅਨੁਸਾਰ ਉਮਰ ਕੈਦੀ ਨੂੰ 10-15 ਸਾਲਾਂ ਦੀ ਕੈਦ ਤੋਂ ਬਾਅਦ ਰਿਹਾਅ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 9 ਬੰਦੀ ਸਿੰਘਾਂ ਦੇ ਸਿੱਖ ਸੰਘਰਸ਼ ਵਿਚ ਯੋਗਦਾਨ, ਸੰਘਰਸ਼ਮਈ ਜੀਵਨ, ਕੁਰਬਾਨੀ ਅਤੇ ਉਨ੍ਹਾਂ ਦੀ ਜੇਲ੍ਹ ਯਾਤਰਾ ਬਾਰੇ ਜਾਣਕਾਰੀ ਸਬੰਧੀ ਕਿਤਾਬਚੇ ਛਪਵਾ ਕੇ ਵੰਡੇ ਜਾਣਗੇ। ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ ਇਕ ਵੱਡ-ਅਕਾਰੀ ਐੱਲ.ਸੀ.ਡੀ. ਸਕਰੀਨ ਲਗਾ ਕੇ ਵੀ ਬੰਦੀ ਸਿੰਘਾਂ ਦੇ ਜੀਵਨ ਤੇ ਸੰਘਰਸ਼ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਭਾਈ ਗਰੇਵਾਲ ਨੇ ਕਿਹਾ ਕਿ ਇਨ੍ਹਾਂ ਸਿੱਖਾਂ ਦੀ ਰਿਹਾਈ ਲਈ ਕਮੇਟੀ ਵੱਲੋਂ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਦਾ ਦੂਜਾ ਪੜਾਅ ਵੀ ਇਥੋਂ ਹੀ ਸ਼ੁਰੂ ਕੀਤਾ ਜਾਵੇਗਾ। ਇਸ ਦੌਰਾਨ ਪਿੰਡ-ਪਿੰਡ 'ਤੇ ਪਹੁੰਚ ਕੀਤੀ ਜਾਵੇਗੀ ਜੋ ਵਿਸਾਖੀ ਤੱਕ ਚੱਲੇਗਾ। ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਗੁਰਬਾਣੀ ਪ੍ਰਸਾਰਣ ਟੀਵੀ ਚੈਨਲ ਸ਼ੁਰੂ ਕਰਨ ਦੀ ਕਾਰਵਾਈ ਚੱਲ ਰਹੀ ਹੈ ਅਤੇ ਬਹੁਤ ਜਲਦ ਯੂ ਟਿਊਬ ਚੈਨਲ ਸ਼ੁਰੂ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਸਬੰਧੀ ਸਵਾਲਾਂ ਦੇ ਜਵਾਬ ਦਿੰਦਿਆਂ ਸ੍ਰੀ ਗਰੇਵਾਲ ਨੇ ਕਿਹਾ ਕਿ ਇਸ ਵਾਰ ਦਾ ਬਜਟ ਸੰਗਤਾਂ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਕੀਮਤੀ ਸੁਝਾਵਾਂ 'ਤੇ ਪੂਰਾ ਅਮਲ ਵੀ ਕੀਤਾ ਜਾਵੇਗਾ।

## ਬੇਅਦਬੀ ਮਾਮਲਾ: ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸੋਸ਼ਲ ਮੀਡੀਆ 'ਤੇ ਸਰਗਰਮ

**ਅੰਮ੍ਰਿਤਸਰ:** ਬਰਗਾੜੀ ਤੇ ਬਹਿਬਲ ਕਲਾਂ ਵਿਚ ਵਾਪਰੇ ਬੇਅਦਬੀ ਤੇ ਗੋਲੀਕਾਂਡ ਮਾਮਲੇ ਵਿਚ ਆਪਣੀ ਹੀ ਸਰਕਾਰ ਵੱਲੋਂ ਨਜ਼ਰਅੰਦਾਜ਼ ਕੀਤੇ ਜਾਣ ਤੋਂ ਬਾਅਦ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਹੁਣ ਸੋਸ਼ਲ ਮੀਡੀਆ ਦਾ ਸਹਾਰਾ ਲਿਆ ਹੈ। ਉਨ੍ਹਾਂ ਇਸ ਮਾਮਲੇ ਵਿਚ ਪੀੜਤਾਂ ਨੂੰ ਇਨਸਾਫ ਮਿਲਣ ਵਿਚ ਹੋ ਰਹੀ ਦੇਰੀ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਫਰੀਦਕੋਟ ਦੇ ਬਹਿਬਲ ਕਲਾਂ ਇਨਸਾਫ ਮੋਰਚੇ ਦੇ ਮੰਚ ਤੋਂ ਆਪਣੇ ਸੰਬੋਧਨ ਦੇ ਕੁਝ ਅੰਸ਼ਾਂ ਦੀ ਪੁਰਾਣੀ ਵੀਡੀਓ ਕਲਿੱਪ ਆਪਣੇ ਸੋਸ਼ਲ ਮੀਡੀਆ ਪੇਜ 'ਤੇ ਸਾਂਝੀ ਕੀਤੀ ਹੈ। ਉਹ ਲੋਕਾਂ ਨੂੰ ਕਹਿੰਦੇ ਨਜ਼ਰ ਆ ਰਹੇ ਹਨ, "ਜੇ ਕੋਈ ਤੁਹਾਨੂੰ ਬੇਅਦਬੀ ਅਤੇ ਗੋਲੀਕਾਂਡ ਦੀ ਘਟਨਾ ਦਾ ਇਨਸਾਫ ਦਿਵਾਉਣ ਲਈ ਕਹੇ ਤਾਂ ਉਸ 'ਤੇ ਵਿਸ਼ਵਾਸ ਨਾ ਕਰੋ। ਉਹ ਝੂਠ ਬੋਲ ਰਹੇ ਹਨ ਤੇ ਗੁਰੂ ਨਾਲ ਧੋਖਾ ਕਰ ਰਹੇ ਹਨ।"

## ਬਾਦਲ ਪਿਉ-ਪੁੱਤ ਨੇ ਫਾਰਮ ਭਰੇ

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਢੀ ਦਸਤਖ਼ਤ ਮੁਹਿੰਮ ਤਹਿਤ ਪਰਫਾਰਮੇ ਭਰੇ। ਇਸ ਮੌਕੇ ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਬਾਦਲ ਵਿਚ ਰਿਹਾਇਸ਼ 'ਤੇ ਬੰਦੀ ਸਿੰਘਾਂ ਦੀ ਰਿਹਾਈ ਪ੍ਰਤੀ ਲਿਖਤੀ ਤੌਰ 'ਤੇ ਹਾਅ ਦਾ ਨਾਅਰਾ ਮਾਰਿਆ ਅਤੇ ਸਰਕਾਰਾਂ ਨੂੰ ਤੁਰਤ ਕਦਮ ਚੁੱਕਣ ਦੀ ਅਪੀਲ ਕੀਤੀ। ਇਸ ਮਗਰੋਂ ਪਿੰਡ ਬਾਦਲ ਦੇ ਗੁਰਦੁਆਰੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਰਫਾਰਮਾ ਭਰਿਆ। ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਹੋਣ ਵਿਚ ਕੇਂਦਰ ਸਰਕਾਰ ਅਤੇ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ।

## ਡੀ.ਸੀ. ਨੂੰ ਮੰਦਾ ਬੋਲਣ ਸਬੰਧੀ ਕੇਸ 'ਚੋਂ ਵਿਰਸਾ ਸਿੰਘ ਵਲਟੋਹਾ ਬਰੀ



**ਤਰਨ ਤਾਰਨ:** ਵਧੀਕ ਚੀਫ ਜੁਡੀਸ਼ਲ ਮਜਿਸਟ੍ਰੇਟ ਰਾਜੇਸ਼ ਆਹਲੂਵਾਲੀਆ ਦੀ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਕਰੀਬ ਪੰਜ ਸਾਲ ਪਹਿਲਾਂ ਤਤਕਾਲੀ ਡੀ.ਸੀ. ਡੀ.ਪੀ.ਐਸ. ਖਰਬੰਦਾ ਖਿਲਾਫ਼ ਅਪਸ਼ਬਦ ਬੋਲਣ ਸਬੰਧੀ ਦਰਜ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਇਹ ਕੇਸ ਕਾਂਗਰਸ ਆਗੂ ਤੇਜਪ੍ਰੀਤ ਸਿੰਘ ਪੀਟਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ।

ਉਨ੍ਹਾਂ ਦੋਸ਼ ਲਗਾਇਆ ਸੀ ਕਿ ਸ੍ਰੀ ਵਲਟੋਹਾ ਨੇ ਅਕਾਲੀ ਦਲ ਵੱਲੋਂ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਦਿੱਤੇ ਧਰਨੇ ਦੌਰਾਨ ਸ੍ਰੀ ਖਰਬੰਦਾ ਨੂੰ ਅਪਸ਼ਬਦ ਕਹੇ ਸਨ। ਅਦਾਲਤ ਨੇ ਵਿਰਸਾ ਸਿੰਘ ਵਲਟੋਹਾ ਦੇ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਉਨ੍ਹਾਂ ਨੂੰ ਬਰੀ ਕਰਨ ਦਾ ਫੈਸਲਾ ਸੁਣਾਇਆ ਹੈ।

## ਸ੍ਰੀ ਦਰਬਾਰ ਸਾਹਿਬ ਸਮੂਹ 'ਚ ਵਿਦੇਸ਼ੀ ਸੰਗਤ ਲਈ ਸਹਾਇਤਾ ਕੇਂਦਰ ਸਥਾਪਤ

**ਅੰਮ੍ਰਿਤਸਰ:** ਵਿਦੇਸ਼ਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਥੇ ਇਕ ਸਹਾਇਤਾ ਕੇਂਦਰ ਸਥਾਪਤ ਕੀਤਾ ਗਿਆ ਹੈ। ਇਹ ਸਹਾਇਤਾ ਕੇਂਦਰ ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਪ੍ਰਵੇਸ਼ ਦੁਆਰ ਵਾਲੇ ਪਾਸੇ ਬਣਾਇਆ ਗਿਆ ਹੈ।

ਇਸ ਦੀ ਸ਼ੁਰੂਆਤ ਖਾਲਸਾਈ ਰਵਾਇਤ ਮੁਤਾਬਕ ਅਰਦਾਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹੋਰ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਕੀਤੀ ਗਈ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਵੱਡੀ ਗਿਣਤੀ 'ਚ ਸੰਗਤ ਨਤਮਸਤਕ ਹੋਣ ਲਈ ਆਉਂਦੀ ਹੈ, ਜਿਸ ਵਿਚ ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਵੀ ਸ਼ਾਮਲ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਸੰਗਤ ਦੀ ਸਹੂਲਤ ਲਈ ਭਾਵੇਂ ਪਹਿਲਾਂ ਹੀ ਸੂਚਨਾ ਕੇਂਦਰ ਸਥਾਪਤ ਹੈ, ਜਿੱਥੇ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਬਾਰੇ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਪਰ ਹੋਰਨਾਂ ਦੇਸ਼ਾਂ ਦੀ ਸੰਗਤ ਨੂੰ ਭਾਸ਼ਾ ਦੀ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਵਿਦੇਸ਼ਾਂ ਤੋਂ ਆਉਣ



ਵਾਲੀ ਸੰਗਤ ਨੂੰ ਜਾਣਕਾਰੀ ਦੇਣ ਲਈ ਵਿਸ਼ੇਸ਼ ਸਹਾਇਤਾ ਕੇਂਦਰ ਖੋਲ੍ਹਿਆ ਗਿਆ ਹੈ। ਇਹ ਸਹਾਇਤਾ ਕੇਂਦਰ ਵਿਦੇਸ਼ ਤੋਂ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਕੰਮ ਕਰੇਗਾ। ਇਥੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ, ਇਥੇ ਸਥਿਤ ਹੋਰਨਾਂ ਅਸਥਾਨਾਂ, ਲੰਗਰ, ਸਰਾਵਾਂ ਤੇ ਹੋਰ ਲੋੜੀਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## ਆਜ਼ਾਦੀ ਲਈ ਕੁਰਬਾਨੀਆਂ ਦੇਣ 'ਚ ਵੀ ਪੰਜਾਬੀ ਮੋਹਰੀ: ਮਾਨ

**ਬਲਾਚੌਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਵੱਲੋਂ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਦਿਖਾਈ ਬਹਾਦਰੀ ਨੌਜਵਾਨਾਂ ਨੂੰ ਦੇਸ਼ ਸੇਵਾ ਲਈ ਆਪਾ ਵਾਰਨ ਵਾਸਤੇ ਪ੍ਰੇਰਦੀ ਰਹੇਗੀ। ਮੁੱਖ ਮੰਤਰੀ ਬਲਾਚੌਰ ਸਬ-ਡਿਵੀਜ਼ਨ ਦੇ ਪਿੰਡ ਚਾਂਦਪੁਰ ਰੁੜਕੀ ਵਿਚ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੇ ਬੁੱਤ ਤੋਂ ਪਰਦਾ ਹਟਾਉਣ ਮੌਕੇ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮੁੱਖ ਮੰਤਰੀ ਨੇ ਬ੍ਰਿਗੇਡੀਅਰ ਚਾਂਦਪੁਰੀ ਦੇ ਨਾਂ 'ਤੇ ਬਣੇ ਪਾਰਕ ਤੇ ਮਿਊਜ਼ੀਅਮ ਦਾ ਵੀ ਉਦਘਾਟਨ ਕੀਤਾ।



ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ 1971 ਦੀ ਭਾਰਤ-ਪਾਕਿ ਜੰਗ ਦੇ ਨਾਇਕ ਨੇ ਦੇਸ਼ ਦੀ ਜਿੱਤ ਵਿਚ ਅਹਿਮ ਭੂਮਿਕਾ ਨਿਭਾਈ ਸੀ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬੀਆਂ ਨੇ ਆਪਣੇ ਬਲਿਦਾਨ ਨਾਲ ਕੌਮੀ ਸੁਤੰਤਰਤਾ ਅੰਦੋਲਨ ਵਿਚ ਵੱਡਾ ਯੋਗਦਾਨ ਪਾਇਆ। ਪੰਜਾਬੀ ਦੇਸ਼ ਦੀ ਆਜ਼ਾਦੀ ਬਰਕਰਾਰ ਰੱਖਣ ਲਈ ਕੁਰਬਾਨੀਆਂ ਦੇਣ 'ਚ ਵੀ ਮੋਹਰੀ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ 1971 ਵਿਚ ਪਾਕਿਸਤਾਨ ਨੇ ਭਾਰਤ ਵਿਚ ਦਾਖ਼ਲ ਹੋਣ ਲਈ ਲੌਂਗੇਵਾਲਾ ਨੂੰ ਚੁਣਿਆ ਕਿਉਂਕਿ ਉਥੇ ਤਾਇਨਾਤ ਬ੍ਰਿਗੇਡੀਅਰ ਚਾਂਦਪੁਰੀ ਕੋਲ ਸਿਰਫ਼ 120 ਫੌਜੀ ਸਨ। ਹਾਲਾਤ ਭਾਰਤ ਦੇ ਪੱਖ ਵਿੱਚ ਨਾ ਹੋਣ ਦੇ ਬਾਵਜੂਦ ਬ੍ਰਿਗੇਡੀਅਰ ਚਾਂਦਪੁਰੀ ਵੱਲੋਂ ਦਿਖਾਈ ਬਹਾਦਰੀ ਨਾਲ ਦੇਸ਼ ਜਿੱਤ ਦੇ ਰਾਹ ਉੱਤੇ ਪੈ ਸਕਿਆ। ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਸ਼ਹੀਦਾਂ ਵੱਲੋਂ ਦੇਖੇ ਸੁਫਨਿਆਂ ਦਾ ਸਮਾਜ ਸਿਰਜਣ ਲਈ ਸੂਬਾ ਸਰਕਾਰ ਵਚਨਬੱਧ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਇਲਾਕੇ ਦੇ ਕਿਸਾਨਾਂ ਦੀ ਸਹੂਲਤ ਲਈ ਕੰਢੀ ਨਹਿਰ ਨੂੰ ਛੇਤੀ ਹੀ ਚਾਲੂ ਕੀਤਾ ਜਾਵੇਗਾ। ਪਿੰਡ ਵਾਸੀਆਂ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਮੁੱਖ ਮੰਤਰੀ ਨੇ ਡੱਲੇਵਾਲ ਤੋਂ ਚਾਂਦਪੁਰ ਰੁੜਕੀ ਸੜਕ ਨੂੰ 18 ਫੁੱਟ ਚੌੜੀ ਕਰਨ ਦਾ ਐਲਾਨ ਵੀ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਦੀ ਸ਼ਾਨ ਬਹਾਲ ਕਰਨੀ ਯਕੀਨੀ ਬਣਾਏਗੀ।

# ਕੇਂਦਰ ਸਰਕਾਰ ਨੇ ਹਰਵਿੰਦਰ ਰਿੰਦਾ ਨੂੰ ਦਹਿਸ਼ਤਗਰਦ ਐਲਾਨਿਆ

**ਨਵੀਂ ਦਿੱਲੀ:** ਸਰਕਾਰ ਨੇ ਜੰਮੂ ਕਸ਼ਮੀਰ ਗਜ਼ਨਵੀ ਫੋਰਸ (ਜੇ.ਕੇ.ਜੀ.ਐਫ.) 'ਤੇ ਪਾਬੰਦੀ ਲਾ ਦਿੱਤੀ ਹੈ। ਪਾਬੰਦੀ ਅਤਿਵਾਦ ਵਿਰੋਧੀ ਕਾਨੂੰਨ ਦੀਆਂ ਸਖ਼ਤ ਧਾਰਾਵਾਂ ਤਹਿਤ ਲਾਈ ਗਈ ਹੈ। ਲਸ਼ਕਰ-ਏ-ਤਇਬਾ ਤੇ ਜੈਸ਼-ਏ-ਮੁਹੰਮਦ ਜਿਹੀਆਂ ਦਹਿਸ਼ਤੀ ਜਥੇਬੰਦੀਆਂ ਦੇ ਕੇਡਰਾਂ ਵਿਚੋਂ ਹੀ ਜੇ.ਕੇ.ਜੀ.ਐਫ. ਦਾ ਗਠਨ ਕੀਤਾ ਗਿਆ ਸੀ। ਇਸ ਦੇ ਨਾਲ ਹੀ ਇਕ ਵੱਖਰੇ ਨੋਟੀਫਿਕੇਸ਼ਨ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਵਸਨੀਕ ਹਰਵਿੰਦਰ ਸਿੰਘ ਸੰਧੂ ਉਰਫ ਰਿੰਦਾ ਨੂੰ ਦਹਿਸ਼ਤਗਰਦ ਐਲਾਨ ਦਿੱਤਾ ਹੈ।

ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਜੇ.ਕੇ.ਜੀ.ਐੱਫ. ਦੀ ਘੁਸਪੈਠ ਦੀਆਂ ਕੋਸ਼ਿਸ਼ਾਂ, ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ, ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਦਹਿਸ਼ਤੀ ਹਮਲਿਆਂ ਵਿਚ ਸ਼ਮੂਲੀਅਤ ਸੀ ਤੇ ਜਥੇਬੰਦੀ ਸੁਰੱਖਿਆ ਬਲਾਂ ਲਈ ਵੱਡੀ ਵੰਗਾਰ ਸੀ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਜੇ.ਕੇ.ਜੀ.ਐਫ. ਨੇ ਆਪਣੇ ਸੰਗਠਨ ਵਿਚ ਲਸ਼ਕਰ-ਏ-ਤਇਬਾ, ਜੈਸ਼-ਏ-ਮੁਹੰਮਦ, ਤਹਿਰੀਕ-ਉਲ-ਮੁਜਾਹਿਦੀਨ, ਹਰਕਤ-ਉਲ-ਜੇਹਾਦ-ਏ-ਇਸਲਾਮੀ ਤੇ ਹੋਰਨਾਂ ਜਥੇਬੰਦੀਆਂ ਤੋਂ ਆਏ ਮੈਂਬਰਾਂ ਨੂੰ ਥਾਂ ਦਿੱਤੀ ਸੀ। ਉਧਰ, ਸੰਧੂ ਉਰਫ ਰਿੰਦਾ, ਜੋ ਪੰਜਾਬ ਨਾਲ ਸਬੰਧਤ ਹੈ ਤੇ ਇਸ ਵੇਲੇ ਲਾਹੌਰ ਵਿਚ ਹੈ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਜੁੜਿਆ ਹੋਇਆ ਹੈ। ਮੰਤਰਾਲੇ ਨੇ ਰਿੰਦਾ ਨੂੰ ਦਹਿਸ਼ਤਗਰਦ ਐਲਾਨਿਆ ਹੈ। ਰਿੰਦਾ, ਸਾਲ 2021 ਵਿੱਚ ਪੰਜਾਬ ਪੁਲਿਸ ਦੇ ਮੁਹਾਲੀ ਸਥਿਤ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਰਾਕੇਟ ਹਮਲੇ ਦੇ ਮੁੱਖ ਸਾਜ਼ਿਸ਼ਘਾੜਿਆਂ ਵਿਚੋਂ ਇਕ ਹੈ। ਇੰਟਰਪੋਲ ਉਸ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਪਹਿਲਾਂ ਹੀ ਜਾਰੀ ਕਰ ਚੁੱਕਾ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਜੇ.ਕੇ.ਜੀ.ਐਫ. ਜੰਮੂ ਕਸ਼ਮੀਰ ਦੇ ਲੋਕਾਂ ਨੂੰ ਭਾਰਤ ਖ਼ਿਲਾਫ਼ ਦਹਿਸ਼ਤੀ ਸੰਗਠਨਾਂ 'ਚ ਸ਼ਾਮਲ ਹੋਣ ਲਈ ਉਕਸਾਉਣ ਵਾਸਤੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰ ਰਿਹਾ ਹੈ। ਮੰਤਰਾਲੇ





ਨੇ ਕਿਹਾ ਕਿ ਦਹਿਸ਼ਤੀ ਜਥੇਬੰਦੀ ਦੇਸ਼ ਦੀ ਪ੍ਰਭੂਸੱਤਾ ਤੇ ਕੌਮੀ ਸੁਰੱਖਿਆ ਲਈ ਘਾਤਕ ਹੈ ਤੇ ਕਈ ਦਹਿਸ਼ਤੀ ਸਰਗਰਮੀਆਂ 'ਚ ਸ਼ਾਮਲ ਹੈ। ਨੋਟੀਫਿਕੇਸ਼ਨ ਮੁਤਾਬਕ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਜੇ.ਕੇ.ਜੀ.ਐਫ. ਨੂੰ ਦਹਿਸ਼ਤੀ ਸੰਗਠਨ ਐਲਾਨਿਆ ਗਿਆ ਹੈ। ਇਹ ਪਾਬੰਦੀ ਜੇ.ਕੇ.ਜੀ.ਐਫ. ਤੇ ਇਸ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ 'ਤੇ ਲਾਗੂ ਹੋਵੇਗੀ। ਜੇ.ਕੇ.ਜੀ.ਐੱਫ. 43ਵਾਂ ਸਮੂਹ ਹੈ, ਜਿਸ ਨੂੰ ਅਤਿਵਾਦ ਵਿਰੋਧੀ ਕਾਨੂੰਨ ਤਹਿਤ ਗੈਰਕਾਨੂੰਨੀ ਐਲਾਨਿਆ ਗਿਆ ਹੈ।

ਗ੍ਰਹਿ ਮੰਤਰਾਲੇ ਨੇ ਕਿਹਾ ਕਿ ਹਰਵਿੰਦਰ ਸਿੰਘ ਸੰਧੂ ਪਾਕਿਸਤਾਨ ਅਧਾਰਿਤ ਦਹਿਸ਼ਤੀ ਸਮੂਹਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਸੀ ਤੇ ਉਹ ਸਰਹੱਦ ਪਾਰੋਂ ਹੁੰਦੀ ਹਥਿਆਰਾਂ, ਗੋਲੀਸਿੱਕੇ ਤੇ ਫੌਜੀ ਸਾਜੋ-ਸਮਾਨ ਦੀ ਤਸਕਰੀ ਵਿਚ ਸ਼ਾਮਲ ਸੀ। ਸਿੰਘ 54ਵਾਂ ਵਿਅਕਤੀ ਵਿਸ਼ੇਸ਼ ਹੈ, ਜਿਸ ਨੂੰ ਸਰਕਾਰ ਨੇ ਦਹਿਸ਼ਤਗਰਦ ਮਨੋਨੀਤ ਕੀਤਾ ਹੈ। ਕੇਂਦਰ ਸਰਕਾਰ ਨੇ ਪਿਛਲੇ ਮਹੀਨੇ ਲਸ਼ਕਰ-ਏ-ਤਇਬਾ ਤੇ ਜੈਸ਼-ਏ-ਮੁਹੰਮਦ ਦੀਆਂ ਦੋ ਪ੍ਰਤੀਨਿਧ ਜਥੇਬੰਦੀਆਂ 'ਤੇ ਪਾਬੰਦੀ ਲਾਉਣ ਤੋਂ ਇਲਾਵਾ ਚਾਰ ਜਣਿਆਂ ਨੂੰ ਦਹਿਸ਼ਤਗਰਦ ਵਜੋਂ ਨਾਮਜ਼ਦ ਕੀਤਾ ਸੀ।

# ਅਕਾਲੀ ਦਲ ਨੇ ਮਾਈਨਿੰਗ ਦੇ ਮਸਲੇ ਉਤੇ 'ਆਪ' ਸਰਕਾਰ ਘੇਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਵਿਚ ਬਾਹਰੋਂ ਰੇਤਾ ਤੇ ਬਜਰੀ ਲਿਆਉਣ ਵਾਲੇ ਵਾਹਨਾਂ ਤੋਂ ਲਈ ਜਾਂਦੀ ਰਾਇਲਟੀ ਸਬੰਧੀ 400 ਕਰੋੜ ਰੁਪਏ ਦਾ ਘਪਲਾ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਨਾਲ ਸਬੰਧਤ ਦੋ ਖਣਨ ਠੇਕੇਦਾਰਾਂ ਦੇ ਠੇਕੇ ਰੱਦ ਹੋਣ ਤੋਂ ਇਕ ਮਹੀਨੇ ਅੰਦਰ ਹੀ ਨਵਿਆ ਦਿੱਤੇ।

ਅਕਾਲੀ ਆਗੂ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਇਕੱਠੇ ਕੀਤੇ ਜਾ ਰਹੇ ਫੰਡ ਸਰਕਾਰੀ ਖ਼ਜ਼ਾਨੇ ਵਿਚ ਜਾਣ ਦੀ ਥਾਂ ਸਿੱਧਾ ਆਮ ਆਦਮੀ ਪਾਰਟੀ ਕੋਲ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਗੁਆਂਢੀ ਰਾਜਾਂ ਤੋਂ ਰੋਜ਼ਾਨਾ 2000 ਤੋਂ ਵੱਧ ਟਰੱਕ ਰੇਤਾ ਤੇ ਬਜਰੀ ਲਿਆਉਂਦੇ ਹਨ। ਇਨ੍ਹਾਂ ਤੋਂ ਪ੍ਰਾਪਤ ਹੋ ਰਹੀ ਰਾਇਲਟੀ ਦਾ ਅੱਧਾ ਪੈਸਾ 'ਆਪ' ਖੁਰਦ-ਬੁਰਦ ਕਰ ਰਹੀ ਹੈ। ਮਜੀਠੀਆ ਨੇ ਕਿਹਾ ਕਿ ਰਾਕੇਸ਼ ਚੌਧਰੀ ਨਾਂ ਦੇ ਠੇਕੇਦਾਰ ਦਾ ਮੁਹਾਲੀ ਅਤੇ ਰੋਪੜ ਜ਼ਿਲ੍ਹਿਆਂ ਵਿਚ ਰੇਤ ਮਾਈਨਿੰਗ ਦਾ ਠੇਕਾ ਪਿਛਲੇ ਸਾਲ 21 ਦਸੰਬਰ ਨੂੰ ਰੱਦ ਕੀਤਾ ਗਿਆ ਸੀ ਤੇ 'ਆਪ' ਸਰਕਾਰ ਨੇ ਇਸ ਸਾਲ 27 ਜਨਵਰੀ ਨੂੰ ਮੁੜ ਇਹ ਠੇਕਾ ਨਵਿਆ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਉਦੋਂ ਕੀਤਾ ਗਿਆ, ਜਦੋਂ ਚੌਧਰੀ ਖ਼ਿਲਾਫ਼ ਰੋਪੜ ਜ਼ਿਲ੍ਹੇ ਵਿਚ ਚਾਰ ਪੁਲਿਸ ਕੇਸ ਦਰਜ ਹਨ। ਮਜੀਠੀਆ ਨੇ ਦੱਸਿਆ ਕਿ ਦੂਜਾ ਠੇਕੇਦਾਰ ਅਸ਼ੋਕ ਚੰਡਕ ਕਾਂਗਰਸ ਹਾਈ ਕਮਾਂਡ ਦੇ ਬਹੁਤ ਨੇੜੇ ਹੈ ਤੇ ਉਸ ਦਾ ਠੇਕਾ ਵੀ ਪਿਛਲੇ ਸਾਲ 21 ਦਸੰਬਰ ਨੂੰ ਰੱਦ ਕਰਨ ਮਗਰੋਂ ਇਸ ਸਾਲ 31 ਜਨਵਰੀ ਨੂੰ ਨਵਿਆਇਆ ਗਿਆ ਹੈ।

ਮਜੀਠੀਆ ਨੇ ਰੇਤੇ ਦੇ ਨਾਜਾਇਜ਼ ਖਣਨ ਮਾਮਲੇ ਵਿਚ 'ਆਪ' ਸਰਕਾਰ ਨੂੰ ਘੇਰਦਿਆਂ ਦੋਸ਼ ਲਾਇਆ ਕਿ ਸਰਕਾਰ ਨੇ ਨਾਜਾਇਜ਼ ਖਣਨ ਮਾਮਲੇ ਵਿਚ ਰਾਕੇਸ਼ ਚੌਧਰੀ ਅਤੇ ਅਸ਼ੋਕ ਚੰਡਕ ਖ਼ਿਲਾਫ਼ ਨਰਮ ਰੁਖ ਅਖ਼ਤਿਆਰ ਕਰ ਲਿਆ ਹੈ। ਮਜੀਠੀਆ ਨੇ ਖਣਨ ਮਾਫੀਆ ਬਾਰੇ ਮੁੱਖ ਮੰਤਰੀ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਸ਼ਾਮਲ ਰਾਕੇਸ਼ ਚੌਧਰੀ ਨੇ ਅਦਾਲਤ ਵਿਚ ਮੰਨਿਆ ਹੈ ਕਿ ਉਹ ਖਣਨ ਠੇਕੇਦਾਰ ਵਜੋਂ ਕੰਮ ਬੰਦ ਕਰਨਾ ਚਾਹੁੰਦਾ ਸੀ ਪਰ ਸਰਕਾਰ ਨੇ ਕੰਮ ਜਾਰੀ ਰਹਿਣ 'ਤੇ ਜ਼ੋਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਨੇ ਇਨ੍ਹਾਂ ਦੋਵਾਂ ਨਾਲ ਕਥਿਤ 'ਸਮਝੌਤਾ' ਕੀਤਾ, ਜਿਸ ਮਗਰੋਂ ਉਨ੍ਹਾਂ ਖ਼ਿਲਾਫ਼ ਰੁਖ ਬਦਲ ਗਿਆ ਹੈ। ਇਸ ਮਾਮਲੇ ਵਿਚ ਉਨ੍ਹਾਂ 'ਆਪ' ਆਗੂ ਰਾਘਵ ਚੱਢਾ ਦੇ ਬਿਆਨ ਨੂੰ ਪੇਸ਼ ਕੀਤਾ ਜਿਨ੍ਹਾਂ ਰੋਪੜ ਵਿਚ ਖਣਨ ਵਾਲੇ ਠਿਕਾਣਿਆਂ 'ਤੇ ਛਾਪਾ ਮਾਰ ਕੇ ਚੌਧਰੀ 'ਤੇ ਨਿਯਮਾਂ ਦੀ ਉਲੰਘਣਾ ਕਰ ਕੇ ਰੇਤਾ ਕੱਢਣ ਦੇ ਦੋਸ਼ ਲਗਾਏ ਸਨ।



## ਮਾਈਨਿੰਗ ਮਾਫੀਆ ਖ਼ਿਲਾਫ਼ 84 ਕੇਸ ਦਰਜ: ਆਪ

'ਆਪ' ਦੇ ਬੁਲਾਰੇ ਨੀਲ ਗਰਗ ਨੇ ਬਿਕਰਮ ਸਿੰਘ ਮਜੀਠੀਆ ਵੱਲੋਂ ਲਗਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਕਿ 'ਆਪ' ਸਰਕਾਰ ਮਾਫੀਆ ਖ਼ਿਲਾਫ਼ ਪਿਛਲੀਆਂ ਸਰਕਾਰਾਂ ਨਾਲੋਂ ਕਿਤੇ ਜ਼ਿਆਦਾ ਸਖ਼ਤ ਹੈ। ਇਸੇ ਦਾ ਨਤੀਜਾ ਹੈ ਕਿ ਹੁਣ ਤੱਕ ਸਰਕਾਰ ਵੱਲੋਂ ਮਾਈਨਿੰਗ ਮਾਫੀਆ ਖ਼ਿਲਾਫ਼ 84 ਐਫ.ਆਈ.ਆਰ. ਦਰਜ ਕੀਤੀ ਜਾ ਚੁੱਕੀਆਂ ਹਨ। ਸ੍ਰੀ ਗਰਗ ਨੇ 'ਆਪ' ਸਰਕਾਰ ਦੌਰਾਨ ਸੂਬੇ 'ਚ ਮਾਈਨਿੰਗ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਰਾਕੇਸ਼ ਚੌਧਰੀ ਨੂੰ ਮਾਈਨਿੰਗ ਦਾ ਠੇਕਾ ਪਿਛਲੀਆਂ ਸਰਕਾਰਾਂ ਵੱਲੋਂ ਦਿੱਤਾ ਗਿਆ ਸੀ। 'ਆਪ' ਨੇ ਸੱਤਾ 'ਚ ਆਉਣ ਦੇ ਤੁਰਤ ਬਾਅਦ ਉਹ ਠੇਕਾ ਰੱਦ ਕਰ ਦਿੱਤਾ ਸੀ।

## ਪਿਛਲੀਆਂ ਲੁੱਟਾਂ ਦਾ ਪਰਦਾਫਾਸ਼ ਕਰ ਰਹੇ ਹਾਂ: ਕੰਗ

**ਚੰਡੀਗੜ੍ਹ:** ਕਾਂਗਰਸੀ, ਭਾਜਪਾ ਤੇ ਅਕਾਲੀ ਆਗੂਆਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ 'ਆਪ' ਸਰਕਾਰ ਦੇ ਬੁਲਾਰੇ ਮਲਵਿੰਦਰ ਕੰਗ ਨੇ ਕਿਹਾ ਕਿ ਤਿੰਨੇ ਪਾਰਟੀਆਂ ਮਿਲ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਰੋਕਣ ਦਾ ਯਤਨ ਕਰ ਰਹੀਆਂ ਹਨ। ਮਾਨ ਸਰਕਾਰ ਨਾ ਸਿਰਫ ਲੋਕ ਭਲਾਈ ਦੇ ਕੰਮ ਕਰ ਰਹੀ ਹੈ, ਸਗੋਂ ਉਹ ਰਵਾਇਤੀ ਪਾਰਟੀਆਂ ਵੱਲੋਂ ਦਹਾਕਿਆਂ ਤੱਕ ਕੀਤੀ ਗਈ ਆਮ ਲੋਕਾਂ ਦੀ ਲੁੱਟ-ਖਸੁੱਟ ਤੋਂ ਪਰਦਾ ਵੀ ਹਟਾ ਰਹੀ ਹੈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੇ ਬਿਆਨਾਂ ਬਾਰੇ ਸ੍ਰੀ ਕੰਗ ਨੇ ਕਿਹਾ ਕਿ ਉਹ ਭਾਜਪਾ ਦੀ ਬੋਲੀ ਬੋਲ ਕੇ ਆਪਣਾ ਪੰਜਾਬ ਵਿਰੋਧੀ ਪੱਖ ਪੇਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਕਾਂਗਰਸ ਦੇ ਕੌਮੀ ਲੀਡਰ ਦੇਸ਼ ਜੋੜਨ, ਰਾਜਾਂ ਦੇ ਅਧਿਕਾਰ ਵਧਾਉਣ ਅਤੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਦੀਆਂ ਗੱਲਾਂ ਕਰਦੇ ਹਨ ਤੇ ਦੂਜੇ ਪਾਸੇ ਪ੍ਰਤਾਪ ਸਿੰਘ ਬਾਜਵਾ ਰਾਜਪਾਲ ਦਾ ਪੱਖ ਪੂਰ ਰਹੇ ਹਨ।

## ਨਾਜਾਇਜ਼ ਮਾਈਨਿੰਗ ਤੋਂ ਰੋਕਣ 'ਤੇ ਕਿਸਾਨ ਦੀ ਹੱਤਿਆ

**ਲਾਲੜੂ:** ਪਿੰਡ ਹੰਡੇਸਰਾ ਵਿਚ ਨਾਜਾਇਜ਼ ਮਾਈਨਿੰਗ ਕਰ ਰਹੇ ਵਿਅਕਤੀਆਂ ਨੇ ਕਥਿਤ ਤੌਰ 'ਤੇ ਇਕ ਕਿਸਾਨ 'ਤੇ ਟਰੈਕਟਰ ਟਰਾਲੀ ਚੜ੍ਹਾ ਦਿੱਤੀ, ਜਿਸ ਕਾਰਨ ਕਿਸਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੁਰਚਰਨ ਸਿੰਘ (60) ਵਾਸੀ ਪਿੰਡ ਬੜਾਣਾ ਵਜੋਂ ਹੋਈ ਹੈ। ਇਸ ਸਬੰਧੀ ਏ.ਐਸ.ਪੀ. ਡੇਰਾਬੱਸੀ ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਮ੍ਰਿਤਕ ਦੇ ਪੁੱਤਰ ਭੁਪਿੰਦਰ ਸਿੰਘ ਨੇ ਪੁਲਿਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਸਵੇਰੇ ਕਰੀਬ 3.50 ਵਜੇ ਕਿਸੇ ਟਰੈਕਟਰ ਦੀ ਆਵਾਜ਼ ਆਉਣ 'ਤੇ ਜਦੋਂ ਉਸ ਦੇ ਪਿਤਾ ਨੇ ਬਾਹਰ ਜਾ ਕੇ ਵੇਖਿਆ ਤਾਂ ਕੁਝ ਲੋਕ ਸ਼ਾਮਲਾਟ ਜ਼ਮੀਨ 'ਚੋਂ ਨਾਜਾਇਜ਼ ਤੌਰ 'ਤੇ ਮਿੱਟੀ ਕੱਢ ਰਹੇ ਸਨ। ਗੁਰਚਰਨ ਸਿੰਘ ਨੇ ਜਦੋਂ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਕਤ ਵਿਅਕਤੀਆਂ ਨੇ ਬਹਿਸ ਸ਼ੁਰੂ ਕਰ ਦਿੱਤੀ ਤੇ ਉਸ ਦੇ ਪਿਤਾ 'ਤੇ ਟਰੈਕਟਰ ਟਰਾਲੀ ਚੜ੍ਹਾ ਦਿੱਤੀ।

# ਸੰਵਿਧਾਨਕ ਤੇ ਵਿੱਤੀ ਸੰਕਟ ਵੱਲ ਵਧ ਰਿਹੈ ਪੰਜਾਬ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਪੰਜਾਬ ਵਿਚ ਸੰਵਿਧਾਨਕ ਅਤੇ ਵਿੱਤੀ ਸੰਕਟ ਵਧ ਰਿਹਾ ਹੈ ਅਤੇ ਪੰਜਾਬ ਸਰਕਾਰ ਕੋਲ ਇਸ ਵੇਲੇ ਜ਼ਹਿਰ ਖਾਣ ਲਈ ਵੀ ਪੈਸੇ ਨਹੀਂ ਹਨ। ਉਨ੍ਹਾਂ ਨੇ ਕਿਹਾ ਕਿ ਪਾਵਰਕੌਮ ਨੇ ਬੈਂਕਾਂ ਤੋਂ 500 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ ਤਾਂ ਜੋ ਮੁਲਾਜ਼ਮਾਂ ਨੂੰ ਤਨਖਾਹ ਦਿੱਤੀ ਜਾ ਸਕੇ।



ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਆਪਣੀ ਸਰਕਾਰ ਵੱਲ ਧਿਆਨ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੁਣ ਤੱਕ 40 ਹਜ਼ਾਰ ਕਰੋੜ ਦਾ ਕਰਜ਼ਾ ਲੈ ਚੁੱਕੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਇੱਥੇ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਕਿ ਜੇ ਮੁੱਖ ਮੰਤਰੀ ਭਗਵੰਤ ਪੰਜਾਬ ਦੇ ਰਾਜਪਾਲ ਨੂੰ ਸੰਵਿਧਾਨਕ ਮੁਖੀ ਨਹੀਂ ਮੰਨਦੇ ਹਨ ਤਾਂ ਬਜਟ ਸੈਸ਼ਨ ਕਿਵੇਂ ਬੁਲਾਉਣਗੇ। ਉਸ ਰਾਜਪਾਲ ਨੇ ਹੀ ਮੁੱਖ ਮੰਤਰੀ ਨੂੰ ਸਹੁੰ ਚੁਕਾਈ ਸੀ। ਸੰਵਿਧਾਨ ਅਨੁਸਾਰ ਮੁੱਖ ਮੰਤਰੀ ਨੂੰ ਰਾਜਪਾਲ ਵੱਲੋਂ ਮੰਗੀ ਗਈ ਜਾਣਕਾਰੀ ਦੇਣੀ ਚਾਹੀਦੀ ਸੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੱਸਣ ਕਿ ਜੇ ਰਾਜਪਾਲ ਸੈਸ਼ਨ ਨਹੀਂ ਬੁਲਾਉਣਗੇ ਤਾਂ ਕੀ ਕੇਜਰੀਵਾਲ ਸੈਸ਼ਨ ਬੁਲਾਏਗਾ। ਮੁੱਖ ਮੰਤਰੀ ਵੱਲੋਂ ਟੋਲ ਪਲਾਜ਼ਾ ਬੰਦ ਕਰਵਾਉਣ ਵੇਲੇ ਲਾਏ ਇਲਜ਼ਾਮਾਂ ਦਾ ਜਵਾਬ ਦਿੰਦਿਆਂ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਬਿਨਾਂ ਕੋਈ ਹੋਮ ਵਰਕ ਕੀਤੇ ਬਿਆਨਬਾਜ਼ੀ ਕੀਤੀ ਹੈ, ਜਦੋਂਕਿ ਉਹ ਟੋਲ ਪਲਾਜ਼ੇ ਲਈ ਜ਼ਿੰਮੇਵਾਰ ਨਹੀਂ ਹਨ। ਬਾਜਵਾ ਨੇ ਦੋਸ਼ ਲਾਏ ਕਿ ਜ਼ੀਰਾ ਸ਼ਰਾਬ ਫੈਕਟਰੀ ਦੇ ਪ੍ਰਬੰਧਕਾਂ ਨਾਲ ਵੀ ਆਮ ਆਦਮੀ ਪਾਰਟੀ ਦੀ ਸੈਟਿੰਗ ਚੱਲ ਰਹੀ ਹੈ।

# ਸਿੱਖ ਵਿਧਵਾ ਨੇ ਪਤੀ ਦੀ ਜਾਇਦਾਦ 'ਚੋਂ ਹਿੱਸੇ ਦੀ ਲੜਾਈ ਜਿੱਤੀ

**ਲੰਡਨ:** ਬਰਤਾਨੀਆ ਵਿਚ ਰਹਿੰਦੀ ਇਕ 83 ਸਾਲਾ ਸਿੱਖ ਵਿਧਵਾ ਨੇ ਪਤੀ ਦੀ ਦਸ ਲੱਖ ਪੌਂਡ ਤੋਂ ਵੱਧ ਦੀ ਜਾਇਦਾਦ ਵਿਚੋਂ ਲਗਭਗ ਅੱਧਾ ਹਿੱਸਾ ਹਾਸਲ ਕਰਨ ਦੀ ਕਾਨੂੰਨੀ ਲੜਾਈ ਹਾਈ ਕੋਰਟ ਵਿਚ ਜਿੱਤ ਲਈ ਹੈ। 'ਦਿ ਗਾਰਡੀਅਨ' ਅਖ਼ਬਾਰ ਦੀ ਖ਼ਬਰ ਮੁਤਾਬਕ ਕਰਨੈਲ ਸਿੰਘ, ਜਿਸ ਦੀ 2021 ਵਿਚ ਮੌਤ ਹੋ ਗਈ ਸੀ, ਨੇ ਵਸੀਅਤ ਵਿਚ ਆਪਣੀ ਪਤਨੀ ਹਰਬੰਸ ਕੌਰ ਅਤੇ ਚਾਰ ਧੀਆਂ ਨੂੰ ਕੁਝ ਵੀ ਨਹੀਂ ਦਿੱਤਾ ਸੀ ਅਤੇ ਸਾਰੀ ਜਾਇਦਾਦ ਆਪਣੇ ਦੋ ਪੁੱਤਰਾਂ ਦੇ ਹਵਾਲੇ ਕਰ ਦਿੱਤੀ ਸੀ। ਹਰਬੰਸ ਕੌਰ, ਜਿਸ ਦਾ ਵਿਆਹ ਕਰਨੈਲ ਸਿੰਘ ਨਾਲ 1955 ਵਿਚ ਹੋਇਆ ਸੀ, ਨੇ ਅਦਾਲਤ ਨੂੰ ਦੱਸਿਆ ਸੀ ਕਿ ਜਾਇਦਾਦ ਦੀ ਅੰਦਾਜ਼ਨ ਕੀਮਤ 19 ਲੱਖ ਪੌਂਡ ਹੋ ਸਕਦੀ ਹੈ ਪਰ ਉਸ ਦੇ ਇਕ ਪੁੱਤਰ ਨੇ ਇਸ ਦੀ ਕੀਮਤ 12 ਲੱਖ ਪੌਂਡ ਦੱਸੀ ਸੀ। ਲੰਡਨ ਹਾਈ ਕੋਰਟ ਦੀ ਫੈਮਿਲੀ ਡਿਵੀਜ਼ਨ ਵਿਚ ਕੇਸ ਦੀ ਸੁਣਵਾਈ ਕਰਦਿਆਂ ਜਸਟਿਸ ਰੌਬਰਟ ਪੀਲ ਨੇ ਕਿਹਾ ਕਿ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਹਰਬੰਸ ਕੌਰ ਨੇ ਵਿਆਹ ਅਤੇ ਪਰਿਵਾਰ ਦੇ ਕੱਪੜਿਆਂ ਦੇ ਕਾਰੋਬਾਰ ਵਿਚ ਪੂਰਾ ਯੋਗਦਾਨ ਪਾਇਆ ਪਰ ਵਸੀਅਤ ਵਿਚ ਵਿਧਵਾ ਲਈ 'ਵਾਜਬ ਪ੍ਰਬੰਧ' ਨਹੀਂ ਕੀਤਾ ਗਿਆ। ਜੱਜ ਨੇ ਫੈਸਲਾ ਸੁਣਾਉਂਦਿਆਂ ਕਿਹਾ, "66 ਸਾਲਾਂ ਤੱਕ ਕਰਨੈਲ ਸਿੰਘ ਦੀ ਜੀਵਨ ਸਾਥਣ ਰਹੀ ਹਰਬੰਸ ਕੌਰ ਨੂੰ ਜਾਇਦਾਦ ਦੀ ਕੁਲ ਕੀਮਤ ਦਾ 50 ਫੀਸਦ ਹਿੱਸਾ ਮਿਲਣਾ ਚਾਹੀਦਾ ਹੈ।"



## ਮਾਣਹਾਨੀ ਕੇਸ 'ਚ ਹਰਪਾਲ ਚੀਮਾ ਨੇ ਪੇਸ਼ੀ ਭੁਗਤੀ



**ਮੋਗਾ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਥੇ ਚੀਫ ਜੁਡੀਸ਼ਲ ਮੈਜਿਸਟਰੇਟ ਪ੍ਰੀਤੀ ਸੁਖੀਜਾ ਦੀ ਅਦਾਲਤ ਵਿਚ ਸਥਾਨਕ ਸਾਬਕਾ ਕਾਂਗਰਸ ਵਿਧਾਇਕ ਡਾ. ਹਰਜੋਤ ਕਮਲ ਵੱਲੋਂ ਦਾਇਰ ਮਾਣਹਾਨੀ ਦੇ ਇਕ ਕੇਸ ਵਿਚ ਪੇਸ਼ੀ ਭੁਗਤੀ। ਚੀਮਾ ਵੱਲੋਂ ਅਦਾਲਤ ਵਿਚ ਕੇਸ ਦੀ ਪੈਰਵੀ ਲਈ ਐਡਵੋਕੇਟ ਨਿਰਪਾਲ ਸਿੰਘ ਧਾਲੀਵਾਲ, ਐਡਵੋਕੇਟ ਰਵਿੰਦਰਪਾਲ ਸਿੰਘ ਰੱਤੀਆਂ ਅਤੇ ਐਡਵੋਕੇਟ ਬਰਿੰਦਰਪਾਲ ਸਿੰਘ ਰੱਤੀਆਂ ਪੇਸ਼ ਹੋਏ। ਦੂਜੇ ਪਾਸੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਵੀ ਆਪਣੇ ਵਕੀਲ ਨਾਲ ਅਦਾਲਤ ਵਿਚ ਹਾਜ਼ਰ ਸਨ। ਕੇਸ ਦੇ ਗਵਾਹ ਅਦਾਲਤ ਵਿਚ ਹਾਜ਼ਰ ਨਾ ਹੋਣ ਕਾਰਨ ਅਦਾਲਤ ਨੇ ਗਵਾਹੀ ਲਈ ਅਗਲੀ ਸੁਣਵਾਈ 4 ਮਾਰਚ ਨਿਸ਼ਚਿਤ ਕੀਤੀ ਹੈ।

# ਕੇਂਦਰ ਨੂੰ ਪੰਜਾਬ ਵਿਚ ਫੰਡਾਂ 'ਚ ਘਪਲੇ ਦਾ ਸ਼ੱਕ, ਜਾਂਚ ਕਰਵਾਉਣ ਦੀ ਤਿਆਰੀ

**ਜਲੰਧਰ:** ਸੰਸਦੀ ਮਾਮਲਿਆਂ ਤੇ ਸੱਭਿਆਚਾਰ ਬਾਰੇ ਕੇਂਦਰੀ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਚੱਲ ਰਹੇ ਵਿਵਾਦ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਦੀ ਨਿਖੇਧੀ ਕੀਤੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਰਾਜਪਾਲ ਨੂੰ ਮੁੱਖ ਮੰਤਰੀ ਤੋਂ ਸਵਾਲ ਪੁੱਛਣ ਦਾ ਅਧਿਕਾਰ ਹੈ ਅਤੇ ਸੰਵਿਧਾਨ ਮੁਤਾਬਕ ਮੁੱਖ ਮੰਤਰੀ ਉਨ੍ਹਾਂ ਨੂੰ ਜਵਾਬਦੇਹ ਹਨ।



ਮੰਤਰੀ ਨੇ ਇਹ ਵੀ ਕਿਹਾ ਕਿ ਵੱਖ-ਵੱਖ ਸਕੀਮਾਂ ਲਈ ਕੇਂਦਰ ਵੱਲੋਂ ਭੇਜੇ ਫੰਡਾਂ ਸਬੰਧੀ ਸ਼ਿਕਾਇਤਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਦੀ ਜਾਂਚ ਕੀਤੀ ਜਾਵੇਗੀ। ਕੇਂਦਰ ਵੱਲੋਂ ਵੱਖ-ਵੱਖ ਸਕੀਮਾਂ ਲਈ ਭੇਜੀਆਂ ਗਈਆਂ ਰਕਮਾਂ ਪੰਚਾਇਤ ਜਾਂ ਲੋੜੀਂਦੀਆਂ ਸੰਸਥਾਵਾਂ ਦੇ ਖਾਤੇ ਵਿਚ ਜਾਣੀਆਂ ਚਾਹੀਦੀਆਂ ਹਨ। ਕੇਂਦਰੀ ਮੰਤਰੀ ਸ੍ਰੀ ਮੇਘਵਾਲ ਨੇ ਇਹ ਟਿੱਪਣੀ ਲੋਕ ਸਭਾ ਪਰਵਾਸ ਯੋਜਨਾ ਦੇ ਹਿੱਸੇ ਵਜੋਂ ਜਲੰਧਰ ਦੇ ਇਕ ਰੋਜ਼ਾ ਦੌਰੇ ਦੌਰਾਨ ਕੀਤੀ, ਜਿਸ ਲਈ ਵੱਖ-ਵੱਖ ਕੇਂਦਰੀ ਮੰਤਰੀਆਂ ਨੂੰ ਵੱਖ-ਵੱਖ ਸੀਟਾਂ ਦਾ ਚਾਰਜ ਦਿੱਤਾ ਗਿਆ ਹੈ। ਸ੍ਰੀ ਮੇਘਵਾਲ ਇਨ੍ਹਾਂ ਸੀਟਾਂ 'ਤੇ ਸਮੁੱਚੇ ਵਿਕਾਸ ਦੀ ਨਿਗਰਾਨੀ ਕਰਨ ਲਈ 2024 ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੀਆਂ ਜਲੰਧਰ, ਗੁਰਦਾਸਪੁਰ, ਅੰਮ੍ਰਿਤਸਰ ਲੋਕ ਸਭਾ ਸੀਟਾਂ (ਜੰਮੂ-ਕਸ਼ਮੀਰ ਵਿਚ ਅਨੰਤਨਾਗ ਵੀ) ਲਈ ਇੰਚਾਰਜ ਹੋਣਗੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਨਾਲ ਡੇਰਾ ਸੱਚਖੰਡ ਬੱਲਾਂ ਵਿਖੇ ਮੁਲਾਕਾਤ ਕੀਤੀ। ਉਨ੍ਹਾਂ ਕੇਂਦਰੀ ਸਕੀਮਾਂ ਨੂੰ ਲਾਗੂ ਕਰਨ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਸਰਪੰਚਾਂ, ਬਲਾਕ ਤੇ ਪੰਚਾਇਤ ਨੁਮਾਇੰਦਿਆਂ ਨਾਲ ਰਸਮੀ ਗੱਲਬਾਤ ਕੀਤੀ ਤੇ ਮੁੱਖ ਅਧਿਕਾਰੀਆਂ ਨਾਲ ਡੀ.ਸੀ. ਦਫ਼ਤਰ ਵਿਚ ਮੀਟਿੰਗ ਵੀ ਕੀਤੀ। ਕੇਂਦਰੀ ਮੰਤਰੀ ਨੇ ਕਿਹਾ ਕਿ ਇਸ ਗੱਲ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਪੰਜਾਬ ਸਰਕਾਰ ਕਿਸ ਖੇਤਰ ਵਿਚ ਫੰਡਾਂ ਨੂੰ ਇਸਤੇਮਾਲ ਕਰਨ ਵਿਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ੇਅਰ ਕਰਨ ਯੋਗ ਸਕੀਮਾਂ ਦੇ ਮਾਮਲੇ ਵਿਚ ਭਾਰਤ ਸਰਕਾਰ ਰਾਜਾਂ ਨੂੰ ਪੈਸੇ ਖਰਚਣ ਬਾਰੇ ਪੁੱਛਣ ਦੀ ਹੱਕਦਾਰ ਹੈ।

ਉਧਰ, ਭਾਰਤੀ ਜਨਤਾ ਪਾਰਟੀ ਦੇ ਸੂਬਾਈ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਜੋ 400 ਨਵੇਂ ਮੁਹੱਲਾ ਕਲੀਨਿਕ ਖੋਲ੍ਹਣ ਦਾ ਉਹ ਦਾਅਵਾ ਕਰ ਰਹੇ ਹਨ, ਉਸ ਵਿਚੋਂ ਕੋਈ ਇਕ ਵੀ ਅਜਿਹਾ ਆਮ ਆਦਮੀ ਕਲੀਨਿਕ ਦੱਸ ਦਿਓ, ਜਿਸ 'ਤੇ ਪੰਜਾਬ ਸਰਕਾਰ ਨੇ ਆਪਣਾ ਪੈਸਾ ਖਰਚ ਕੀਤਾ ਹੋਵੇ ਅਤੇ ਉਸ ਦੀ ਉਸਾਰੀ ਕਿਸੇ ਨਵੀਂ ਥਾਂ 'ਤੇ ਹੋਈ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਪੈਸੇ ਦੀ ਦੁਰਵਰਤੋਂ ਕਰਕੇ ਆਪਣੀ ਵਾਹ-ਵਾਹ ਖੱਟ ਰਹੀ ਹੈ।

ਪੰਜਾਬ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਲਈ ਨਵੇਂ ਡਾਕਟਰਾਂ ਤੇ ਸਹਾਇਕ ਸਟਾਫ ਦੀ ਕੋਈ ਨਵੀਂ ਭਰਤੀ ਵੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੁੱਢਲੇ ਸਿਹਤ ਕੇਂਦਰ ਤੇ ਸਰਕਾਰੀ ਹਸਪਤਾਲਾਂ ਦੇ ਡਾਕਟਰਾਂ ਤੇ ਸਟਾਫ ਨੂੰ ਹੀ ਇਨ੍ਹਾਂ ਆਮ ਆਦਮੀ ਕਲੀਨਿਕਾਂ ਦੀਆਂ ਸੇਵਾਵਾਂ ਵਿਚ ਲਗਾਇਆ ਜਾ ਰਿਹਾ ਹੈ ਜਿਸ ਕਰਕੇ ਓ.ਪੀ.ਡੀ. ਅਤੇ ਐਮਰਜੈਂਸੀ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ।

## 'ਆਪ' ਸਰਕਾਰ ਨੇ ਕੇਂਦਰੀ ਫੰਡ ਆਮ ਆਦਮੀ ਕਲੀਨਿਕਾਂ 'ਤੇ ਖਰਚੇ: ਸ਼ਰਮਾ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੂਬਾਈ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੋਸ਼ ਲਾਇਆ ਹੈ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਆਮ ਆਦਮੀ ਕਲੀਨਿਕ ਖੋਲ੍ਹਣ ਦੇ ਨਾਮ 'ਤੇ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਕਰੋੜਾਂ ਰੁਪਏ ਖੁਰਦ-ਬੁਰਦ ਕਰਨ 'ਚ ਲੱਗੀ ਹੋਈ ਹੈ। ਕੇਂਦਰ ਸਰਕਾਰ ਪ੍ਰਾਇਮਰੀ ਹੈਲਥ ਸੈਂਟਰਾਂ ਨੂੰ ਹੋਰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਨੈਸ਼ਨਲ ਹੈਲਥ ਮਿਸ਼ਨ ਤਹਿਤ ਕੇਂਦਰੀ ਖ਼ਜ਼ਾਨੇ ਵਿਚੋਂ ਅਰਬਾਂ ਰੁਪਏ ਦੇ ਫੰਡ ਦੇ ਰਹੀ ਹੈ। ਇਸ ਮਿਸ਼ਨ ਤਹਿਤ ਪੰਜਾਬ ਨੂੰ ਇਸ ਸਾਲ ਕੇਂਦਰ ਸਰਕਾਰ ਵੱਲੋਂ 438 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ। ਇਸ ਪੈਸੇ ਨੂੰ ਪੰਜਾਬ ਸਰਕਾਰ ਆਮ ਆਦਮੀ ਕਲੀਨਿਕ 'ਤੇ ਖਰਚ ਰਹੀ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰ ਨੇ ਹੁਣ ਪੰਜਾਬ ਨੂੰ ਫਸਲੀ ਖਰੀਦ ਦੇ ਖਰਚੇ ਦੇਣ ਤੋਂ ਹੱਥ ਘੁੱਟਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਨਵਾਂ ਫੈਸਲਾ ਲੈ ਕੇ ਪਹਿਲਾਂ ਹੀ ਵਿੱਤੀ ਸੰਕਟ ਨਾਲ ਜੂਝ ਰਹੇ ਪੰਜਾਬ ਨੂੰ ਹੁਣ ਫਸਲੀ ਖਰੀਦ ਦੇ ਖਰਚੇ ਦੇਣ ਤੋਂ ਹੱਥ ਘੁੱਟ ਲਿਆ ਹੈ, ਜਿਸ ਨਾਲ ਸੂਬੇ ਨੂੰ ਕਰੀਬ 3200 ਕਰੋੜ ਰੁਪਏ ਸਾਲਾਨਾ ਦਾ ਵਿੱਤੀ ਨੁਕਸਾਨ ਝੱਲਣਾ ਪਵੇਗਾ।

ਕੇਂਦਰ ਸਰਕਾਰ ਨੇ ਝੋਨੇ ਦੀ ਖਰੀਦ 'ਤੇ ਦਿੱਤੇ ਜਾਣ ਵਾਲੇ ਢਾਈ ਫੀਸਦੀ ਪ੍ਰਬੰਧਕੀ ਖਰਚੇ ਘਟਾ ਕੇ ਇਕ ਫੀਸਦੀ ਕਰ ਦਿੱਤੇ ਹਨ। ਪ੍ਰਬੰਧਕੀ ਖਰਚੇ 'ਤੇ ਕੱਟ ਲੱਗਣ ਨਾਲ ਪੰਜਾਬ ਨੂੰ ਸਿੱਧੀ 577 ਕਰੋੜ ਰੁਪਏ ਦੀ ਵਿੱਤ ਸੱਟ ਲੱਗੇਗੀ। ਇਸ ਕੇਂਦਰੀ ਫੈਸਲੇ ਖ਼ਿਲਾਫ਼ ਪੰਜਾਬ 'ਚ ਹੁਣ ਸਿਆਸੀ ਮਾਹੌਲ ਭਖਣ ਦੇ ਆਸਾਰ ਬਣ ਗਏ ਹਨ। ਕੇਂਦਰੀ ਖ਼ੁਰਾਕ ਤੇ ਸਪਲਾਈ ਮੰਤਰੀ ਪਿਊਸ਼ ਗੋਇਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਭੇਜ ਕੇ ਇਸ ਨਵੇਂ ਫੈਸਲੇ ਤੋਂ ਜਾਣੂ ਕਰਾ ਦਿੱਤਾ ਹੈ। ਅੱਗੇ ਕਣਕ ਦੀ ਫਸਲ ਦੀ ਖ਼ਰੀਦ ਸਿਰ 'ਤੇ ਹੈ ਅਤੇ ਇਸ ਮੌਕੇ ਆਇਆ ਇਹ ਪੱਤਰ ਸੂਬਾਈ ਸਰਕਾਰ 'ਤੇ ਬਿਜਲੀ ਵਾਂਗ ਡਿੱਗਾ ਹੈ। ਕੇਂਦਰ ਸਰਕਾਰ ਨੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਅਤੇ ਮਾਰਕੀਟ ਫੀਸ ਵਜੋਂ ਫਸਲੀ ਖਰੀਦ 'ਤੇ ਮਿਲਦੇ ਛੇ ਫੀਸਦੀ ਖ਼ਰਚੇ ਵੀ ਘਟਾ ਕੇ ਦੋ ਫੀਸਦੀ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ ਹੈ। ਇਸ ਕੇਂਦਰੀ ਇਸ਼ਾਰੇ ਨਾਲ ਪੰਜਾਬ ਨੂੰ ਸਾਲਾਨਾ ਕਰੀਬ 2640 ਕਰੋੜ ਰੁਪਏ ਦਾ ਝਟਕਾ ਲੱਗੇਗਾ ਕਿਉਂਕਿ ਪੰਜਾਬ ਵਿਚ ਸਾਲਾਨਾ ਕਰੀਬ 66 ਹਜ਼ਾਰ ਕਰੋੜ ਰੁਪਏ ਦੀ ਫਸਲ ਖ਼ਰੀਦ ਹੁੰਦੀ ਹੈ ਜਿਸ ਤੋਂ ਪੰਜਾਬ ਨੂੰ ਦਿਹਾਤੀ ਵਿਕਾਸ ਫ਼ੰਡ ਅਤੇ ਮਾਰਕੀਟ ਫ਼ੀਸ ਵਜੋਂ ਸਾਲਾਨਾ ਕਰੀਬ 4000 ਕਰੋੜ ਰੁਪਏ ਮਿਲਦੇ ਸਨ। ਨਵੇਂ ਪੱਤਰ ਮਗਰੋਂ ਇਹ ਫ਼ੰਡ ਹੁਣ 1320 ਕਰੋੜ ਰੁਪਏ ਸਾਲਾਨਾ ਰਹਿ ਜਾਣੇ ਹਨ। ਇਵੇਂ ਹੀ ਪਿਛਲੇ ਵਰ੍ਹੇ 38,500 ਕਰੋੜ ਰੁਪਏ ਦੀ ਝੋਨੇ ਦੀ ਫ਼ਸਲ ਦੀ ਖ਼ਰੀਦ ਹੋਈ ਸੀ ਅਤੇ ਇਕੱਲੀ ਝੋਨੇ ਦੀ ਫ਼ਸਲ 'ਤੇ ਢਾਈ ਫ਼ੀਸਦੀ ਪ੍ਰਬੰਧਕੀ ਖ਼ਰਚੇ ਮਿਲਦੇ ਰਹੇ ਹਨ। ਹੁਣ ਪ੍ਰਬੰਧਕੀ ਖ਼ਰਚੇ ਇੱਕ ਫ਼ੀਸਦੀ ਕੀਤੇ ਜਾਣ ਨਾਲ ਸੂਬੇ ਨੂੰ 577 ਕਰੋੜ ਰੁਪਏ ਸਾਲਾਨਾ ਦਾ ਨੁਕਸਾਨ ਹੋਵੇਗਾ। ਇਸ ਤਰ੍ਹਾਂ ਪੰਜਾਬ ਨੂੰ ਸਾਲਾਨਾ ਕੁੱਲ 3217 ਕਰੋੜ ਰੁਪਏ ਦਾ ਮਾਲੀ ਨੁਕਸਾਨ ਝੱਲਣਾ ਪਵੇਗਾ।

## ਅਕਾਲੀ ਦਲ ਨਾਲ ਸਮਝੌਤਾ ਨਹੀਂ ਕਰਾਂਗੇ: ਅਸ਼ਵਨੀ

**ਜਲੰਧਰ:** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚ ਭਾਜਪਾ ਹੁਣ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤਾ ਨਹੀਂ ਕਰੇਗੀ ਕਿਉਂਕਿ ਭਾਜਪਾ ਕਈ ਵਾਰ ਅਕਾਲੀ ਦਲ ਦੇ ਧੋਖੇ ਦਾ ਸ਼ਿਕਾਰ ਹੋ ਚੁੱਕੀ ਹੈ। ਉਹ ਇਥੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਬਸਪਾ ਆਗੂਆਂ ਨੂੰ ਭਾਜਪਾ ਵਿਚ ਸ਼ਾਮਲ ਕਰਵਾਉਣ ਮੌਕੇ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਦਾਅਵਾ ਕੀਤਾ ਕਿ ਜਲੰਧਰ ਦੀ ਜ਼ਿਮਨੀ ਚੋਣ ਭਾਜਪਾ ਜਿੱਤੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭਾਜਪਾ ਦੇ ਪਰਿਵਾਰ 'ਚ ਲਗਾਤਾਰ ਹੋ ਰਹੇ ਵਾਧੇ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਪੰਜਾਬੀ ਭਾਜਪਾ ਦੀ ਸੋਚ ਨੂੰ ਸਮਰਥਨ ਦੇ ਰਹੇ ਹਨ। ਉਨ੍ਹਾਂ ਕਿਹਾ ਪੰਜਾਬ ਦੇ ਲੋਕ ਭਾਜਪਾ ਦੀ ਸੋਚ ਸਮਝ ਗਏ ਹਨ ਕਿ ਦੇਸ਼ ਦਾ ਵਿਕਾਸ ਸਿਰਫ ਭਾਜਪਾ ਹੀ ਕਰ ਸਕਦੀ ਹੈ। ਉਨ੍ਹਾਂ ਕਿਹਾ ਸਿਆਸੀ ਪਾਰਟੀਆਂ ਦੇ ਆਗੂ ਹੁਣ ਲਗਾਤਾਰ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ।

## ਬੇਅਦਬੀ ਕਾਂਡ: ਪੰਜਾਬ ਤੋਂ ਬਾਹਰ ਕੇਸ ਤਬਦੀਲ ਕਰਨ ਬਾਰੇ ਸੁਣਵਾਈ 28 ਨੂੰ

**ਫ਼ਰੀਦਕੋਟ:** ਬੇਅਦਬੀ ਕਾਂਡ ਨਾਲ ਜੁੜੇ ਫ਼ਰੀਦਕੋਟ ਜ਼ਿਲ੍ਹੇ ਦੇ ਤਿੰਨ ਕੇਸਾਂ ਨੂੰ ਪੰਜਾਬ ਤੋਂ ਬਾਹਰ ਕਿਸੇ ਹੋਰ ਸੂਬੇ ਵਿਚ ਬਦਲਣ ਵਾਲੀ ਪਟੀਸ਼ਨ 'ਤੇ ਸੁਪਰੀਮ ਕੋਰਟ 28 ਫਰਵਰੀ ਨੂੰ ਸੁਣਵਾਈ ਕਰੇਗੀ। ਸੁਪਰੀਮ ਕੋਰਟ ਦੇ ਬੈਂਚ ਨੇ ਆਪਣੇ ਰਜਿਸਟਰਾਰ ਨੂੰ ਆਦੇਸ਼ ਦਿੱਤੇ ਹਨ ਕਿ ਡੇਰਾ ਪ੍ਰੇਮੀਆਂ ਦੇ ਕੇਸ ਤਬਦੀਲ ਕਰਨ ਵਾਲੀ ਪਟੀਸ਼ਨ ਨੂੰ ਸੂਚੀ ਵਿਚ ਪਹਿਲੇ ਪੰਜਾਂ ਕੇਸਾਂ ਵਿਚ ਰੱਖਿਆ ਜਾਵੇ ਤਾਂ ਜੋ 28 ਫਰਵਰੀ ਨੂੰ ਕੇਸ ਦੀ ਸੁਣਵਾਈ ਯਕੀਨੀ ਹੋ ਸਕੇ। ਦੱਸਣਯੋਗ ਹੈ ਕਿ ਪੰਜ ਡੇਰਾ ਪ੍ਰੇਮੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਤਿੰਨ ਕੇਸਾਂ ਨੂੰ ਪੰਜਾਬ ਦੀ ਥਾਂ ਕਿਸੇ ਹੋਰ ਸੂਬੇ ਵਿਚ ਬਦਲਣ ਦੀ ਮੰਗ ਕੀਤੀ ਹੈ। ਡੇਰਾ ਪ੍ਰੇਮੀਆਂ ਵੱਲੋਂ ਦਾਖਲ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਤਿੰਨ ਮਾਮਲਿਆਂ ਵਿਚ ਡੇਰਾ ਮੁਖੀ ਸਣੇ 11 ਪ੍ਰੇਮੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ ਅਤੇ ਇਨ੍ਹਾਂ ਵਿੱਚੋਂ ਦੋ ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ, ਜਿਸ ਕਰਕੇ ਉਹ ਪੰਜਾਬ ਵਿਚ ਆਪਣੇ ਕੇਸਾਂ ਦੀ ਪੈਰਵੀ ਆਜ਼ਾਦ ਤਰੀਕੇ ਨਾਲ ਨਹੀਂ ਕਰ ਸਕਦੇ। ਸੁਪਰੀਮ ਕੋਰਟ ਵਿਚ ਇਸ ਮਾਮਲੇ ਉੱਪਰ ਹੁਣ ਤੱਕ ਤਿੰਨ ਵਾਰ ਤਰੀਕਾਂ ਪੈ ਚੁੱਕੀਆਂ ਹਨ। ਡੇਰਾ ਪ੍ਰੇਮੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਕੇਸ ਪੰਜਾਬ ਤੋਂ ਬਾਹਰਲੀ ਅਦਾਲਤ ਵਿਚ ਤਬਦੀਲ ਕੀਤੇ ਜਾਣ। ਹਾਲਾਂਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਕਿਹਾ ਹੈ ਕਿ ਜਿਹੜੇ ਡੇਰਾ ਪ੍ਰੇਮੀ ਬੇਅਦਬੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਹਨ, ਉਨ੍ਹਾਂ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ।

## ਬੁੱਢੇ ਦਰਿਆ ਦੀ ਪੁਰਾਣੀ ਦਿੱਖ ਬਹਾਲ ਕਰਨ ਦਾ ਵਾਅਦਾ

**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਢੇ ਨਾਲੇ ਦੀ ਸਫਾਈ ਲਈ ਸ਼ਹਿਰ ਦੇ ਹਲਕਾ ਪੂਰਬੀ ਵਿਚ 315.50 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਸੂਬੇ ਦੇ ਸਭ ਤੋਂ ਵੱਡੇ ਸੀਵਰੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ.) ਸਣੇ ਕਈ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਸ ਦੌਰਾਨ ਉਨ੍ਹਾਂ ਲੁਧਿਆਣਾ ਵਾਸੀਆਂ ਨਾਲ ਵਾਅਦਾ ਕੀਤਾ ਕਿ ਉਹ ਛੇਤੀ ਹੀ ਬੁੱਢੇ ਨਾਲੇ ਨੂੰ ਮੁੜ ਬੁੱਢਾ ਦਰਿਆ ਬਣਾਉਣਗੇ, ਜਿਸ ਨਾਲ ਲੋਕਾਂ ਨੂੰ ਦੂਸ਼ਿਤ ਪਾਣੀ ਤੇ ਗੰਭੀਰ ਬਿਮਾਰੀਆਂ ਤੋਂ ਰਾਹਤ ਮਿਲੇਗੀ। ਇਥੇ ਸੀਵਰੇਜ ਟਰੀਟਮੈਂਟ ਪਲਾਂਟ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਪ੍ਰਦੂਸ਼ਿਤ ਹੋ ਚੁੱਕੇ ਬੁੱਢੇ ਨਾਲੇ 'ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਦੂਸ਼ਿਤ ਹੋ ਚੁੱਕਾ ਇਹ ਨਾਲਾ ਪਿਛਲੀਆਂ ਸਰਕਾਰਾਂ ਦੀ ਲਾਪਰਵਾਹੀ ਦਾ ਨਤੀਜਾ ਹੈ ਜਿਸ ਦਾ ਖਮਿਆਜ਼ਾ ਲੋਕ ਭੁਗਤ ਰਹੇ ਹਨ। ਉਨ੍ਹਾਂ ਕਿਹਾ ਕਿ 225 ਐਮ.ਐਲ.ਡੀ. ਦੀ ਸਮਰੱਥਾ ਵਾਲਾ ਨਵਾਂ ਸੀਵਰੇਜ ਟਰੀਟਮੈਂਟ ਪਲਾਂਟ ਸ਼ਹਿਰ ਵਿਚ ਬੁੱਢੇ ਨਾਲੇ ਦੀ ਸਫਾਈ 'ਚ ਲਾਹੇਵੰਦ ਸਾਬਤ ਹੋਵੇਗਾ।

ਇਸ ਨਾਲੇ ਦਾ 14 ਕਿਲੋਮੀਟਰ ਹਿੱਸਾ ਸ਼ਹਿਰ 'ਚੋਂ ਲੰਘਦਾ ਹੈ, ਜਿਸ ਦੀ ਮੁਕੰਮਲ ਸਫਾਈ ਲਈ ਵਿਸਥਾਰਤ ਯੋਜਨਾ ਉਲੀਕੀ ਗਈ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਹੋਰਨਾਂ ਪ੍ਰੋਜੈਕਟ 'ਤੇ ਅਮਰੁਤ ਤੇ ਸਮਾਰਟ ਸਿਟੀ ਯੋਜਨਾ ਤਹਿਤ 650 ਕਰੋੜ ਖਰਚੇ ਜਾਣੇ ਹਨ।

## ਆਟੇ ਦੀਆਂ ਕੀਮਤਾਂ ਡੇਗਣ ਲਈ ਚਾਰਾਜੋਈ

**ਨਵੀਂ ਦਿੱਲੀ:** ਕੇਂਦਰ ਸਰਕਾਰ ਕਣਕ ਤੇ ਆਟੇ ਦੀਆਂ ਕੀਮਤਾਂ ਨੂੰ ਹੇਠਾਂ ਲਿਆਉਣ ਲਈ 20 ਲੱਖ ਟਨ ਵਾਧੂ ਕਣਕ ਖੁੱਲ੍ਹੀ ਮੰਡੀ ਵਿਚ ਵੇਚੇਗੀ। 25 ਜਨਵਰੀ ਨੂੰ ਕੇਂਦਰ ਨੇ ਕਣਕ ਤੇ ਕਣਕ ਦੇ ਆਟੇ ਦੀਆਂ ਕੀਮਤਾਂ ਵਿਚ ਵਾਧੇ ਨੂੰ ਰੋਕਣ ਲਈ ਆਪਣੇ ਬਫਰ ਸਟਾਕ ਤੋਂ 30 ਲੱਖ ਟਨ ਕਣਕ ਖੁੱਲ੍ਹੇ ਬਾਜ਼ਾਰ ਵਿਚ ਵੇਚਣ ਦਾ ਐਲਾਨ ਕੀਤਾ ਸੀ। ਅਧਿਕਾਰਤ ਬਿਆਨ ਅਨੁਸਾਰ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਰਕਾਰੀ ਮਾਲਕੀ ਵਾਲੀ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਓਪਨ ਮਾਰਕੀਟ ਸੇਲ ਸਕੀਮ (ਓ.ਐਮ.ਐਸ.ਐਸ.) ਦੇ ਤਹਿਤ ਖੁੱਲ੍ਹੀ ਮੰਡੀ ਵਿਚ 20 ਲੱਖ ਟਨ ਕਣਕ ਦੀ ਵਾਧੂ ਮਾਤਰਾ ਨੂੰ ਉਤਾਰੇਗੀ। ਇਹ ਸਟਾਕ ਈ-ਨਿਲਾਮੀ ਰਾਹੀਂ ਆਟਾ ਮਿੱਲਾਂ/ਨਿੱਜੀ ਵਪਾਰੀਆਂ/ਕਣਕ ਉਤਪਾਦਾਂ ਦੇ ਥੋਕ ਖਰੀਦਦਾਰਾਂ ਨੂੰ ਵੇਚਿਆ ਜਾਵੇਗਾ।

## ਪੰਜਾਬ ਸਣੇ 8 ਸੂਬਿਆਂ 'ਚ ਗੈਂਗਸਟਰਾਂ 'ਤੇ ਛਾਪੇ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਦੇਸ ਭਰ ਵਿਚ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਨੀਰਜ ਬਵਾਨਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ 70 ਤੋਂ ਵੱਧ ਟਿਕਾਣਿਆਂ ਉਤੇ ਛਾਪੇਮਾਰੀ ਕੀਤੀ। ਇਹ ਛਾਪੇਮਾਰੀ ਪੰਜਾਬ, ਦਿੱਲੀ-ਐਨ.ਸੀ.ਆਰ, ਰਾਜਸਥਾਨ, ਹਰਿਆਣਾ, ਮੱਧ ਪ੍ਰਦੇਸ਼, ਗੁਜਰਾਤ, ਚੰਡੀਗੜ੍ਹ ਤੇ ਉਤਰ ਪ੍ਰਦੇਸ਼ ਵਿਚ ਕੀਤੀ ਗਈ। ਛਾਪੇ ਸਵੇਰੇ ਸ਼ੁਰੂ ਹੋਏ। ਸਵੇਰੇ ਤਕਰੀਬਨ ਸਾਢੇ ਪੰਜ ਵਜੇ ਦਿੱਲੀ ਤੋਂ ਆਈ ਐਨ.ਆਈ.ਏ. ਦੀ ਟੀਮ ਵੱਲੋਂ ਏ ਕੈਟਾਗਰੀ ਦੇ ਗੈਂਗਸਟਰ ਰੰਮੀ ਮਛਾਣਾ ਦੇ ਘਰ ਛਾਪਾ ਮਾਰਿਆ। ਐਨ.ਆਈ.ਏ. ਦੀ ਤਿੰਨ ਮੈਂਬਰੀ ਟੀਮ ਵੱਲੋਂ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਰੰਮੀ ਮਛਾਣਾ ਦੇ ਘਰ ਦੀ ਤਲਾਸ਼ੀ ਲਈ ਗਈ। ਇਸ ਤਰ੍ਹਾਂ ਪਿੰਡ ਰੋੜਾਂਵਾਲੀ ਵਿਚ ਗੁਰਮੀਤ ਸਿੰਘ ਦੇ ਘਰ ਛਾਪੇਮਾਰੀ ਕੀਤੀ। ਗੁਰਮੀਤ ਦੇ ਘਰ ਵਿਚ ਛਾਪੇਮਾਰੀ ਬਾਅਦ ਟੀਮ ਉਸ ਨੂੰ ਪੁੱਛਗਿੱਛ ਲਈ ਥਾਣਾ ਲੰਬੀ ਗਈ। ਇਸੇ ਤਰ੍ਹਾਂ ਜ਼ਿਲ੍ਹਾ ਸਿਰਸਾ ਵਿਚ ਐਨ.ਆਈ.ਏ. ਦੀਆਂ ਵੱਖ-ਵੱਖ ਟੀਮਾਂ ਨੇ ਸਵੇਰੇ ਕਾਲਾਂਵਾਲੀ, ਤੱਖਤਮਲ ਤੇ ਡੱਬਵਾਲੀ ਦੇ ਕਈ ਕਾਰੋਬਾਰੀਆਂ ਦੇ ਨਿਵਾਸ ਤੇ ਹੋਰ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਇਸ ਛਾਪੇਮਾਰੀ ਨੂੰ ਗੈਂਗਸਟਰ ਅਤਿਵਾਦ ਫੰਡਿੰਗ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।

## ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਗਲੇ ਮਹੀਨੇ ਭਾਰਤ ਆਉਣਗੇ

**ਨਵੀਂ ਦਿੱਲੀ:** ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ ਅਗਲੇ ਮਹੀਨੇ ਭਾਰਤ ਦਾ ਦੌਰਾ ਕਰਨਗੇ। ਉਨ੍ਹਾਂ ਦੀ ਫੇਰੀ ਦਾ ਮਕਸਦ ਵਪਾਰ, ਨਿਵੇਸ਼ ਅਤੇ ਖਣਿਜਾਂ ਸਮੇਤ ਕਈ ਖੇਤਰਾਂ ਵਿਚ ਦੁਵੱਲੀ ਸ਼ਮੂਲੀਅਤ ਨੂੰ ਹੁਲਾਰਾ ਦੇਣਾ ਹੈ। ਸੂਤਰਾਂ ਨੇ ਦੱਸਿਆ ਕਿ ਐਲਬਨੀਜ਼ ਦੇ ਅੱਠ ਮਾਰਚ ਦੇ ਨੇੜੇ-ਤੇੜੇ ਭਾਰਤ ਆਉਣ ਦੀ ਸੰਭਾਵਨਾ ਹੈ। ਉਹ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਹਿਮਦਾਬਾਦ ਵਿਚ ਭਾਰਤ ਤੇ ਆਸਟਰੇਲੀਆ ਵਿਚਾਲੇ ਹੋਣ ਵਾਲਾ ਚੌਥਾ ਕ੍ਰਿਕਟ ਮੈਚ ਦੇਖਣਗੇ। ਜ਼ਿਕਰਯੋਗ ਹੈ ਕਿ ਇਹ ਮੈਚ 9 ਤੋਂ 13 ਮਾਰਚ ਤੱਕ ਕਰਵਾਏ ਜਾਣਗੇ।

## ਹਰਿਆਣਾ ਦੇ ਗੁਰਦੁਆਰਿਆਂ ਵਿਚ ਟਕਰਾਅ ਵਧਿਆ

*(ਪਹਿਲੇ ਸਫੇ ਦੀ ਬਾਕੀ)*

ਅਗਲੇਰੀ ਕਾਰਵਾਈ ਲਈ ਅਪੀਲ ਕੀਤੀ ਜਾਵੇਗੀ। ਅੰਤ੍ਰਿੰਗ ਕਮੇਟੀ ਨੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਚ ਕਬਜ਼ੇ ਲਈ ਕੀਤੀ ਗਈ ਧੱਕੇਸ਼ਾਹੀ ਤੇ ਸਿੱਖ ਮਰਿਆਦਾ ਦੀ ਉਲੰਘਣਾ ਦਾ ਸਖ਼ਤ ਨੋਟਿਸ ਲੈਂਦਿਆਂ ਹਰਿਆਣਾ ਸਰਕਾਰ ਨੂੰ ਗੁਰਦੁਆਰਾ ਪ੍ਰਬੰਧਾਂ 'ਚ ਦਖ਼ਲ ਬੰਦ ਕਰਨ ਦੀ ਤਾੜਨਾ ਕੀਤੀ ਹੈ। ਹਰਿਆਣਾ ਕਮੇਟੀ ਦੇ ਆਗੂਆਂ ਦੀ ਇਸ ਕਾਰਵਾਈ ਦੀ ਸ਼੍ਰੋਮਣੀ ਕਮੇਟੀ ਨੇ ਸਖਤ ਨਿਖੇਧੀ ਕੀਤੀ ਹੈ। ਹਰਜਿੰਦਰ ਸਿੰਘ ਧਾਮੀ ਨੇ ਆਖਿਆ ਹੈ ਕਿ ਸ਼੍ਰੋਮਣੀ ਕਮੇਟੀ ਸਿੱਖ ਗੁਰਦੁਆਰਾ ਐਕਟ-1925 ਤਹਿਤ ਗੁਰਦੁਆਰਿਆਂ ਦਾ ਪ੍ਰਬੰਧ ਕਰ ਰਹੀ ਹੈ, ਜਦਕਿ ਹਰਿਆਣਾ ਸਰਕਾਰ ਧੱਕੇ ਨਾਲ ਗੁਰਦੁਆਰਾ ਪ੍ਰਬੰਧਾਂ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੀ ਹੈ। ਹਰਿਆਣਾ ਸਰਕਾਰ ਵੱਲੋਂ ਪੁਲਿਸ ਪ੍ਰਸ਼ਾਸਨ ਜਰੀਏ ਧੱਕੇ ਨਾਲ ਗੁਰਦੁਆਰਿਆਂ ਦੇ ਪ੍ਰਬੰਧ ਹਥਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸਰਕਾਰ ਦੀ ਇਹ ਧੱਕੇਸ਼ਾਹੀ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਯਾਦ ਰਹੇ ਕਿ ਹਰਿਆਣਾ ਦੇ ਸਿੱਖਾਂ ਵੱਲੋਂ ਸੂਬੇ ਦੀ ਵੱਖਰੀ ਕਮੇਟੀ ਦੀ ਮੰਗ ਪਿਛਲੇ ਕਈ ਦਹਾਕਿਆਂ ਤੋਂ ਕੀਤੀ ਜਾ ਰਹੀ ਸੀ। ਹਰਿਆਣਾ ਦੇ ਕਈ ਸਿੱਖ ਆਗੂਆਂ ਦਾ ਇਲਜ਼ਾਮ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਦੇ ਸਿੱਖਾਂ ਨਾਲ ਭੇਤਭਾਵ ਕਰਦੀ ਹੈ। ਸੂਬੇ ਦੇ ਸਿੱਖਾਂ ਦੀ ਮੰਗ ਨੂੰ ਲੈ ਕੇ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਹਰਿਆਣਾ ਦੀ ਵੱਖਰੀ ਕਮੇਟੀ ਕਾਇਮ ਕਰਨ ਲਈ ਕੈਬਨਿਟ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਅਤੇ ਰਣਦੀਪ ਸਿੰਘ ਸੂਰਜੇਵਾਲਾ ਦੀ ਅਗਵਾਈ ਵਿਚ ਦੋ ਕਮੇਟੀਆਂ ਦਾ ਗਠਨ ਕੀਤਾ ਸੀ। ਇਨ੍ਹਾਂ ਕਮੇਟੀਆਂ ਨੇ ਹਰਿਆਣਾ ਦੇ ਸਿੱਖਾਂ ਨਾਲ ਬੈਠਕਾਂ ਕਰਨ ਤੋਂ ਬਾਅਦ ਸੂਬੇ ਦੀ ਵੱਖਰੀ ਕਮੇਟੀ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਜਿਸ ਤੋਂ ਬਾਅਦ ਹਰਿਆਣਾ ਵਿਧਾਨ ਸਭਾ ਨੇ ਇਸ ਬਾਬਤ ਇਕ ਬਿੱਲ ਪਾਸ ਕੀਤਾ। 26 ਜੁਲਾਈ 2014 ਨੂੰ ਹੋਂਦ ਵਿਚ ਆਈ ਹਰਿਆਣਾ ਗੁਰਦੁਆਰਾ ਕਮੇਟੀ ਹੋਂਦ ਵਿਚ ਆਈ ਅਤੇ ਜਗਦੀਸ਼ ਸਿੰਘ ਝੀਂਡਾ ਇਸ ਦੇ ਪਹਿਲੇ ਪ੍ਰਧਾਨ ਬਣੇ ਸਨ। ਹਰਿਆਣਾ ਦੀ ਵੱਖਰੀ ਕਮੇਟੀ ਬਣਾਏ ਜਾਣ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਅਦਾਲਤ ਦਾ ਰੁਖ ਕੀਤਾ ਤੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਕ) ਐਕਟ 2014 ਨੂੰ ਚੁਣੌਤੀ ਦਿੱਤੀ, ਜਿਸ ਦੀ ਲੰਬੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਫੈਸਲਾ ਹਰਿਆਣਾ ਦੇ ਸਿੱਖ ਆਗੂਆਂ ਦੇ ਹੱਕ ਵਿਚ ਸੁਣਾਇਆ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਸੂਬੇ ਦੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮੰਤਰੀਆਂ-ਵਿਧਾਇਕਾਂ 'ਤੇ ਹੀ ਭਾਰੂ ਪੈਣ ਲੱਗੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਛੇੜੀ ਮੁਹਿੰਮ ਆਮ ਆਦਮੀ ਪਾਰਟੀ ਦੇ ਆਪਣੇ ਵਿਧਾਇਕਾਂ ਤੇ ਮੰਤਰੀਆਂ ਉਤੇ ਹੀ ਭਾਰੀ ਪੈਣ ਲਗੀ ਹੈ। ਦੋ ਕੈਬਨਿਟ ਮੰਤਰੀਆਂ ਦੀ ਬਲੀ ਲੈਣ ਤੋਂ ਬਾਅਦ ਆਪ ਦਾ ਇਕ ਹੋਰ ਵਿਧਾਇਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰ ਗਿਆ ਹੈ।

ਵਿਜੀਲੈਂਸ ਨੇ ਬਠਿੰਡਾ (ਦਿਹਾਤੀ) ਹਲਕੇ ਤੋਂ 'ਆਪ' ਵਿਧਾਇਕ ਅਮਿਤ ਰਤਨ ਦੇ ਕਰੀਬੀ ਰੇਸ਼ਮ ਗਰਗ ਨੂੰ ਚਾਰ ਲੱਖ ਰੁਪਏ ਲੈਂਦੇ ਦਬੋਚਿਆ ਹੈ। ਬਠਿੰਡਾ ਦੇ ਪਿੰਡ ਘੁੱਦਾ ਦੀ ਮਹਿਲਾ ਸਰਪੰਚ ਤੋਂ ਇਹ ਕਰੀਬੀ ਗਰਾਂਟਾਂ ਜਾਰੀ ਕਰਵਾਉਣ ਬਦਲੇ ਪੈਸੇ ਮੰਗ ਰਿਹਾ ਸੀ ਅਤੇ ਪੈਸਾ ਲੈਣ ਲਈ ਸਰਕਟ ਹਾਊਸ ਬਠਿੰਡਾ ਵਿਚ ਪੁੱਜਿਆ ਸੀ। ਅਹਿਮ ਸੂਤਰਾਂ ਅਨੁਸਾਰ 'ਆਪ' ਸਰਕਾਰ ਦੀ ਪਿਛਲੇ ਕੁਝ ਸਮੇਂ ਤੋਂ ਬਠਿੰਡਾ (ਦਿਹਾਤੀ) ਹਲਕੇ 'ਤੇ ਅੱਖ ਸੀ, ਜਿੱਥੋਂ ਦੀਆਂ ਕਾਫੀ ਸ਼ਿਕਾਇਤਾਂ ਸਰਕਾਰ ਕੋਲ ਪੁੱਜੀਆਂ ਸਨ। 'ਆਪ' ਸਰਕਾਰ ਨੂੰ ਬਠਿੰਡਾ ਦਿਹਾਤੀ ਹਲਕੇ ਵਿਚ ਜਦੋਂ ਸਭ ਕੁਝ ਸਹੀ ਨਾ ਹੋਣ ਦੀ ਭਿਣਕ ਪਈ ਤਾਂ ਸਰਕਾਰ ਨੇ ਗੁਪਤ ਤੌਰ 'ਤੇ ਇਕ ਰਿਪੋਰਟ ਹਾਸਲ ਕੀਤੀ। ਇਸ ਰਿਪੋਰਟ ਮਗਰੋਂ ਸਰਕਾਰ ਹਰਕਤ ਵਿਚ ਆ ਗਈ ਕਿਉਂਕਿ ਕਿਸੇ ਹਲਕੇ ਤੋਂ ਅਜਿਹੀ ਰਿਪੋਰਟ ਸਿਆਸੀ ਹਲਕਿਆਂ ਨੂੰ ਵੀ ਪਰੇਸ਼ਾਨ ਕਰਨ ਵਾਲੀ ਸੀ। ਸੂਤਰ ਦੱਸਦੇ ਹਨ ਕਿ ਇਸ ਗੁਪਤ ਰਿਪੋਰਟ ਵਿਚ ਫੜੇ ਗਏ ਰੇਸ਼ਮ ਗਰਗ ਸਣੇ ਤਿੰਨ ਹੋਰਾਂ ਦੇ ਨਾਮ ਵੀ ਦਰਜ ਹਨ। ਵਿਜੀਲੈਂਸ ਨੂੰ ਪਹਿਲਾਂ ਹੀ ਇਨ੍ਹਾਂ ਲੋਕਾਂ 'ਤੇ ਨਜ਼ਰ ਰੱਖਣ ਲਈ ਆਖਿਆ ਗਿਆ ਸੀ।

'ਆਪ' ਸਰਕਾਰ ਨੇ ਪਹਿਲਾਂ ਆਪਣੇ ਹੀ ਸਿਹਤ ਮੰਤਰੀ ਵਿਜੈ ਸਿੰਗਲਾ ਦੀ ਛੁੱਟੀ ਕਰ ਦਿੱਤੀ ਸੀ ਅਤੇ ਉਸ ਮਗਰੋਂ ਇਕ ਹੋਰ ਮੰਤਰੀ ਨੂੰ ਵੀ ਵਿਹਲਾ ਕਰ ਦਿੱਤਾ। ਰੇਸ਼ਮ ਗਰਗ ਦੇ ਫੜੇ ਜਾਣ ਮਗਰੋਂ ਹੁਣ 'ਆਪ' ਵਿਧਾਇਕ ਅਮਿਤ ਰਤਨ ਵੀ ਸ਼ੱਕ ਦੇ ਘੇਰੇ ਵਿਚ ਆ ਗਏ ਹਨ। ਸੂਤਰ ਦੱਸਦੇ ਹਨ ਕਿ ਸਰਕਾਰ ਕੋਲ ਰਿਪੋਰਟ ਪੁੱਜੀ ਸੀ ਕਿ ਹਲਕਾ ਬਠਿੰਡਾ ਦਿਹਾਤੀ ਵਿਚ ਸੰਗਤ ਮੰਡੀ ਦੇ ਵਾਰਡ ਨੰਬਰ-9 ਦਾ ਇਕ ਵਿਅਕਤੀ ਜੂਏ ਦਾ ਧੰਦਾ ਚਲਾ ਰਿਹਾ ਹੈ। ਮਾਲ ਮਹਿਕਮੇ ਤੇ ਪੁਲਿਸ ਮਹਿਕਮੇ ਵਿਚ ਤਾਇਨਾਤੀਆਂ ਵਿਚ ਘਪਲਾ ਹੋ ਰਿਹਾ ਹੈ। ਦੀਵਾਲੀ 'ਤੇ ਤੋਹਫ਼ੇ ਮੰਗੇ ਜਾਣ ਦੀ ਗੱਲ ਵੀ ਸਰਕਾਰ ਤੱਕ ਪੁੱਜੀ ਹੈ। ਦੱਸਣਯੋਗ ਹੈ ਕਿ ਅਮਿਤ ਰਤਨ ਨੇ ਬਠਿੰਡਾ ਦਿਹਾਤੀ ਹਲਕੇ ਤੋਂ ਬਤੌਰ ਅਕਾਲੀ ਉਮੀਦਵਾਰ ਸਾਲ 2017 ਵਿਚ ਵਿਧਾਨ ਸਭਾ ਚੋਣ ਲੜੀ ਸੀ ਪਰ ਉਹ 'ਆਪ' ਉਮੀਦਵਾਰ ਰੁਪਿੰਦਰ ਕੌਰ ਰੂਬੀ ਤੋਂ ਚੋਣ ਹਾਰ ਗਏ ਸਨ। ਚੋਣ ਹਾਰਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਅਮਿਤ ਰਤਨ ਨੂੰ ਹਲਕਾ ਇੰਚਾਰਜ ਵਜੋਂ ਤਾਇਨਾਤ ਕਰ ਦਿੱਤਾ ਸੀ। 2018 ਵਿਚ ਅਮਿਤ ਰਤਨ ਉਸ ਵਕਤ ਵਿਵਾਦਾਂ ਦੇ ਘੇਰੇ ਵਿਚ ਆ ਗਏ ਸਨ, ਜਦੋਂ ਅਕਾਲੀ ਵਰਕਰਾਂ ਨੇ ਉਨ੍ਹਾਂ 'ਤੇ ਇਲਜ਼ਾਮ ਲਗਾਏ ਸਨ। ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਨੇ ਅਮਿਤ ਰਤਨ ਨੂੰ ਪਾਰਟੀ 'ਚੋਂ ਕੱਢ ਦਿੱਤਾ ਸੀ।

ਉਧਰ, ਵਿਰੋਧੀ ਧਿਰਾਂ ਨੇ ਵੀ ਆਪ ਸਰਕਾਰ ਨੂੰ ਘੇਰ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਆਖਿਆ ਕਿ ਉਹ ਪੰਜਾਬੀਆਂ ਨੂੰ ਜਵਾਬ ਦੇਣ ਕਿ ਕੀ ਉਹ ਬਠਿੰਡਾ ਦਿਹਾਤੀ ਤੋਂ ਪਾਰਟੀ ਦੇ ਵਿਧਾਇਕ ਅਮਿਤ ਰਤਨ ਦਾ ਬਚਾਅ ਇਸ ਲਈ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਵੀ ਰਤਨ ਦੇ ਦੋ ਨੰਬਰ ਦੇ ਪੈਸੇ ਵਿਚੋਂ ਹਿੱਸਾ ਮਿਲਿਆ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ 'ਆਪ' ਸਰਕਾਰ ਬਠਿੰਡਾ ਤੋਂ ਕਥਿਤ ਭ੍ਰਿਸ਼ਟ ਵਿਧਾਇਕ ਨੂੰ ਪਿੰਡ ਘੁੱਦਾ ਦੇ ਸਰਪੰਚ ਤੋਂ ਰਿਸ਼ਵਤ ਲੈਂਦਿਆਂ ਫੜੇ ਜਾਣ ਤੋਂ ਬਾਅਦ ਤੁਰਤ ਉਸ ਦੇ ਬਚਾਅ ਵਿਚ ਨਿੱਤਰ ਵਿਚ ਆਈ। ਉਨ੍ਹਾਂ ਕਿਹਾ ਕਿ ਵਿਧਾਇਕ ਦੇ ਬਠਿੰਡਾ ਸਰਕਟ ਹਾਊਸ 'ਚ ਮੌਜੂਦ ਹੋਣ ਵੇਲੇ ਵੀਡੀਓ ਬਣਾਈ ਗਈ ਜਦੋਂ ਉਸ ਨੂੰ ਰਿਸ਼ਵਤ ਦਾ ਪੈਸਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਸਬੂਤਾਂ ਦੇ ਬਾਵਜੂਦ ਅਮਿਤ ਰਤਨ ਦਾ ਬਚਾਅ ਕਰ ਕੇ ਸਾਰਾ ਦੋਸ਼ ਉਸ ਦੇ ਪੀਏ ਸਿਰ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਤੇ ਹੁਣ ਉਸ ਨੂੰ ਵੀ ਪ੍ਰਾਈਵੇਟ ਵਿਅਕਤੀ ਕਰਾਰ ਦਿੱਤਾ ਜਾ ਰਿਹਾ ਹੈ।

ਪੰਜਾਬ ਦੇ ਸਾਬਕਾ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ 'ਆਪ' ਸਰਕਾਰ 'ਤੇ ਭ੍ਰਿਸ਼ਟਾਚਾਰ ਅਤੇ ਮਾਫੀਆ ਦੇ ਮੁੱਦੇ 'ਤੇ ਦੋਗਲੀ ਨੀਤੀ ਅਪਣਾਉਣ ਦੇ ਦੋਸ਼ ਲਾਏ ਹਨ। ਮਜੀਠੀਆ ਨੇ ਦੋਸ਼ ਲਾਇਆ ਕਿ ਬਠਿੰਡਾ (ਦਿਹਾਤੀ) ਤੋਂ ਵਿਧਾਇਕ ਦੇ ਸਹਾਇਕ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ, ਜਦਕਿ ਸ਼ਿਕਾਇਤਕਰਤਾ ਸ਼ਰੇਆਮ ਵਿਧਾਇਕ ਵੱਲੋਂ ਪੈਸੇ ਮੰਗੇ ਜਾਣ ਦਾ ਦੋਸ਼ ਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੰਤਰੀ ਸਰਾਰੀ ਦੇ ਮਾਮਲੇ ਵਿਚ ਵੀ ਕਾਰਵਾਈ ਕਰਨ ਦੀ ਥਾਂ ਅਸਤੀਫਾ ਲੈ ਕੇ ਖਾਨਾਪੂਰਤੀ ਕਰ ਦਿੱਤੀ ਗਈ ਹੈ ਤੇ ਵਿਜੈ ਸਿੰਗਲਾ ਦੇ ਮਾਮਲੇ ਵਿਚ ਤਾਂ ਹੁਣ ਤੱਕ ਦੋਸ਼ ਪੱਤਰ ਵੀ ਦਾਖਲ ਨਹੀਂ ਕੀਤਾ ਗਿਆ।

## ਅਮਿਤ ਰਤਨ ਨੂੰ ਗ੍ਰਿਫ਼ਤਾਰ ਕੀਤਾ ਜਾਵੇ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਨੇ ਕਿਹਾ ਕਿ ਜੇ ਭਗਵੰਤ ਮਾਨ ਰਿਸ਼ਵਤ ਮਾਮਲੇ ਵਿਚ ਵਿਧਾਇਕ ਅਮਿਤ ਰਤਨ ਦੀ ਗ੍ਰਿਫ਼ਤਾਰੀ ਯਕੀਨੀ ਨਹੀਂ ਬਣਾਉਣਗੇ ਤਾਂ ਵਿਰੋਧੀ ਧਿਰ ਉਨ੍ਹਾਂ ਨੂੰ ਸਲਾਖਾਂ ਪਿੱਛੇ ਡੱਕਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਅਮਿਤ ਰਤਨ ਦੇ ਮੁੱਦੇ 'ਤੇ ਮੁੱਖ ਮੰਤਰੀ ਵੱਲੋਂ ਕੋਈ ਬਿਆਨ ਨਾ ਦੇਣਾ ਮੰਦਭਾਗਾ ਹੈ। ਬਾਜਵਾ ਨੇ ਕਿਹਾ ਕਿ 11 ਮਹੀਨੇ ਦੇ ਕਾਰਜਕਾਲ ਵਿਚ ਹੀ ਵਿਜੇ ਸਿੰਗਲਾ, ਸਰਾਰੀ ਤੇ ਹੁਣ ਅਮਿਤ ਰਤਨ ਵਿਰੁੱਧ ਭ੍ਰਿਸ਼ਟਾਚਾਰੀ ਦੇ ਦੋਸ਼ ਪੰਜਾਬ ਦੇ ਲੋਕਾਂ ਨਾਲ ਕੀਤੇ ਜਾ ਰਹੇ ਧੋਖੇ ਨੂੰ ਦਰਸਾਉਂਦੇ ਹਨ।

## ਕਿਸੇ ਵੀ ਭ੍ਰਿਸ਼ਟਾਚਾਰੀ ਨੂੰ ਬਖਸ਼ਾਂਗੇ ਨਹੀਂ: ਕੰਗ

**ਚੰਡੀਗੜ੍ਹ:** 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਆਪ' ਸਰਕਾਰ ਦੀ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ ਹੈ ਤੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਕਿਸੇ ਵੀ ਅਧਿਕਾਰੀ ਜਾਂ ਆਗੂ ਨੂੰ ਬਖਸ਼ਿਆ ਨਹੀਂ ਜਾਵੇਗਾ। ਸ੍ਰੀ ਕੰਗ ਨੇ ਕਿਹਾ ਕਿ ਇਸੇ ਨੀਤੀ ਤਹਿਤ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਭ੍ਰਿਸ਼ਟਾਚਾਰ 'ਚ ਸ਼ਾਮਲ ਆਪਣੀ ਪਾਰਟੀ ਦੇ ਆਗੂਆਂ ਖ਼ਿਲਾਫ਼ ਵੀ ਸਖਤ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੇ ਆਪਣੇ ਸ਼ਾਸਨ ਦੌਰਾਨ ਭ੍ਰਿਸ਼ਟਾਚਾਰ ਅਤੇ ਮਾਫੀਆ ਨੂੰ ਸਰਪ੍ਰਸਤੀ ਦਿੱਤੀ ਸੀ, ਪਰ 'ਆਪ' ਸਰਕਾਰ ਇਸ ਰਵਾਇਤ ਨੂੰ ਖ਼ਤਮ ਕਰ ਰਹੀ ਹੈ।

## ਜਲੰਧਰ ਜ਼ਿਮਨੀ ਚੋਣ ਬਾਰੇ ਸੁਖਬੀਰ ਬਾਦਲ ਦੀ ਬੜ੍ਹਕ

**ਬੰਗਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਪੰਜਾਬ 'ਚ ਬਣੇ ਅਸਥਿਰਤਾ ਦੇ ਹਾਲਾਤ ਮੌਜੂਦਾ ਸਰਕਾਰ ਦੀ ਹਾਰ ਨੂੰ ਸਾਬਤ ਕਰਦੇ ਹਨ। ਉਨ੍ਹਾਂ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗੱਠਜੋੜ ਦੀ ਜਿੱਤ ਹੋਵੇਗੀ ਤੇ ਇਸ ਨਾਲ ਵਿਰੋਧੀ ਧਿਰਾਂ ਵੱਲੋਂ ਫੈਲਾਏ ਜਾ ਰਹੇ ਸਾਰੇ ਭੁਲੇਖੇ ਵੀ ਦੂਰ ਹੋ ਜਾਣਗੇ।

ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਾਰ-ਵਾਰ ਲਾਰੇ ਲਾਉਣ ਵਾਲੀਆਂ ਸਰਕਾਰਾਂ ਲੰਬਾ ਸਮਾਂ ਨਹੀਂ ਕੱਟਦੀਆਂ ਤੇ ਇਸ ਜ਼ਿਮਨੀ ਚੋਣ ਵਿਚ ਲੋਕ ਸਰਕਾਰ ਦੇ ਗੱਲੀਂ-ਬਾਤੀਂ ਡੰਗ ਟਪਾਉਣ ਵਾਲੇ ਵਿਹਾਰ ਦਾ ਜਵਾਬ ਦੇਣਗੇ। 'ਆਪ' ਸਰਕਾਰ 'ਤੇ ਤਨਜ ਕੱਸਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਸਿਰਫ ਇਸ਼ਤਿਹਾਰਬਾਜ਼ੀ ਨਾਲ ਕੰਮ ਕਰਨ ਦਾ ਡਰਾਮਾ ਕੀਤਾ ਜਾ ਰਿਹਾ ਹੈ, ਜਦਕਿ ਸੂਬੇ ਦੇ ਸਿਰ ਚੜ੍ਹਿਆ ਕਰਜ਼ਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਅਕਾਲੀ ਆਗੂਆਂ ਦੇ ਭਾਜਪਾ 'ਚ ਸ਼ਾਮਲ ਹੋਣ ਬਾਰੇ ਪੁੱਛੇ ਜਾਣ 'ਤੇ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਗੱਲ ਸਾਰੇ ਜਾਣਦੇ ਹਨ ਕਿ ਭਾਜਪਾ ਕਿੰਨੀ ਕੁ ਲੋਕ ਹਿਤੈਸ਼ੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਦੇ ਹਿੱਤਾਂ ਨਾਲ ਖਿਲਵਾੜ ਕਰ ਰਹੀ ਹੈ, ਜਿਸ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਨੇੜੇ ਰੋਸ ਰੈਲੀ



**ਸੰਗਰੂਰ:** ਪੰਜਾਬ ਸਟੇਟ ਏਡਿਡ ਸਕੂਲਜ਼ ਟੀਚਰਜ਼ ਐਂਡ ਕਰਮਚਾਰੀ ਐਂਪਲਾਈਜ਼ ਯੂਨੀਅਨ ਦੀ ਅਗਵਾਈ ਹੇਠ ਸੂਬੇ ਭਰ ਦੇ ਏਡਿਡ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਇਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਨੇੜੇ ਜ਼ੀਰਕਪੁਰ-ਬਠਿੰਡਾ ਕੌਮੀ ਮਾਰਗ ਦੇ ਬਾਈਪਾਸ ਪੁਲ ਹੇਠ ਰੋਸ ਰੈਲੀ ਕੀਤੀ ਗਈ। ਪ੍ਰਦਰਸ਼ਨਕਾਰੀ ਛੇਵਾਂ ਪੇਅ ਕਮਿਸ਼ਨ ਲਾਗੂ ਕਰਨ ਦੀ ਮੰਗ ਕਰ ਰਹੇ ਸਨ। ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਜੇ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਗਿਆ ਤਾਂ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ ਅਤੇ ਜਲੰਧਰ ਜ਼ਿਮਨੀ ਚੋਣ ਦੌਰਾਨ ਹਲਕੇ ਦੇ ਹਰ ਸ਼ਹਿਰ, ਕਸਬੇ ਅਤੇ ਪਿੰਡ ਵਿਚ ਸਰਕਾਰ ਖ਼ਿਲਾਫ਼ ਰੋਸ ਰੈਲੀਆਂ ਅਤੇ ਰੋਸ ਮਾਰਚ ਕੀਤੇ ਜਾਣਗੇ। ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਐਨ.ਐਨ. ਸੈਣੀ ਤੇ ਸਰਪ੍ਰਸਤ ਗੁਰਚਰਨ ਸਿੰਘ ਚਾਹਲ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਏਡਿਡ ਸਕੂਲਾਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਸਿੱਖਿਆ ਮੰਤਰੀ ਨਾਲ ਤਿੰਨ ਵਾਰ ਅਤੇ ਵਿੱਤ ਮੰਤਰੀ ਨਾਲ ਦੋ ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਹਾਲੇ ਤੱਕ ਸਰਕਾਰ ਵੱਲੋਂ ਛੇਵੇਂ ਪੇਅ ਕਮਿਸ਼ਨ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ।

## ਚੰਨੀ ਨੇ ਦਸਤਾਰ ਉਤੇ ਟੋਪੀ ਮਾਮਲੇ ਉਤੇ ਮੁਆਫੀ ਮੰਗੀ

**ਅੰਮ੍ਰਿਤਸਰ:** ਦਸਤਾਰ ਉਤੇ ਟੋਪੀ ਰੱਖਣ ਦੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਗਲਤੀ ਦੀ ਖਿਮਾ ਯਾਚਨਾ ਕੀਤੀ ਹੈ। ਇਸ ਸਬੰਧੀ ਇਕ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਪੱਤਰ ਉੱਪਰ ਚਰਨਜੀਤ ਸਿੰਘ ਚੰਨੀ ਦੇ ਦਸਤਖ਼ਤ ਹਨ ਅਤੇ ਇਹ ਪੱਤਰ ਅਕਾਲ ਤਖਤ ਦੇ ਜਥੇਦਾਰ ਨੂੰ ਲਿਖਿਆ ਗਿਆ ਹੈ। ਇਸ ਪੱਤਰ ਵਿਚ ਲਿਖਿਆ ਗਿਆ ਹੈ ਕਿ ਪਿਛਲੇ ਦਿਨੀਂ ਚੰਨੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਸ਼ੁਭਕਾਮਨਾਵਾਂ ਦੇਣ ਵਾਸਤੇ ਸ਼ਿਮਲਾ ਗਏ ਸਨ। ਉਥੇ ਉਨ੍ਹਾਂ ਨੂੰ ਸਨਮਾਨ ਵਜੋਂ ਇਕ ਸ਼ਾਲ ਅਤੇ ਹਿਮਾਚਲ ਦੀ ਰਵਾਇਤੀ ਟੋਪੀ ਭੇਟ ਕੀਤੀ ਗਈ ਸੀ। ਉਨ੍ਹਾਂ ਗਲਤੀ ਨਾਲ ਇਹ ਟੋਪੀ ਪਗੜੀ 'ਤੇ ਰੱਖ ਲਈ ਸੀ। ਆਪਣੀ ਇਸ ਗਲਤੀ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਨਿਮਾਣੇ ਸਿੱਖ ਵਜੋਂ ਹੋਈ ਇਸ ਗਲਤੀ ਲਈ ਉਹ ਸਮੂਹ ਸਿੱਖ ਸੰਗਤ ਕੋਲੋਂ ਮੁਆਫੀ ਮੰਗਦੇ ਹਨ। ਇਸ ਭੁੱਲ ਨੂੰ ਬਖ਼ਸ਼ਾਉਣ ਵਾਸਤੇ ਉਹ ਆਪਣੇ ਗ੍ਰਹਿ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਅਤੇ ਗੁਰਬਾਣੀ ਦਾ ਕੀਰਤਨ ਵੀ ਕਰਵਾਉਣਗੇ।



ਸ੍ਰੀ ਅਕਾਲ ਤਖਤ ਦੇ ਸਕੱਤਰੇਤ ਨੇ ਇਸ ਤਰ੍ਹਾਂ ਦਾ ਕੋਈ ਵੀ ਪੱਤਰ ਮਿਲਣ ਤੋਂ ਇਨਕਾਰ ਕੀਤਾ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਨਿੱਜੀ ਸਕੱਤਰ ਜਸਪਾਲ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਹੁਣ ਤੱਕ ਕੋਈ ਮੁਆਫੀ ਪੱਤਰ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਨਾ ਹੀ ਕਿਸੇ ਨੇ ਦਸਤੀ ਰੂਪ ਵਿਚ ਅਤੇ ਨਾ ਹੀ ਈਮੇਲ ਜਾਂ ਫੈਕਸ ਰਾਹੀਂ ਅਜਿਹਾ ਮੁਆਫੀ ਪੱਤਰ ਭੇਜਿਆ ਹੈ।

## ਬੰਦੀ ਸਿੰਘਾਂ ਦੇ ਮੁੱਦੇ 'ਤੇ ਵਿਸ਼ੇਸ਼ ਸੈਸ਼ਨ ਸੱਦਣ ਦੀ ਮੰਗ

**ਸ੍ਰੀ ਆਨੰਦਪੁਰ ਸਾਹਿਬ:** ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਬੰਦੀ ਸਿੰਘਾਂ ਸਬੰਧੀ ਕੀਤੀ ਜਾ ਰਹੀ ਬਿਆਨਬਾਜ਼ੀ ਨੂੰ ਬੇਲੋੜੀ ਦੱਸਦਿਆਂ ਕਿਹਾ ਕਿ ਉਹ ਗਲਤ ਸ਼ਬਦਾਵਲੀ ਵਰਤੇ ਰਹੇ ਹਨ।

ਸੂਬਾ ਪਹਿਲਾਂ ਹੀ ਮਾੜੇ ਦੌਰ ਵਿਚੋਂ ਗੁਜਰ ਰਿਹਾ ਹੈ ਤੇ ਰਵਨੀਤ ਬਿੱਟੂ ਵੱਲੋਂ ਬੰਦੀ ਸਿੰਘਾਂ ਸਬੰਧੀ ਦਿੱਤੇ ਗਏ ਬਿਆਨ ਨਾਲ ਤਣਾਅ ਹੋਰ ਵਧੇਗਾ। ਚੰਦੂਮਾਜਰਾ ਨੇ ਕਿਹਾ ਕਿ ਬੇਸ਼ੱਕ ਇਸ ਮੁੱਦੇ 'ਤੇ ਰਾਜਨੀਤਕ ਪਾਰਟੀਆਂ ਦੀ ਸੋਚ ਵੱਖੋ-ਵੱਖਰੀ ਹੈ ਪਰ ਸੂਬੇ ਦੇ ਮੁੱਖ ਮੰਤਰੀ ਨੂੰ ਪਹਿਲ-ਕਦਮੀ ਕਰਦਿਆਂ ਇਕ ਸਰਬ ਪਾਰਟੀ ਮੀਟਿੰਗ ਸੱਦਣੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ।

## 100 ਕਰੋੜ ਦੀ ਹੈਰੋਇਨ ਅਤੇ ਅਸਲਾ ਬਰਾਮਦ

**ਡੇਰਾ ਬਾਬਾ ਨਾਨਕ:** ਬੀ.ਐਸ.ਐਫ. ਨੇ ਭਾਰਤ-ਪਾਕਿ ਸਰਹੱਦ ਉਤੇ ਡੇਰਾ ਬਾਬਾ ਨਾਨਕ ਨਜ਼ਦੀਕ ਇਲਾਕੇ ਵਿਚੋਂ 20 ਪੈਕੇਟ ਹੈਰੋਇਨ (ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ ਕਰੀਬ 100 ਕਰੋੜ ਰੁਪਏ ਬਣਦੀ ਹੈ) ਤੇ ਭਾਰੀ ਮਾਤਰਾ ਵਿਚ ਅਸਲਾ ਬਰਾਮਦ ਕੀਤਾ ਹੈ।

ਭਾਰਤੀ ਸਰਹੱਦ ਦੇ ਘੇਰੇ 'ਚ ਪਾਕਿ ਤਸਕਰਾਂ ਵੱਲੋਂ ਸੁੱਟੀ ਗਈ 20 ਪੈਕੇਟ ਹੈਰੋਇਨ, ਚੀਨ ਤੇ ਤੁਰਕੀ ਦਾ ਬਣਿਆ 1-1 ਪਿਸਤੌਲ, 242 ਜ਼ਿੰਦਾ ਕਾਰਤੂਸ ਤੇ 4 ਮੈਗਜ਼ੀਨ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਵੇਰੇ ਕਰੀਬ 5:30 ਵਜੇ ਤਸਕਰਾਂ ਨੇ ਪਾਕਿਸਤਾਨ ਵਾਲੇ ਪਾਸੇ ਤੋਂ ਨਸ਼ਾ ਭੇਜਣ ਦੀ ਕੋਸ਼ਿਸ਼ ਕੀਤੀ ਤਾਂ ਸਰਹੱਦ 'ਤੇ ਤਾਇਨਾਤ ਚੌਕਸ ਜਵਾਨਾਂ ਨੇ ਤਸਕਰਾਂ ਦੀ ਹਲਚਲ ਦੇਖ ਕੇ ਤੁਰਤ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਧੁੰਦ ਦਾ ਫਾਇਦਾ ਉਠਾਉਂਦੇ ਹੋਏ ਤਸਕਰ ਵਾਪਸ ਪਾਕਿਸਤਾਨ ਭੱਜਣ 'ਚ ਕਾਮਯਾਬ ਹੋ ਗਏ।

## ਪੰਜਾਬ ਵਿਚ ਧੇਲੇ ਦਾ ਵੀ ਨਹੀਂ ਹੋਵੇਗਾ ਪੂੰਜੀ ਨਿਵੇਸ਼: ਵੜਿੰਗ



**ਜਲੰਧਰ:** ਪੰਜਾਬ ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਪੂੰਜੀ ਲਗਾਉਣ ਲਈ ਕੋਈ ਨਵਾਂ ਨਿਵੇਸ਼ਕ ਨਹੀਂ ਆਵੇਗਾ ਕਿਉਂਕਿ ਪੰਜਾਬ ਦੇ ਜੋ ਹਾਲਾਤ ਹਨ, ਉਸ ਤੋਂ ਵਪਾਰੀ ਵਰਗ ਡਰਿਆ ਹੋਇਆ ਹੈ। ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਨਵੈਸਟਮੈਂਟ ਪੰਜਾਬ ਸੰਮੇਲਨ ਕਰਵਾ ਕੇ ਸੂਬੇ ਦੇ ਲੋਕਾਂ ਦਾ ਪੈਸਾ ਹੀ ਬਰਬਾਦ ਕੀਤਾ ਹੈ ਕਿਉਂਕਿ ਕੋਈ ਵੀ ਕਾਰੋਬਾਰੀ ਨਕੋਦਰ ਵਿਚ ਕੱਪੜਾ ਵਪਾਰੀ ਨੂੰ ਸ਼ਰੇਆਮ ਗੋਲੀਆਂ ਮਾਰੇ ਜਾਣ ਤੋਂ ਬਾਅਦ ਇੱਥੇ ਪੈਸਾ ਖਰਚਣ ਲਈ ਤਿਆਰ ਨਹੀਂ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਕਾਂਗਰਸ ਭਵਨ ਵਿਚ ਦੋਆਬੇ ਦੀ ਹਾਥ ਸੇ ਹਾਥ ਜੋੜੋ ਮੁਹਿੰਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਏ ਦਿਨ ਗੋਲੀਆਂ ਚੱਲ ਰਹੀਆਂ ਹਨ ਜਿਸ ਕਾਰਨ ਡਰ ਤੇ ਸਹਿਮ ਦਾ ਮਾਹੌਲ ਹੈ। ਇਸ ਕਾਰਨ ਪੰਜਾਬ ਦੇ ਵਪਾਰੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ, ਕਾਰੋਬਾਰੀਆਂ ਦੀ ਰਾਤਾਂ ਦੀ ਨੀਂਦ ਉਡ ਗਈ ਹੈ। ਰਾਜਾ ਵੜਿੰਗ ਨੇ ਕਿਹਾ ਕਿ ਵਪਾਰੀ ਵਰਗ ਇਸ ਕਦਰ ਡਰ ਗਿਆ ਹੈ ਕਿ ਉਹ ਇਸ ਕਰਕੇ ਅਣਜਾਣ ਨੰਬਰ ਦਾ ਫੋਨ ਨਹੀਂ ਚੁੱਕ ਰਿਹਾ ਕਿ ਕੋਈ ਰੰਗਦਾਰੀ ਲਈ ਫੋਨ ਨਾ ਆ ਜਾਵੇ।

## ਪੰਜਾਬ ਵਿਚ ਬੇਯਕੀਨੀ ਵਾਲਾ ਮਾਹੌਲ ਬਣਿਆ: ਚੰਦੂਮਾਜਰਾ

**ਚਮਕੌਰ ਸਾਹਿਬ:** ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਅੰਦਰ ਅੱਜ ਬੇਯਕੀਨੀ ਵਾਲਾ ਮਾਹੌਲ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਦੇ ਰਾਜਪਾਲ ਦਰਮਿਆਨ ਟਕਰਾਅ ਦੇ ਚਲਦਿਆਂ ਸੂਬੇ ਵਿਚ ਤਣਾਅ ਦਾ ਮਾਹੌਲ ਪੈਦਾ ਹੋ ਗਿਆ ਹੈ। ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੇ ਦੋ ਮੁਖੀਆਂ ਦਾ ਆਪਸ ਵਿਚ ਜੇ ਟਕਰਾਅ ਹੁੰਦਾ ਹੈ ਤਾਂ ਨੁਕਸਾਨ ਵੀ ਸੂਬੇ ਦਾ ਹੀ ਹੁੰਦਾ ਹੈ। ਅੱਜ ਸੂਬੇ ਦੇ ਰਾਜਪਾਲ ਨੂੰ ਸਰਕਾਰ ਦੇ ਕੰਮਾਂ 'ਚ ਦਖਲਅੰਦਾਜ਼ੀ ਕਰਨੀ ਪਈ ਹੈ, ਕਿਉਂਕਿ ਭਾਰਤੀ ਸੰਵਿਧਾਨ ਅਨੁਸਾਰ ਸੂਬੇ ਦਾ ਰਾਜਪਾਲ ਪੂਰਾ ਹੱਕ ਰੱਖਦਾ ਹੈ ਕਿ ਜੇਕਰ ਸਰਕਾਰ ਸਹੀ ਢੰਗ ਨਾਲ ਕੰਮ ਨਾ ਕਰੇ ਤਾਂ ਉਹ ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਦੇ ਕੰਮਾਂ ਵਿਚ ਦਖਲਅੰਦਾਜ਼ੀ ਕਰਕੇ ਪੁੱਛ ਪੜਤਾਲ ਕਰ ਸਕਦੇ ਹਨ।

# ਜੀ.ਐਸ.ਟੀ.: ਸੂਬਿਆਂ ਨੂੰ 16,982 ਕਰੋੜ ਬਕਾਏ ਦੇ ਪੂਰੇ ਭੁਗਤਾਨ ਦਾ ਭਰੋਸਾ

**ਨਵੀਂ ਦਿੱਲੀ:** ਵਸਤੂ ਤੇ ਸੇਵਾ ਟੈਕਸ (ਜੀ.ਐਸ.ਟੀ.) ਨਾਲ ਸਬੰਧਤ ਮਾਮਲਿਆਂ ਵਿਚ ਫੈਸਲੇ ਲੈਣ ਵਾਲੀ ਸਰਬਉੱਚ ਅਥਾਰਿਟੀ ਜੀ.ਐਸ.ਟੀ. ਪਰਿਸ਼ਦ ਦੀ ਮੀਟਿੰਗ ਵਿਚ ਸ਼ੀਰੇ, ਪੈਨਸਿਲ ਸ਼ਾਰਪਨਰ ਉਤੇ ਜੀ.ਐਸ.ਟੀ. ਦਰ ਵਿਚ ਕਟੌਤੀ ਦੇ ਨਾਲ ਹੀ ਸਾਲਾਨਾ ਰਿਟਰਨ ਭਰਨ ਵਿਚ ਦੇਰੀ ਉਤੇ ਲੱਗਣ ਵਾਲੀ ਲੇਟ ਫੀਸ ਨੂੰ ਤਰਕਸੰਗਤ ਕਰਨ ਦਾ ਫੈਸਲਾ ਲਿਆ ਗਿਆ ਹੈ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਇੱਥੇ ਹੋਈ ਜੀ.ਐਸ.ਟੀ. ਪਰਿਸ਼ਦ ਦੀ 49ਵੀਂ ਬੈਠਕ ਖਤਮ ਹੋਣ ਤੋਂ ਬਾਅਦ ਮੀਡੀਆ ਨੂੰ ਇਨ੍ਹਾਂ ਅਹਿਮ ਫੈਸਲਿਆਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜੂਨ ਦੇ 16,982 ਕਰੋੜ ਰੁਪਏ ਸਮੇਤ ਜੀ.ਐਸ.ਟੀ. ਮੁਆਵਜ਼ੇ ਦੇ ਸਾਰੇ ਬਕਾਏ ਦਾ ਭੁਗਤਾਨ ਜਲਦੀ ਕਰ ਦਿੱਤਾ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਇਹ ਰਾਸ਼ੀ ਆਪਣੇ ਸਰੋਤਾਂ ਤੋਂ ਜਾਰੀ ਕਰਨ ਦਾ ਫੈਸਲਾ ਕੀਤਾ ਹੈ ਤੇ ਇਸ ਨੂੰ ਭਵਿੱਖ ਵਿਚ ਮੁਆਵਜ਼ਾ ਸੈੱਸ ਕੁਲੈਕਸ਼ਨ ਰਾਹੀਂ ਵਸੂਲ ਕੀਤਾ ਜਾਵੇਗਾ। ਇਸ ਬੈਠਕ ਵਿਚ ਸੀਤਾਰਾਮਨ ਤੋਂ ਇਲਾਵਾ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਵਿੱਤ ਮੰਤਰੀਆਂ ਤੇ ਵੱਖ-ਵੱਖ ਸੀਨੀਅਰ ਅਧਿਕਾਰੀਆਂ ਨੇ ਵੀ ਸ਼ਿਰਕਤ ਕੀਤੀ। ਸੀਤਾਰਾਮਨ ਨੇ ਕਿਹਾ ਕਿ ਪਰਿਸ਼ਦ ਨੇ ਸ਼ੀਰੇ ਉਤੇ




ਪੈਕਿੰਗ ਤੋਂ ਪਹਿਲਾਂ ਜੀ.ਐਸ.ਟੀ. ਨੂੰ 18 ਪ੍ਰਤੀਸ਼ਤ ਤੋਂ ਘਟਾ ਕੇ ਪੰਜ ਪ੍ਰਤੀਸ਼ਤ ਕਰਨ ਦੀ ਸਿਫਾਰਸ਼ ਕੀਤੀ। ਪਰਿਸ਼ਦ ਨੇ ਇਹ ਵੀ ਫੈਸਲਾ ਲਿਆ ਹੈ ਕਿ ਜੇਕਰ ਟੈਗ-ਟਰੈਕਿੰਗ ਉਪਕਰਨ ਜਾਂ ਡੇਟਾ ਲੌਗਰ ਜਿਹਾ ਉਪਕਰਨ ਇਕ ਕੰਟੇਨਰ ਉਤੇ ਪਹਿਲਾਂ ਤੋਂ ਹੀ ਲੱਗਾ ਹੋਇਆ ਹੈ, ਤਾਂ ਉਸ ਉਪਕਰਨ ਉਤੇ ਅਲੱਗ ਤੋਂ ਕੋਈ ਆਈ.ਜੀ.ਐਸ.ਟੀ. ਨਹੀਂ ਲੱਗੇਗਾ ਤੇ ਕੰਟੇਨਰਾਂ ਲਈ ਉਪਲਬਧ 'ਜ਼ੀਰੋ' ਆਈ.ਜੀ.ਐਸ.ਟੀ. ਸਹੂਲਤ ਉਨ੍ਹਾਂ ਲਈ ਵੀ ਉਪਲੱਬਧ ਹੋਵੇਗੀ। ਵਿੱਤ ਮੰਤਰੀ ਨੇ ਕਿਹਾ ਕਿ ਜੀ.ਐਸ.ਟੀ. ਪਰਿਸ਼ਦ ਨੇ ਵਿੱਤੀ ਸਾਲ 2022-23 ਤੋਂ ਬਾਅਦ 20 ਕਰੋੜ ਰੁਪਏ ਦੇ ਵਪਾਰ ਵਾਲੇ ਰਜਿਸਟਰਡ ਵਿਅਕਤੀਆਂ ਲਈ ਤੈਅ ਮਿਤੀ ਤੋਂ ਬਾਅਦ ਸਾਲਾਨਾ ਜੀ.ਐਸ.ਟੀ. ਰਿਟਰਨ ਭਰਨ ਉਤੇ ਫਾਰਮ ਜੀ.ਐਸ.ਟੀ.ਆਰ-9 ਲੇਟ ਫੀਸ ਨੂੰ ਤਰਕਸੰਗਤ ਬਣਾਉਣ ਦਾ ਫੈਸਲਾ ਲਿਆ ਹੈ। ਇਕ ਵਿੱਤੀ ਵਰ੍ਹੇ ਵਿਚ ਪੰਜ ਕਰੋੜ ਰੁਪਏ ਦਾ ਵਪਾਰ ਕਰਨ ਵਾਲੇ ਵਿਅਕਤੀ ਉਤੇ ਇਕ ਦਿਨ ਦੀ ਲੇਟ ਫੀਸ 50 ਰੁਪਏ ਹੈ, ਜੋ ਵਪਾਰ ਦੇ ਵੱਧ ਤੋਂ ਵੱਧ 0.04 ਪ੍ਰਤੀਸ਼ਤ ਦੇ ਅਧੀਨ ਹੈ। ਪੰਜ ਕਰੋੜ ਤੋਂ 20 ਕਰੋੜ ਰੁਪਏ ਤੱਕ ਦੇ ਵਪਾਰ ਵਾਲੇ ਵਿਅਕਤੀ ਉਤੇ ਲੇਟ ਫੀਸ 100 ਰੁਪਏ ਪ੍ਰਤੀ ਦਿਨ ਹੋ ਜਾਵੇਗੀ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੈਨਸਿਲ ਸ਼ਾਰਪਨਰਾਂ 'ਤੇ ਜੀ.ਐਸ.ਟੀ. 18 ਫੀਸਦ ਤੋਂ ਘਟਾ ਕੇ 12 ਫੀਸਦ ਕਰਨ ਸਬੰਧੀ ਸੂਬੇ ਦੀ ਮੰਗ ਨੂੰ ਪ੍ਰਵਾਨ ਕਰਨ ਲਈ ਜੀ.ਐਸ.ਟੀ. ਕੌਂਸਲ ਦਾ ਧੰਨਵਾਦ ਕੀਤਾ ਹੈ। ਨਵੀਂ ਦਿੱਲੀ ਵਿਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਪ੍ਰਧਾਨਗੀ ਹੇਠ ਹੋਈ 49ਵੀਂ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਵਿਚ ਹਿੱਸਾ ਲੈਂਦਿਆਂ ਸ੍ਰੀ ਚੀਮਾ ਨੇ ਕਿਹਾ ਕਿ ਇਸ ਫੈਸਲੇ ਨਾਲ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕੁਝ ਰਾਹਤ ਮਿਲੇਗੀ।

# ਅਮਰੀਕਾ ਵੱਲੋਂ ਚੀਨ ਨੂੰ ਰੂਸ ਦੀ ਮਦਦ ਕਰਨ ਖਿਲਾਫ ਚਿਤਾਵਨੀ

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ 'ਜਾਸੂਸ' ਗੁਬਾਰੇ ਦੇ ਘਟਨਾਕ੍ਰਮ ਦੁਆਲੇ ਬਣੇ ਟਕਰਾਅ ਵਿਚਾਲੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ ਕੀਤੀ। ਅਮਰੀਕੀ ਆਗੂ ਨੇ ਚੀਨ ਕੋਲ ਇਸ ਮਾਮਲੇ 'ਤੇ ਰੋਸ ਦਰਜ ਕੀਤਾ ਤੇ ਚੀਨੀ ਅਪਰੇਸ਼ਨ ਦੀ ਨਿਖੇਧੀ ਕੀਤੀ। ਉਨ੍ਹਾਂ ਚੀਨ ਨੂੰ ਰੂਸ ਦੀ ਮਦਦ ਕਰਨ ਖ਼ਿਲਾਫ਼ ਚਿਤਾਵਨੀ ਵੀ ਦਿੱਤੀ। ਬਲਿੰਕਨ ਨੇ ਕਿਹਾ ਕਿ ਜੇਕਰ ਚੀਨ, ਯੂਕਰੇਨ ਵਿਚ ਲੱਗੀ ਜੰਗ ਲਈ ਰੂਸ ਦੀ ਮਦਦ ਕਰੇਗਾ ਤਾਂ ਉਸ ਨੂੰ ਹੋਰ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ।

ਬਲਿੰਕਨ ਤੇ ਵਾਂਗ ਨੇ ਇਥੇ 'ਮਿਊਨਿਖ ਸਕਿਉਰਿਟੀ ਕਾਨਫਰੰਸ' ਦੌਰਾਨ ਮੁਲਾਕਾਤ ਕੀਤੀ। ਗੁਬਾਰੇ ਨਾਲ ਜੁੜੇ ਘਟਨਾਕ੍ਰਮ ਦੇ ਸੰਦਰਭ ਵਿਚ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੈੱਡ ਪ੍ਰਾਈਸ ਨੇ ਕਿਹਾ, 'ਵਿਦੇਸ਼ ਮੰਤਰੀ ਨੇ ਸਿੱਧੇ ਤੌਰ 'ਤੇ ਚੀਨ ਨੂੰ ਦੱਸ ਦਿੱਤਾ ਹੈ ਕਿ ਇਹ ਅਮਰੀਕਾ ਦੀ ਪ੍ਰਭੂਸੱਤਾ ਤੇ ਕੌਮਾਂਤਰੀ ਨਿਯਮਾਂ ਦੀ ਉਲੰਘਣਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨਾਲ ਹੀ ਚੀਨ ਨੂੰ ਕਿਹਾ ਹੈ ਕਿ ਅਜਿਹਾ ਦੁਬਾਰਾ ਨਹੀਂ ਵਾਪਰਨਾ ਚਾਹੀਦਾ।' ਜ਼ਿਕਰਯੋਗ ਹੈ ਕਿ ਕਾਫੀ ਉਚਾਈ 'ਤੇ ਉੱਡਣ ਵਾਲਾ ਇਕ ਚੀਨੀ ਗੁਬਾਰਾ ਅਮਰੀਕੀ ਹਵਾਈ ਖੇਤਰ ਵਿਚ ਦਾਖਲ ਹੋ ਗਿਆ ਸੀ।



ਅਮਰੀਕਾ ਨੇ ਕਿਹਾ ਸੀ ਕਿ ਇਸ ਨੂੰ ਜਾਸੂਸੀ ਦੇ ਮੰਤਵ ਨਾਲ ਭੇਜਿਆ ਗਿਆ ਹੈ, ਜਦਕਿ ਚੀਨ ਨੇ ਕਿਹਾ ਸੀ ਕਿ ਇਹ ਮਹਿਜ ਮੌਸਮ ਬਾਰੇ ਖੋਜ ਕਰਨ ਵਾਲਾ ਗੁਬਾਰਾ ਹੈ। ਬਲਿੰਕਨ ਨੇ ਮੀਟਿੰਗ ਦੌਰਾਨ ਚੀਨ ਨੂੰ ਇਹ ਵੀ ਕਿਹਾ ਕਿ ਗੁਬਾਰਿਆਂ ਦੁਆਰਾ ਚੀਨ ਵੱਲੋਂ ਪੰਜ ਮਹਾਦੀਪਾਂ ਵਿਚ 40 ਮੁਲਕਾਂ ਦੀ ਹਵਾਈ ਹੱਦ ਦਾ ਉਲੰਘਣ ਕੀਤਾ ਗਿਆ ਹੈ, ਜਾਸੂਸੀ ਕਰ ਕੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਲਿੰਕਨ ਨੇ ਵਾਂਗ ਨੂੰ ਕਿਹਾ ਕਿ ਚੀਨ ਦੀ ਇਸ ਕਾਰਵਾਈ ਦਾ ਪਰਦਾਫਾਸ਼ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਗੁਬਾਰੇ ਬਾਰੇ ਪਤਾ ਲੱਗਣ ਤੋਂ ਬਾਅਦ ਬਲਿੰਕਨ ਨੇ ਆਪਣਾ ਚੀਨ ਦੌਰਾ ਰੱਦ ਕਰ ਦਿੱਤਾ ਸੀ।

# ਅਮਰੀਕਾ: ਨਿੱਕੀ ਹੇਲੀ ਨੇ ਰਾਸ਼ਟਰਪਤੀ ਚੋਣਾਂ ਲਈ ਮੁਹਿੰਮ ਆਰੰਭੀ

**ਚਾਰਲਸਟਨ:** ਅਮਰੀਕਾ ਵਿਚ ਰਿਪਬਲਿਕਨ ਪਾਰਟੀ ਦੀ ਭਾਰਤੀ ਮੂਲ ਦੀ ਨੇਤਾ ਨਿੱਕੀ ਹੇਲੀ ਨੇ 2024 ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਆਪਣੀ ਦਾਅਵੇਦਾਰੀ ਲਈ ਰਸਮੀ ਤੌਰ 'ਤੇ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਦੇ ਨਾਲ ਹੀ, ਉਨ੍ਹਾਂ ਪਹਿਲਾਂ ਆਪਣੇ ਆਗੂ ਰਹੇ ਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਮੁਕਾਬਲੇ ਖੁਦ ਨੂੰ ਇਕ ਨੌਜਵਾਨ ਤੇ ਨਵੇਂ ਬਦਲ ਦੇ ਰੂਪ ਵਿਚ ਪੇਸ਼ ਕੀਤਾ ਹੈ।

ਹੇਲੀ (51) ਦੱਖਣੀ ਕੈਰੋਲੀਨਾ ਦੀ ਦੋ ਵਾਰ ਗਵਰਨਰ ਰਹੀ ਹੈ ਤੇ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਰਾਜਦੂਤ ਰਹਿ ਚੁੱਕੀ ਹੈ। ਦੱਖਣੀ ਕੈਰੋਲੀਨਾ ਵਿਚ ਇਕ ਪ੍ਰੋਗਰਾਮ ਦੌਰਾਨ ਉਨ੍ਹਾਂ ਆਪਣੇ ਉਤਸ਼ਾਹਿਤ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ, 'ਇਕ ਮਜ਼ਬੂਤ ਅਮਰੀਕਾ ਲਈ...ਮਾਣਮੱਤੇ ਅਮਰੀਕਾ ਲਈ...ਮੈਂ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿਚ ਸ਼ਾਮਲ ਹੋ ਗਈ ਹਾਂ।' ਉਨ੍ਹਾਂ ਕਿਹਾ ਕਿ ਜਦ ਅਮਰੀਕਾ ਉਤਰਾਅ-ਚੜ੍ਹਾਅ ਵਿਚੋਂ ਲੰਘਦਾ ਹੈ, ਤਾਂ ਦੁਨੀਆ



ਘੱਟ ਸੁਰੱਖਿਅਤ ਹੋ ਜਾਂਦੀ ਹੈ, ਤੇ ਅੱਜ ਸਾਡੇ ਦੁਸ਼ਮਣ ਸੋਚਦੇ ਹਨ ਕਿ ਅਮਰੀਕਾ ਦਾ ਯੁੱਗ ਬੀਤ ਗਿਆ ਹੈ, ਜੋ ਕਿ ਗਲਤ ਸੋਚ ਹੈ। ਹੇਲੀ ਨੇ ਕਿਹਾ, 'ਜੇਕਰ ਅਸੀਂ 20ਵੀਂ ਸਦੀ ਦੇ ਨੇਤਾਵਾਂ ਉਤੇ ਭਰੋਸਾ ਕਰਦੇ ਰਹੇ ਤਾਂ ਅਸੀਂ 21ਵੀਂ ਸਦੀ ਦੀ ਲੜਾਈ ਨਹੀਂ ਜਿੱਤ ਸਕਾਂਗੇ, ਤੇ ਇਸ ਲਈ ਮੈਂ ਐਲਾਨ ਕਰਦੀ ਹਾਂ, ਮੈਂ ਆਵਾਸੀਆਂ ਦੀ ਧੀ ਦੇ ਰੂਪ ਵਿਚ, ਇਕ ਯੋਧੇ ਦੀ ਪਤਨੀ ਦੇ ਰੂਪ ਵਿਚ ਤੇ ਦੋ ਬੱਚਿਆਂ ਦੀ ਮਾਂ ਦੇ ਰੂਪ ਵਿਚ ਤੁਹਾਡੇ ਸਾਹਮਣੇ ਖੜ੍ਹੀ ਹਾਂ।' ਜ਼ਿਕਰਯੋਗ ਹੈ ਕਿ ਹੇਲੀ ਤੇ ਟਰੰਪ ਦੋਵੇਂ ਰਿਪਬਲਿਕਨ ਪਾਰਟੀ ਤੋਂ ਹਨ।

# ਲੋਕ ਸਭਾ ਚੋਣਾਂ ਲਈ ਭਾਜਪਾ ਖਿਲਾਫ ਇਕਜੁੱਟਤਾ ਦਾ ਸੱਦਾ

**ਮਾਨਸਾ:** ਸੀ.ਪੀ.ਆਈ. (ਐਮ.ਐਲ.) ਦੇ ਮਹਾ ਸੰਮੇਲਨ ਮੌਕੇ ਪਟਨਾ ਵਿਚ 'ਸੰਵਿਧਾਨ ਬਚਾਓ, ਲੋਕਤੰਤਰ ਬਚਾਓ, ਦੇਸ਼ ਬਚਾਓ' ਵਿਸ਼ੇ 'ਤੇ ਸਿਆਸੀ ਕਨਵੈਨਸ਼ਨ ਕਰਵਾਈ ਗਈ, ਜਿਸ ਵਿਚ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਉਪ ਮੁੱਖ ਮੰਤਰੀ ਤੇਜਸਵੀ ਪ੍ਰਸਾਦ ਯਾਦਵ, ਸਾਬਕਾ ਵਿਦੇਸ਼ ਮੰਤਰੀ ਅਤੇ ਕਾਂਗਰਸ ਆਗੂ ਸਲਮਾਨ ਖੁਰਸ਼ੀਦ ਨੇ ਸ਼ਮੂਲੀਅਤ ਕਰਦਿਆਂ 2024 ਵਿਚ ਭਾਜਪਾ ਨੂੰ ਦੇਸ਼ ਦੀ ਗੱਦੀ ਤੋਂ ਲਾਹੁਣ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। ਇਸ ਸਬੰਧੀ ਜਾਣਕਾਰੀ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਨੱਤ ਨੇ ਦਿੱਤੀ।

ਪਾਰਟੀ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਅੱਜ ਸੰਵਿਧਾਨ ਅਤੇ ਜਮਹੂਰੀਅਤ ਦੀ ਨੀਂਹ ਖਤਰੇ ਵਿਚ ਹੈ ਤੇ ਦੇਸ਼ ਨੂੰ ਬਚਾਉਣ ਲਈ ਸਾਰਿਆਂ ਨੂੰ ਮਿਲ ਕੇ ਫੈਸਲਾਕੁਨ ਲੜਾਈ ਲੜਨੀ ਪੈ ਰਹੀ ਹੈ। ਇਸ ਲਈ ਵੱਡੇ ਪੱਧਰ 'ਤੇ ਏਕਤਾ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਅਣਐਲਾਨੀ ਐਮਰਜੈਂਸੀ ਸਾਹਮਣੇ ਇੰਦਰਾ ਗਾਂਧੀ ਦੀ ਐਮਰਜੈਂਸੀ ਵੀ ਫਿੱਕੀ ਜਾਪਦੀ ਹੈ ਕਿਉਂਕਿ ਅੱਜ ਦੀ ਸੰਘ-ਭਾਜਪਾ ਨੇ ਸਥਾਈ ਐਮਰਜੈਂਸੀ ਲਗਾ ਰੱਖੀ ਹੈ। ਮੁੱਖ ਮੰਤਰੀ ਨਿਤੀਸ਼




ਕੁਮਾਰ ਨੇ ਕਿਹਾ ਕਿ ਵੱਧ ਤੋਂ ਵੱਧ ਪਾਰਟੀਆਂ ਨੂੰ ਇਕਜੁੱਟ ਕਰਕੇ ਲੋਕ ਸਭਾ ਚੋਣ ਲੜੀ ਜਾਵੇਗੀ ਤਾਂ ਜੋ ਭਾਜਪਾ ਨੂੰ ਲੱਕ ਤੋੜਵੀਂ ਹਾਰ ਦਿੱਤੀ ਜਾ ਸਕੇ। ਉਪ ਮੁੱਖ ਮੰਤਰੀ ਤੇਜਸਵੀ ਪ੍ਰਸ਼ਾਦ ਯਾਦਵ ਨੇ ਕਿਹਾ ਕਿ ਭਾਜਪਾ-ਆਰ.ਐਸ.ਐਸ. ਸਿਰਫ ਨਫਰਤ ਫੈਲਾਉਣ ਤੇ ਦੇਸ਼ ਨੂੰ ਵੰਡਣ ਦਾ ਕੰਮ ਕਰਦੇ ਹਨ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਸੰਮੇਲਨ ਨੂੰ ਲਿਖਤੀ ਸੰਦੇਸ਼ ਭੇਜਿਆ, ਜੋ ਵਿਧਾਇਕ ਵਿਨੋਦ ਸਿੰਘ ਨੇ ਪੜ੍ਹ ਕੇ ਸੁਣਾਇਆ। ਉਨ੍ਹਾਂ ਦਾ ਕਹਿਣਾ ਸੀ ਕਿ 2024 ਵਿਚ ਫਾਸ਼ੀਵਾਦੀ ਤਾਕਤਾਂ ਨੂੰ ਸੱਤਾ ਵਿਚ ਵਾਪਸ ਨਹੀਂ ਆਉਣ ਦਿੱਤਾ ਜਾਵੇਗਾ।

# 'ਸ਼ਿਵ ਸੈਨਾ ਦਾ ਨਾਂ 'ਤੇ ਨਿਸ਼ਾਨ ਖਰੀਦਣ ਲਈ ਦੋ ਹਜ਼ਾਰ ਕਰੋੜ 'ਚ ਸੌਦਾ ਹੋਇਆ'

**ਮੁੰਬਈ:** ਸ਼ਿਵ ਸੈਨਾ (ਊਧਵ ਬਾਲਾਸਾਹੇਬ ਠਾਕਰੇ) ਦੇ ਆਗੂ ਸੰਜੈ ਰਾਊਤ ਨੇ ਦਾਅਵਾ ਕੀਤਾ ਕਿ ਸ਼ਿਵ ਸੈਨਾ ਪਾਰਟੀ ਦਾ ਨਾਮ ਅਤੇ ਚੋਣ ਨਿਸ਼ਾਨ 'ਤੀਰ ਕਮਾਨ' ਖਰੀਦਣ ਲਈ ਦੋ ਹਜ਼ਾਰ ਕਰੋੜ ਰੁਪਏ ਵਿਚ ਸੌਦਾ ਹੋਇਆ ਹੈ। ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਚੋਣ ਕਮਿਸ਼ਨ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਹੇਠਲੇ ਧੜੇ ਨੂੰ ਸ਼ਿਵ ਸੈਨਾ ਦਾ ਅਸਲ ਨਾਮ ਅਤੇ ਚਿੰਨ੍ਹ ਅਲਾਟ ਕਰ ਦਿੱਤਾ ਸੀ।

ਸ਼ਿੰਦੇ ਧੜੇ ਤੋਂ ਵਿਧਾਇਕ ਸਦਾ ਸਰਵੰਕਰ ਨੇ ਇਸ ਦਾਅਵੇ ਨੂੰ ਖਾਰਜ ਕਰਦਿਆਂ ਪੁੱਛਿਆ, 'ਕੀ ਸੰਜੇ ਰਾਊਤ ਖਜਾਨਚੀ ਹਨ? ਮਹਾਰਾਸ਼ਟਰ ਦੇ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਸੁਧੀਰ ਮੁਗੰਟੀਵਰ ਨੇ ਵੀ ਰਾਊਤ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਅਜਿਹੀਆਂ ਬੇਬੁਨਿਆਦ ਟਿੱਪਣੀਆਂ ਨਾਲ ਸੁਪਰੀਮ ਕੋਰਟ ਅਤੇ ਭਾਰਤੀ ਚੋਣ ਕਮਿਸ਼ਨ ਜਿਹੀਆਂ ਖ਼ੁਦਮੁਖ਼ਤਿਆਰ ਸੰਸਥਾਵਾਂ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਰਾਊਤ ਨੇ ਟਵੀਟ ਕਰ ਕੇ ਦਾਅਵਾ ਕੀਤਾ ਸੀ ਕਿ ਦੋ ਹਜ਼ਾਰ ਕਰੋੜ ਤਾਂ ਮੁੱਢਲੀ ਰਕਮ ਹੈ। ਇਹ ਗੱਲ ਸੌ ਫੀਸਦੀ ਸੱਚ ਹੈ। ਉਨ੍ਹਾਂ ਦੱਸਿਆ ਕਿ ਸੱਤਾਧਾਰੀ ਪਾਰਟੀ ਦੇ ਨੇੜਲੇ ਇਕ ਬਿਲਡਰ ਨੇ ਉਨ੍ਹਾਂ ਨੂੰ ਇਹ ਸੂਚਨਾ ਦਿੱਤੀ ਹੈ। ਰਾਜ ਸਭਾ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਸਬੂਤ ਦੇ ਆਧਾਰ 'ਤੇ ਇਹ ਦਾਅਵਾ ਕੀਤਾ ਹੈ ਜੋ ਉਹ ਛੇਤੀ ਹੀ ਸਾਰਿਆਂ ਸਾਹਮਣੇ ਪੇਸ਼ ਕਰ ਦੇਣਗੇ। ਰਾਊਤ ਨੇ ਕਿਹਾ ਕਿ ਸ਼ਿਵ ਸੈਨਾ ਦਾ



ਨਾਮ ਖਰੀਦਣ ਲਈ ਦੋ ਹਜ਼ਾਰ ਕਰੋੜ ਛੋਟੀ ਜਿਹੀ ਰਕਮ ਹੈ। ਉਨ੍ਹਾਂ ਦੋਸ਼ ਲਾਇਆ ਕਿ ਚੋਣ ਕਮਿਸ਼ਨ ਦਾ ਫੈਸਲਾ ਸੌਦੇ 'ਤੇ ਆਧਾਰਿਤ ਹੈ।

ਅਜਿਹਾ ਦੇਸ਼ ਦੇ ਇਤਿਹਾਸ ਵਿਚ ਪਹਿਲਾਂ ਕਦੇ ਨਹੀਂ ਹੋਇਆ ਹੈ। ਮੁੰਬਈ ਦੇ ਭਾਜਪਾ ਪ੍ਰਧਾਨ ਆਸ਼ੀਸ਼ ਸ਼ਹਿਲਰ ਨੇ ਕਿਹਾ ਕਿ ਇਹੋ ਜਿਹੀਆਂ ਟਿੱਪਣੀਆਂ ਕਰਨ ਵਾਲੇ ਲੋਕਾਂ ਦਾ ਦਿਮਾਗੀ ਸੰਤੁਲਨ ਖੋ ਚੁੱਕਿਆ ਹੈ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਉਤੇ 'ਵਿਰੋਧੀ ਵਿਚਾਰਧਾਰਾ ਵਾਲੇ ਲੋਕਾਂ ਦੀਆਂ ਜੁੱਤੀਆਂ ਚੱਟਣ' ਦੇ ਲਾਏ ਗਏ ਦੋਸ਼ ਬਾਰੇ ਪੁੱਛਣ 'ਤੇ ਰਾਊਤ ਨੇ ਕਿਹਾ, 'ਮੌਜੂਦਾ ਮੁੱਖ ਮੰਤਰੀ ਕੀ ਚੱਟ ਰਿਹਾ ਹੈ? ਮਹਾਰਾਸ਼ਟਰ ਸ਼ਾਹ ਦੀਆਂ ਗੱਲਾਂ ਨੂੰ ਤਵੱਜੋ ਨਹੀਂ ਦਿੰਦਾ। ਮੌਜੂਦਾ ਮੁੱਖ ਮੰਤਰੀ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਦਾ ਨਾਂ ਲੈਣ ਦਾ ਕੋਈ ਅਧਿਕਾਰ ਨਹੀਂ ਹੈ।'

# ਕਰੋਨਾ ਮਗਰੋਂ ਕੈਂਸਰ ਕੇਸ ਵਧੇ: ਰਾਮਦੇਵ

**ਪਣਜੀ:** ਬਾਬਾ ਰਾਮਦੇਵ ਨੇ ਦਾਅਵਾ ਕੀਤਾ ਕਿ ਕਰੋਨਾ ਮਹਾਮਾਰੀ ਮਗਰੋਂ ਦੇਸ਼ ਵਿਚ ਕੈਂਸਰ ਦੇ ਕੇਸਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਉਨ੍ਹਾਂ ਨੇ ਇਹ ਟਿੱਪਣੀ ਗੋਆ ਦੇ ਮਿਰਾਮਰ ਤੱਟ 'ਤੇ ਪਤੰਜਲੀ ਯੋਗ ਸਮਿਤੀ ਦੇ ਤਿੰਨ ਦਿਨਾ ਯੋਗ ਕੈਂਪ ਦੀ ਸ਼ੁਰੂਆਤ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤੀ। ਇਸ ਮੌਕੇ ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਾਵੰਤ ਵੀ ਉਨ੍ਹਾਂ ਨਾਲ ਸਟੇਜ 'ਤੇ ਮੌਜੂਦ ਸਨ। ਹਾਲਾਂਕਿ ਦੂਜੇ ਪਾਸੇ ਮੈਡੀਕਲ ਮਾਹਿਰਾਂ ਨੇ ਕਿਹਾ ਕਿ ਇਨ੍ਹਾਂ ਦੋਵਾਂ (ਕਰੋਨਾ ਤੇ ਕੈਂਸਰ) ਦਾ ਆਪਸ 'ਚ ਕੋਈ ਸਬੰਧ ਨਹੀਂ ਹੈ ਤੇ ਕੈਂਸਰ ਕੇਸਾਂ 'ਚ ਵਾਧਾ ਆਮ ਵਰਤਾਰਾ ਹੈ। ਰਾਮਦੇਵ ਨੇ ਕਿਹਾ, "ਕੈਂਸਰ ਵਿਚ ਬਹੁਤ ਵਾਧਾ ਹੋਇਆ ਹੈ। ਕਰੋਨਾ ਮਹਾਮਾਰੀ ਮਗਰੋਂ ਇਸ ਰੋਗ ਦੇ ਕੇਸ ਵਧੇ ਹਨ। ਲੋਕਾਂ ਦੀਆਂ ਅੱਖਾਂ ਦੀ ਰੌਸ਼ਨੀ (ਨਜ਼ਰ) ਅਤੇ ਸੁਣਨ ਦੀ ਸ਼ਕਤੀ ਪ੍ਰਭਾਵਿਤ ਹੋਈ ਹੈ।" ਉਨ੍ਹਾਂ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੁਪਨਾ ਹੈ ਕਿ ਭਾਰਤ 'ਤੰਦਰੁਸਤੀ ਦਾ ਆਲਮੀ ਕੇਂਦਰ' ਹੋਵੇ। ਮੇਰਾ ਵੀ ਸੁਪਨਾ ਹੈ ਗੋਆ 'ਤੰਦਰੁਸਤੀ ਦਾ ਕੇਂਦਰ' ਹੋਣਾ ਚਾਹੀਦਾ ਹੈ।" ਬਾਬਾ ਰਾਮਦੇਵ ਮੁਤਾਬਕ ਸੈਲਾਨੀਆਂ ਨੂੰ ਖੂਨ ਦੇ ਦਬਾਅ, ਸ਼ੂਗਰ, ਥਾਇਰਾਇਡ, ਕੈਂਸਰ ਤੇ ਹੋਰ ਰੋਗਾਂ ਦੇ ਇਲਾਜ ਲਈ ਵੀ ਗੋਆ ਆਉਣਾ ਚਾਹੀਦਾ ਹੈ।

# ਖੇਤੀਬਾੜੀ ਸੈਕਟਰ ਬਹੁਤ ਅਹਿਮ, ਨੌਜਵਾਨ ਇਸ ਪਾਸੇ ਧਿਆਨ ਦੇਣ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਜੈਪੁਰ ਆਧਾਰਿਤ ਚੌਧਰੀ ਚਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ ਮਾਰਕੀਟਿੰਗ ਵੱਲੋਂ ਕਰਵਾਏ ਜਾ ਰਹੇ ਪੀ.ਜੀ. ਡਿਪਲੋਮਾ ਇਨ ਐਗਰੀ ਬਿਜ਼ਨਸ ਮੈਨੇਜਮੈਂਟ ਕੋਰਸ ਵਿਚ 60 ਹੋਰ ਸੀਟਾਂ ਵਧਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸੀਟਾਂ ਨੂੰ ਵਧਾਉਣ ਦਾ ਮਕਸਦ ਨੌਜਵਾਨਾਂ ਨੂੰ ਖੇਤੀ ਸੈਕਟਰ ਵੱਲ ਆਕਰਸ਼ਿਤ ਕਰਨਾ ਹੈ। ਜੈਪੁਰ ਵਿਚ ਸੀ.ਸੀ.ਐਸ-ਐਨ.ਆਈ.ਏ.ਐਮ. ਦੀ ਚੌਥੀ ਕਾਨਵੋਕੇਸ਼ਨ ਦੌਰਾਨ ਸੰਬੋਧਨ ਕਰਦਿਆਂ ਤੋਮਰ ਨੇ ਕਿਹਾ ਕਿ ਸਰਕਾਰ ਹੋਸਟਲ ਵਿਚ ਲਾਜ਼ਮੀ ਠਹਿਰਨ ਦੀ ਸ਼ਰਤ ਖਤਮ ਕਰ ਦੇਵੇਗੀ। ਜ਼ਿਕਰਯੋਗ ਹੈ ਕਿ ਐਗਰੀ ਬਿਜ਼ਨਸ ਮੈਨੇਜਮੈਂਟ ਵਿਚ ਮੌਜੂਦਾ ਸਮੇਂ ਵਿਦਿਆਰਥੀਆਂ ਲਈ 60 ਸੀਟਾਂ ਹਨ। ਅਧਿਕਾਰਿਤ ਬਿਆਨ ਮੁਤਾਬਕ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਨਾਲ ਸਬੰਧਤ ਵਿਦਿਆਰਥੀਆਂ ਸਣੇ ਨੌਜਵਾਨਾਂ ਦੇ ਯੋਗਦਾਨ ਨਾਲ ਇਸ ਖੇਤਰ ਤੋਂ ਹੋਰ ਲਾਹਾ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੈਕਟਰ ਬਹੁਤ ਅਹਿਮ ਹੈ ਅਤੇ ਨੌਜਵਾਨਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੈਕਟਰ ਚੁਣੌਤੀਆਂ ਨਾਲ ਭਰਪੂਰ ਹੈ ਜਿਸ ਨਾਲ ਕੇਂਦਰ ਸਰਕਾਰ ਵੱਲੋਂ ਸਫਲਤਾਪੂਰਵਕ ਨਜਿੱਠਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲਾਭਕਾਰੀ ਫਸਲਾਂ, ਫਸਲੀ ਵਿਭਿੰਨਤਾ ਤੇ ਫਸਲ ਨੂੰ ਵੇਚਣ ਮੌਕੇ ਵਿਚੋਲਿਆਂ ਨੂੰ ਖਤਮ ਕਰਨ ਵਰਗੀਆਂ ਚੁਣੌਤੀਆਂ ਨਾਲ ਯੋਜਨਾਬੱਧ ਢੰਗ ਨਾਲ ਨਜਿੱਠਿਆ ਜਾ ਰਿਹਾ ਹੈ।

# ਕੇਂਦਰ ਨੇ ਕੋਲਾ ਚੁੱਕਣ ਤੋਂ ਨਾਂਹ-ਨੁੱਕਰ ਕਰਦੀ ਪੰਜਾਬ ਸਰਕਾਰ ਨੂੰ ਮਾਰਿਆ ਦਾਬਾ



**ਚੰਡੀਗੜ੍ਹ:** ਝਾਰਖੰਡ ਦੀਆਂ ਖਾਣਾਂ ਵਿਚੋਂ ਪੰਜਾਬ ਦੇ ਥਰਮਲ ਪਲਾਂਟਾਂ ਤੱਕ ਕੋਲਾ ਪਹੁੰਚਾਉਣ ਦਾ ਮਾਮਲਾ ਵਿਵਾਦ ਦਾ ਰੂਪ ਲੈਣ ਲੱਗਾ ਹੈ। ਜਾਣਕਾਰੀ ਅਨੁਸਾਰ ਕੇਂਦਰ ਵੱਲੋਂ ਪੰਜਾਬ ਨੂੰ ਦੋ ਟੁੱਕ ਜਵਾਬ ਦਿੰਦਿਆਂ ਕਿਹਾ ਗਿਆ ਹੈ ਕਿ ਪੰਜਾਬ ਕੋਲਾ ਚੁੱਕ ਲਵੇ, ਨਹੀਂ ਤਾਂ ਦੂਜੇ ਸੂਬਿਆਂ ਨੂੰ ਅਲਾਟ ਕਰ ਦਿੱਤਾ ਜਾਵੇਗਾ। ਸੂਤਰਾਂ ਅਨੁਸਾਰ ਕੇਂਦਰੀ ਊਰਜਾ ਮੰਤਰਾਲੇ ਨੇ ਪੰਜਾਬ ਨੂੰ ਦੋ ਟੁੱਕ ਜਵਾਬ ਦਿੰਦਿਆਂ ਕਿਹਾ ਹੈ ਕਿ ਪੰਜਾਬ ਜਾਂ ਤਾਂ ਮਹਾ-ਨਦੀ-ਕੋਲ-ਫੀਲਡਜ਼ ਲਿਮਟਿਡ ਤੋਂ ਆਪਣੇ ਕੋਟੇ ਦਾ ਕੋਲਾ ਚੁੱਕ ਲਵੇ ਨਹੀਂ ਤਾਂ ਇਸ ਨੂੰ ਕਿਸੇ ਹੋਰ ਜਰੂਰਤਮੰਦ ਸੂਬੇ ਨੂੰ ਅਲਾਟ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕੇਂਦਰੀ ਊਰਜਾ ਮੰਤਰਾਲੇ ਵੱਲੋਂ ਪੰਜਾਬ ਤੱਕ ਕੋਲੇ ਦੀ ਢੁਆਈ ਸਿੱਧੀ ਰੇਲ ਮਾਰਗ ਤੋਂ ਕਰਨ ਦੀ ਬਜਾਏ ਰੇਲ-ਸ਼ਿਪ-ਰੇਲ ਮਾਰਗ ਨਿਰਧਾਰਤ ਕੀਤਾ ਹੈ, ਜਿਸ ਦਾ ਪੰਜਾਬ ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਵਿਰੋਧ ਵਿਚ ਪੰਜਾਬ ਸਰਕਾਰ ਦੇ ਨਾਲ-ਨਾਲ ਮੁੜ ਸਿਆਸੀ ਪਾਰਟੀਆਂ ਵੀ ਉਤਰ ਆਈਆਂ ਹਨ ਕਿਉਂਕਿ ਇਸ ਨਾਲ ਪੰਜਾਬ ਤੱਕ ਕੋਲੇ ਦੀ ਢੋਆ-ਢੁਆਈ ਦਾ ਖਰਚਾ ਡੇਢ ਗੁਣਾ ਵਧ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਕੇਂਦਰ ਰੇਲ-ਸ਼ਿਪ-ਰੇਲ (ਆਰ.ਐਸ.ਆਰ) ਮਾਰਗ ਦੇ ਆਪਣੇ ਫੈਸਲੇ ਉਤੇ ਡਟੇ ਰਹਿੰਦੇ ਹੋਏ ਪੰਜਾਬ ਨੂੰ ਇਹ ਰਾਹਤ ਜਰੂਰ ਦਿੱਤੀ ਹੈ ਕਿ ਉਹ ਇਸ ਮਾਰਗ ਤਹਿਤ ਆਪਣੀ ਪਸੰਦੀਦਾ ਬੰਦਰਗਾਹ ਚੁਣ ਸਕਦਾ ਹੈ ਪਰ ਰੂਟ ਮਾਰਗ ਉਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਲਈ ਸਿਰਫ ਮੁੰਦਰਾ ਬੰਦਰਗਾਹ ਹੀ ਆਖਰੀ ਰਸਤਾ ਹੈ ਪਰ ਕੇਂਦਰ ਵੱਲੋਂ ਪੰਜਾਬ ਨੂੰ ਪਰਾਦੀਪ ਬੰਦਰਗਾਹ ਦੀ ਬਜਾਏ ਮੁੰਬਈ ਬੰਦਰਗਾਹ ਤੋਂ ਲਿਜਾਣ ਦਾ ਸੁਝਾਅ ਵੀ ਦਿੱਤਾ ਗਿਆ ਹੈ। ਕੇਂਦਰ ਨੇ ਪੰਜਾਬ ਦੀ ਮੰਗ ਨੂੰ ਸਿਰੇ ਤੋਂ ਠੁਕਰਾਉਂਦੇ ਹੋਏ ਸਾਫ ਕਰ ਦਿੱਤਾ ਹੈ ਕਿ ਕੋਲੇ ਦੀ ਢੁਆਈ ਲਈ ਪੰਜਾਬ ਨੂੰ ਰੇਲਵੇ ਤੋਂ ਵਾਧੂ ਰੈਕ ਨਹੀਂ ਮਿਲ ਸਕਣਗੇ ਕਿਉਂਕਿ ਇਸ ਨਾਲ ਹੋਰ ਸੂਬਿਆਂ ਨੂੰ ਭਾਰੀ ਦਿੱਕਤ ਆਵੇਗੀ। ਦੱਸਣਯੋਗ ਹੈ ਕਿ ਪੰਜਾਬ ਆਪਣੇ ਥਰਮਲ ਪਲਾਂਟਾਂ ਵਿਚ ਬਿਜਲੀ ਉਤਪਾਦਨ ਲਈ ਮਹਾ-ਨਦੀ-ਕੋਲ-ਫੀਲਡਜ਼ ਤੋਂ ਕੋਲਾ ਖਰੀਦਦਾ ਹੈ ਅਤੇ ਪਿਛਲੇ ਸਾਲ ਤੱਕ ਇਹ ਕੋਲਾ ਰੇਲ ਅਤੇ ਸੜਕ ਮਾਰਗ ਰਾਹੀਂ ਪੰਜਾਬ ਲਿਆਇਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਝਾਰਖੰਡ ਦੀਆਂ ਖਾਨਾਂ ਤੋਂ ਪੰਜਾਬ ਤੱਕ ਦੂਰੀ 1830 ਕਿਲੋਮੀਟਰ ਪੈਂਦੀ ਹੈ ਪਰ ਇਸ ਸਾਲ ਬਿਜਲੀ ਮੰਤਰਾਲੇ ਨੇ 30 ਨਵੰਬਰ 2022 ਨੂੰ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਕੋਲੇ ਦੀ ਢੁਆਈ ਸਿੱਧੇ ਰੇਲ ਮਾਰਗ ਦੀ ਜਗ੍ਹਾ ਆਰ.ਐਸ.ਆਰ ਜਰੀਏ ਕਰਨ ਦੇ ਹੁਕਮ ਦਿੱਤੇ ਸਨ।

# ਪੰਜਾਬ ਦੇ ਦਲ-ਬਦਲੂਆਂ ਨੇ ਭਾਜਪਾ ਦੇ ਹੌਸਲੇ ਕੀਤੇ ਬੁਲੰਦ



**ਅੰਮ੍ਰਿਤਸਰ:** ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਪੰਜਾਬ ਵਿਚ ਭਾਜਪਾ ਪਰਿਵਾਰ ਲਗਾਤਾਰ ਵਧ ਰਿਹਾ ਹੈ ਤੇ ਲੋਕ ਭਾਜਪਾ ਦੀ ਸੋਚ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਵਿਚ ਲੋਕਾਂ ਦੀ ਵਧ ਰਹੀ ਆਮਦ ਤੋਂ ਸਪਸ਼ਟ ਹੈ ਕਿ ਆਉਣ ਵਾਲੀਆਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਭਾਜਪਾ ਜਿੱਤ ਪ੍ਰਾਪਤ ਕਰੇਗੀ। ਇਸੇ ਤਰ੍ਹਾਂ ਲੋਕ ਸਭਾ ਚੋਣਾਂ ਵਿਚ ਵੀ ਭਾਜਪਾ ਮਜ਼ਬੂਤ ਹੋ ਕੇ ਉਭਰੇਗੀ। ਉਨ੍ਹਾਂ ਦਾਅਵਾ ਕੀਤਾ ਕਿ 2027 ਦੀਆਂ ਚੋਣਾਂ ਦੌਰਾਨ ਪੰਜਾਬ 'ਚ ਭਾਜਪਾ ਦੀ ਸਰਕਾਰ ਸਥਾਪਤ ਹੋਵੇਗੀ।

ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਆਖਿਆ ਕਿ ਵੱਖ-ਵੱਖ ਪਾਰਟੀਆਂ ਦੇ ਨੁਮਾਇੰਦੇ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ ਤੇ ਹੋਰ ਵੀ ਕਈ ਅਹਿਮ ਆਗੂ ਉਨ੍ਹਾਂ ਦੇ ਸੰਪਰਕ ਵਿਚ ਹਨ। ਇਸ ਦੌਰਾਨ ਉਨ੍ਹਾਂ ਦਾਅਵਾ ਕੀਤਾ ਕਿ ਪਿਛਲੀਆਂ ਸਰਕਾਰਾਂ ਵਾਂਗ ਲੋਕ 'ਆਪ' ਸਰਕਾਰ ਤੋਂ ਵੀ ਤੰਗ ਆ ਚੁੱਕੇ ਹਨ। ਦੋਵੇਂ ਆਗੂ ਇਥੇ ਵੱਖ-ਵੱਖ ਪਾਰਟੀਆਂ ਨਾਲ ਸਬੰਧਤ 6 ਕੌਂਸਲਰਾਂ ਸਮੇਤ ਕਾਰਕੁਨਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਮੌਕੇ ਸੰਬੋਧਨ ਕਰ ਰਹੇ ਸਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਅਕਾਲੀ ਦਲ ਨਾਲ ਭਾਜਪਾ ਦਾ ਹੁਣ ਕਿਸੇ ਵੀ ਤਰ੍ਹਾਂ ਦਾ ਚੋਣ ਸਮਝੌਤਾ ਨਹੀਂ ਹੋਵੇਗਾ। ਕਿਉਂਕਿ ਰਾਜਸੀ ਸਾਂਝ ਦੌਰਾਨ ਅਕਾਲੀ ਦਲ ਤੋਂ ਭਾਜਪਾ ਪਹਿਲਾਂ ਕਈ ਵਾਰ ਧੋਖੇ ਦਾ ਸ਼ਿਕਾਰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹੁਣ ਭਾਜਪਾ ਸਿਰਫ ਆਪਣੇ ਬਲਬੂਤੇ 'ਤੇ ਚੋਣਾ ਲੜਨ ਦੀ ਸਮੱਰਥਾ ਰੱਖਣ ਲੱਗੀ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਰਾਜ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਲੜਖੜਾਈ ਹੋਈ ਹੈ ਤੇ ਗੈਂਗਸਟਰਾਂ ਵੱਲੋਂ ਫੋਨਾਂ ਜਰੀਏ ਜੇਲ੍ਹਾਂ ਵਿਚ ਬੈਠ ਕੇ ਹਥਿਆਰਾਂ ਦੇ ਕਾਰੋਬਾਰ ਕਰ ਰਹੇ ਹਨ।

# ਮੂਸੇਵਾਲਾ ਨੂੰ ਸਮਰਪਿਤ ਕਬੱਡੀ ਕੱਪ ਵਿਚਾਲੇ ਹੀ ਰੱਦ

**ਗੁਰੂਸਰ ਸੁਧਾਰ:** ਪਿੰਡ ਪੱਤੀ ਧਾਲੀਵਾਲ (ਸੁਧਾਰ) ਵਿਚ 12 ਸਾਲਾਂ ਤੋਂ ਕਬੱਡੀ ਕੱਪ ਕਰਵਾਉਣ ਵਾਲੀ ਕਲਗੀਧਰ ਯੂਥ ਵੈੱਲਫੇਅਰ ਐਂਡ ਸਪੋਰਟਸ ਕਲੱਬ ਨੂੰ ਸਿੱਧੂ ਮੂਸੇਵਾਲਾ ਨੂੰ ਸਮਰਪਿਤ 13ਵਾਂ ਕਬੱਡੀ ਕੱਪ ਅਧਵਾਟੇ ਹੀ ਰੱਦ ਕਰਨਾ ਪੈ ਗਿਆ। ਚਾਰ ਮੈਚ ਖੇਡਣ ਤੋਂ ਬਾਅਦ ਕਬੱਡੀ ਟੀਮਾਂ ਨੇ ਮੈਦਾਨ ਵਿਚ ਉੱਤਰਨ ਤੋਂ ਹੀ ਇਨਕਾਰ ਕਰ ਦਿੱਤਾ।

ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਕਬੱਡੀ ਟੂਰਨਾਮੈਂਟ ਦਾ 13ਵਾਂ ਕਬੱਡੀ ਕੱਪ ਸ਼ੁਭਦੀਪ ਸਿੰਘ (ਸਿੱਧੂ ਮੂਸੇਵਾਲਾ) ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਵਿਚ ਵੱਡੀ ਇਨਾਮੀ ਰਕਮ ਤੋਂ ਇਲਾਵਾ ਬਿਹਤਰੀਨ ਧਾਵੀ ਅਤੇ ਜਾਫੀ ਨੂੰ ਸਿੱਧੂ ਮੂਸੇਵਾਲਾ ਦੇ ਪਸੰਦੀਦਾ 5911 ਟਰੈਕਟਰ ਇਨਾਮ ਵਜੋਂ ਦਿੱਤੇ ਜਾਣੇ ਸਨ। ਇਸ ਟੂਰਨਾਮੈਂਟ ਵਿਚ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਸੀ ਪਰ ਕਬੱਡੀ ਟੀਮਾਂ ਨੇ ਬਲਕੌਰ ਸਿੰਘ ਦੀ ਹਾਜਰੀ ਵਿਚ ਖੇਡਣ ਤੋਂ ਹੀ ਇਨਕਾਰ ਕਰ ਦਿੱਤਾ। ਬਲਕੌਰ ਸਿੰਘ ਸੰਖੇਪ ਭਾਸ਼ਣ ਦੇ ਕੇ ਕੁਝ ਸਮੇਂ ਬਾਅਦ ਹੀ ਚਲੇ ਗਏ।

ਕਲੱਬ ਅਤੇ ਪ੍ਰਬੰਧਕ ਭਾਵੇਂ ਸਿੱਧੇ ਤੌਰ 'ਤੇ ਇਹ ਮੰਨਣ ਤੋਂ ਇਨਕਾਰੀ ਰਹੇ ਪਰ ਦਰਸ਼ਕਾਂ ਸਣੇ ਪਿੰਡ ਵਾਸੀਆਂ 'ਚ ਚਰਚਾ ਹੈ ਇਹ ਟੂਰਨਾਮੈਂਟ ਜੇਲ੍ਹਾਂ 'ਚ ਬੰਦ ਗੈਂਗਸਟਰਾਂ ਨੇ ਰੁਕਵਾਇਆ ਹੈ। ਟੂਰਨਾਮੈਂਟ ਦੇ ਪ੍ਰਬੰਧਕਾਂ ਨੇ ਖਿਡਾਰੀਆਂ ਨੂੰ ਧਮਕੀਆਂ ਮਿਲਣ ਤੋਂ ਇਨਕਾਰ ਕੀਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕਬੱਡੀ ਕੱਪ ਵਿਚ ਓਪਨ ਦੀਆਂ 12 ਮਸ਼ਹੂਰ ਟੀਮਾਂ ਆਈਆਂ ਸਨ ਜਿਨ੍ਹਾਂ ਨੇ ਚਾਰ ਮੈਚਾਂ ਤੋਂ ਬਾਅਦ ਅਚਾਨਕ ਹੀ ਮੈਦਾਨ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ। ਪ੍ਰਬੰਧਕਾਂ ਨੇ ਨੇੜਲੇ ਪਿੰਡ ਨਾਨਕਸਰ ਕਲੇਰਾਂ ਵਿਚ ਚੱਲ ਰਹੇ ਕਬੱਡੀ ਟੂਰਨਾਮੈਂਟ ਦਾ ਹਵਾਲਾ ਦੇ ਕੇ ਹਕੀਕਤ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਜਰੂਰ ਕੀਤੀ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਲਾਰੈਂਸ ਬਿਸ਼ਨੋਈ ਦੇ ਕਰੀਬੀ ਗੈਂਗਸਟਰ ਜੱਗੂ ਭਗਵਾਨਪੁਰੀਆ ਵੱਲੋਂ ਟੀਮਾਂ ਨੂੰ ਟੂਰਨਾਮੈਂਟ ਵਿਚ ਆਉਣ ਤੋਂ ਰੋਕਣ ਦੀ ਖਬਰ ਹੈ। ਇਹ ਵੀ ਪਤਾ ਲੱਗਾ ਹੈ ਕਿ ਬਿਸ਼ਨੋਈ ਗੈਂਗ ਨੇ ਸਾਰੇ ਟੂਰਨਾਮੈਂਟ ਪ੍ਰਬੰਧਕਾਂ ਨੂੰ ਸਿੱਧੂ ਮੂਸੇਵਾਲਾ ਦੀ ਯਾਦ ਵਿਚ ਟੂਰਨਾਮੈਂਟ ਕਰਵਾਉਣ ਤੋਂ ਵਰਜਿਆ ਹੈ।

# ਵਿਕਾਸ ਦਰ 7 ਫੀਸਦ ਨੇੜੇ ਰਹਿਣ ਦਾ ਅਨੁਮਾਨ

**ਮੁੰਬਈ:** ਰਿਜ਼ਰਵ ਬੈਂਕ ਦੇ ਫਰਵਰੀ ਬੁਲੇਟਿਨ ਵਿਚ 'ਦੇਸ਼ ਦੇ ਅਰਥਚਾਰੇ ਦੀ ਹਾਲਤ' ਬਾਰੇ ਛਪੇ ਮਜ਼ਮੂਨ ਵਿਚ ਕਿਹਾ ਗਿਆ ਹੈ ਕਿ ਕੇਂਦਰੀ ਬਜਟ ਪੂੰਜੀਗਤ ਖਰਚਿਆਂ 'ਤੇ ਕੇਂਦਰਿਤ ਹੈ। ਮਜ਼ਮੂਨ ਮੁਤਾਬਕ ਬਜਟ ਵਿਚ ਕੀਤੀਆਂ ਵਿਵਸਥਾਵਾਂ ਨਾਲ ਨਿੱਜੀ ਨਿਵੇਸ਼ ਵਧਣ ਦੀ ਉਮੀਦ ਹੈ ਤੇ ਅਪਰੈਲ ਤੋਂ ਸ਼ੁਰੂ ਹੋ ਰਹੇ ਅਗਲੇ ਵਿੱਤੀ ਸਾਲ ਵਿਚ ਜੀ.ਡੀ.ਪੀ. ਅਧਾਰਿਤ ਵਿਕਾਸ ਦਰ ਦੇ 7 ਫੀਸਦ ਦੇ ਨੇੜੇ ਤੇੜੇ ਰਹਿਣ ਦਾ ਅਨੁਮਾਨ ਹੈ। ਇਹ ਮਜ਼ਮੂਨ ਆਰ.ਬੀ.ਆਈ. ਦੇ ਫਰਵਰੀ 2023 ਬੁਲੇਟਿਨ ਵਿਚ ਪ੍ਰਕਾਸ਼ਿਤ ਹੋਇਆ ਹੈ। ਮਜ਼ਮੂਨ ਮੁਤਾਬਕ ਅਗਾਮੀ ਵਿੱਤੀ ਸਾਲ 2023-24 ਵਿਚ ਪੂੰਜੀਗਤ ਖਰਚੇ ਲਈ ਬਜਟ ਵਿਚ 10 ਲੱਖ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ, ਜੋ ਜੀ.ਡੀ.ਪੀ. ਦਾ 3.3 ਫੀਸਦ ਹੈ।

# ਪੰਜਾਬ ਪੁਲਿਸ ਨੇ ਅੰਤਰ-ਰਾਜੀ ਜ਼ਿਲ੍ਹਿਆਂ ਵਿਚ ਵਧਾਈ ਚੌਕਸੀ



**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸੂਬੇ ਵਿਚ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ 'ਅਪਰੇਸ਼ਨ ਸੀਲ' ਚਲਾਇਆ ਅਤੇ ਪੰਜਾਬ 'ਚ ਦਾਖਲ ਹੋਣ ਵਾਲੇ ਸਾਰੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਹ ਕਾਰਵਾਈ ਡੀ.ਜੀ.ਪੀ. ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 'ਅਪਰੇਸ਼ਨ ਸੀਲ' ਦੌਰਾਨ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਰਾਜਸਥਾਨ ਅਤੇ ਹਰਿਆਣਾ ਨਾਲ ਲੱਗਦੀਆਂ ਸਰਹੱਦਾਂ ਵਾਲੇ ਪੰਜਾਬ ਦੇ 10 ਜ਼ਿਲ੍ਹਿਆਂ ਦੇ ਸਾਰੇ 131 ਪ੍ਰਵੇਸ਼ ਦੁਆਰ ਤੇ ਸੂਬੇ ਤੋਂ ਬਾਹਰ ਜਾਣ ਵਾਲੇ ਰਾਹਾਂ (ਐਂਟਰੀ ਤੇ ਐਗਜ਼ਿਟ ਪੁਆਇੰਟ) 'ਤੇ ਇੰਸਪੈਕਟਰਾਂ ਤੇ ਉਪ ਪੁਲਿਸ ਕਪਤਾਨਾਂ ਦੀ ਨਿਗਰਾਨੀ ਹੇਠ 1600 ਪੁਲਿਸ ਮੁਲਾਜ਼ਮਾਂ ਵੱਲੋਂ ਨਾਕੇ ਲਗਾਏ ਗਏ। ਇਨ੍ਹਾਂ ਵਿਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੋਪੜ, ਐਸ.ਏ.ਐਸ. ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਤੇ ਬਠਿੰਡਾ ਸ਼ਾਮਲ ਹਨ। ਪੰਜਾਬ ਪੁਲਿਸ ਦਾ ਅਪਰੇਸ਼ਨ ਸਵੇਰੇ 8 ਤੋਂ ਦੁਪਹਿਰ 2 ਵਜੇ ਤੱਕ ਪੂਰੇ ਤਾਲਮੇਲ ਨਾਲ ਚਲਾਇਆ ਗਿਆ।

ਇਸ ਸਬੰਧੀ ਏ.ਡੀ.ਜੀ.ਪੀ. ਅਰਪਿਤ ਸ਼ੁਕਲਾ ਨੇ ਕਿਹਾ ਕਿ ਸੂਬੇ ਵਿਚ ਦਾਖਲ ਹੋਣ ਵਾਲੇ 6378 ਵਾਹਨਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਵਿਚੋਂ 366 ਦੇ ਚਲਾਨ ਅਤੇ 32 ਵਾਹਨਾਂ ਨੂੰ ਜ਼ਬਤ ਕੀਤਾ ਗਿਆ। ਇਸ ਤੋਂ ਇਲਾਵਾ ਪੁਲਿਸ ਨੇ 33 ਕੇਸ ਦਰਜ ਕੀਤੇ ਹਨ, ਜਦੋਂ ਕਿ ਤਿੰਨ ਭਗੌੜੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ 70 ਕਿਲੋ ਭੁੱਕੀ, 1 ਕਿਲੋ ਚਰਸ, 110 ਗ੍ਰਾਮ ਹੈਰੋਇਨ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਏ.ਡੀ.ਜੀ.ਪੀ. ਨੇ ਕਿਹਾ ਕਿ ਅਪ੍ਰੇਸ਼ਨ ਦੌਰਾਨ ਸ਼ੱਕੀ ਵਾਹਨਾਂ/ਵਿਅਕਤੀਆਂ ਦੀ ਤਲਾਸ਼ੀ ਕੀਤੀ ਗਈ ਤੇ ਲੋਕਾਂ ਦੀ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਇਆ ਗਿਆ।

# ਫਰੀਦਕੋਟ ਰਿਆਸਤ ਦੇ ਜੰਗਲਾਂ ਵਿਚ ਬਾਗ ਲਾਵੇਗੀ ਫੌਜ



**ਫ਼ਰੀਦਕੋਟ:** ਫਰੀਦਕੋਟ ਰਿਆਸਤ ਦੇ ਬੀੜ ਘੁਗਿਆਣਾ ਵਿਚ ਭਾਰਤੀ ਫੌਜ ਹੁਣ ਬਾਗ ਲਾਵੇਗੀ। ਇਸ ਜੰਗਲ ਦੀ ਸਾਂਭ-ਸੰਭਾਲ ਪਹਿਲਾਂ ਸ਼ਾਹੀ ਟਰੱਸਟ ਕਰ ਰਿਹਾ ਸੀ ਪਰ ਸੁਪਰੀਮ ਕੋਰਟ ਵੱਲੋਂ ਪਿਛਲੇ ਸਾਲ ਮਹਾਰਾਵਲ ਖੇਵਾ ਜੀ ਟਰੱਸਟ ਭੰਗ ਕਰ ਦਿੱਤਾ ਗਿਆ ਸੀ। ਜੰਗਲ ਦੇ ਇਕ ਹਿੱਸੇ ਨੂੰ ਫੌਜ ਪਿਛਲੇ ਲੰਬੇ ਸਮੇਂ ਤੋਂ ਵਰਤ ਰਹੀ ਸੀ ਪਰ ਟਰੱਸਟ ਭੰਗ ਹੋਣ ਮਗਰੋਂ ਫੌਜ ਨੇ ਪੂਰੇ ਜੰਗਲ ਨੂੰ ਆਪਣੇ ਕਬਜ਼ੇ ਹੇਠ ਲੈ ਲਿਆ ਹੈ ਅਤੇ ਮੁਹਿੰਮ ਸ਼ੁਰੂ ਕਰ ਦਿੱਤੀ ਹੈ, ਜਿਸ ਵਿਚ ਲਾਗਲੇ ਪਿੰਡਾਂ ਦੇ ਲੋਕਾਂ ਤੇ ਸਕੂਲੀ ਬੱਚਿਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਫੌਜ ਦੇ ਜੇ.ਸੀ.ਓ. ਗੁਰਭੇਜ ਸਿੰਘ ਅਤੇ ਵਿਪਨ ਨੇ ਕਿਹਾ ਕਿ ਜੰਗਲ ਦੇ ਇਕ ਹਿੱਸੇ ਵਿਚ ਬਾਗ਼ ਲੱਗਣ ਨਾਲ ਇਲਾਕੇ ਵਿਚ ਖੁਸ਼ਹਾਲੀ ਤੇ ਰੌਣਕ ਆਵੇਗੀ। ਮਿਲੀ ਜਾਣਕਾਰੀ ਅਨੁਸਾਰ 1951 ਵਿਚ ਫਰੀਦਕੋਟ ਦੇ ਰਾਜਾ ਹਰਿੰਦਰ ਸਿੰਘ ਨੇ ਜੰਗਲ ਦੇ ਇਕ ਹਿੱਸੇ ਨੂੰ ਫੌਜ ਹਵਾਲੇ ਕਰ ਦਿੱਤਾ ਸੀ ਅਤੇ ਬਾਕੀ ਜੰਗਲ ਵਿਚ ਰਾਜਾ ਹਰਿੰਦਰ ਸਿੰਘ ਵੱਲੋਂ ਦੁਰਲੱਭ ਪੰਛੀ ਤੇ ਜਾਨਵਰ ਛੱਡੇ ਗਏ ਸਨ ਪਰ ਸਮਾਂ ਬੀਤਣ 'ਤੇ ਰੁੱਖਾਂ ਦੇ ਨਾਲ-ਨਾਲ ਜੰਗਲੀ ਜਾਨਵਰ ਅਤੇ ਪੰਛੀ ਵੀ ਇੱਥੋਂ ਚਲੇ ਗਏ।

ਸ਼ਾਹੀ ਟਰੱਸਟ ਨੇ ਇਸ ਜੰਗਲ ਦੀ ਸ਼ਾਨ ਬਹਾਲ ਕਰਨ ਲਈ ਤਿੰਨ ਸਾਲ ਪਹਿਲਾਂ ਉਪਰਾਲੇ ਸ਼ੁਰੂ ਕੀਤੇ ਸਨ ਅਤੇ ਇਸ ਜੰਗਲ ਵਿਚ 10 ਹਜ਼ਾਰ ਵਿਰਾਸਤੀ ਬੂਟੇ ਲਾਏ ਗਏ ਸਨ ਪਰ ਇਸੇ ਦਰਮਿਆਨ ਸ਼ਾਹੀ ਪਰਿਵਾਰ ਦਰਮਿਆਨ ਜਾਇਦਾਦ ਦੀ ਵੰਡ ਨੂੰ ਲੈ ਕੇ ਵਿਵਾਦ ਵੱਧ ਗਿਆ ਅਤੇ ਫੌਜ ਨੇ ਇਸ ਜੰਗਲ ਵਿਚ ਸ਼ਾਹੀ ਟਰੱਸਟ ਦੀ ਦਖਲਅੰਦਾਜ਼ੀ ਬੰਦ ਕਰ ਦਿੱਤੀ।

# ਮੂਸੇਵਾਲਾ ਦੇ ਪਰਿਵਾਰ ਦੀ ਸਰਕਾਰਾਂ ਤੋਂ ਇਨਸਾਫ ਦੀ ਉਮੀਦ ਟੁੱਟੀ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਪੁੱਤ ਦੀ ਮੌਤ ਦਾ ਇਨਸਾਫ ਲੈ ਕੇ ਰਹਿਣਗੇ। ਉਹ ਪਿੰਡ ਮੂਸਾ ਵਿਚ ਪਹੁੰਚੇ ਮਰਹੂਮ ਗਾਇਕ ਦੇ ਚਾਹੁਣ ਵਾਲਿਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਹੁਲ ਗਾਂਧੀ, ਮੁੱਖ ਮੰਤਰੀ ਭਗਵੰਤ ਮਾਨ ਸਣੇ ਵੱਖ-ਵੱਖ ਆਗੂਆਂ ਨੂੰ ਮਿਲ ਚੁੱਕੇ ਹਨ, ਪਰ ਹੁਣ ਇਨਸਾਫ ਦੀ ਉਮੀਦ ਖ਼ਤਮ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਇਨਸਾਫ ਲਈ ਹੋਰ ਸੰਘਰਸ਼ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ 'ਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਿਰਫ਼ ਉਨ੍ਹਾਂ ਦੀਆਂ ਅੱਖਾਂ ਪੂੰਝੀਆਂ ਜਾ ਰਹੀਆਂ ਹਨ, ਪਰ ਜਿਨ੍ਹਾਂ ਨੇ ਕਤਲ ਦੀ ਸਾਜ਼ਿਸ਼ ਰਚੀ, ਉਨ੍ਹਾਂ ਨੂੰ ਨਾ ਤਾਂ ਅੱਜ ਤੱਕ ਫੜਿਆ ਗਿਆ ਅਤੇ ਨਾ ਹੀ ਫੜੇ ਜਾਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਮਹੀਨੇ ਆਪਣੇ ਪੁੱਤ ਦੀ ਬਰਸੀ ਮਨਾਉਣਗੇ, ਜਿਸ ਮੌਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਦੀ ਥਾਰ ਗੱਡੀ ਨੂੰ ਪੰਜਾਬ ਭਰ ਵਿਚ ਲਿਜਾਣਗੇ ਤਾਂ ਜੋ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਸਰਕਾਰ ਪਰਿਵਾਰ ਨੂੰ ਅੱਜ ਤੱਕ ਇਨਸਾਫ਼ ਨਹੀਂ ਦੇ ਸਕੀ।

# ਇਕਦਮ ਵਧੇ ਤਾਪਮਾਨ ਪਿੱਛੋਂ ਕਿਸਾਨਾਂ ਦੀ ਫਿਕਰਮੰਦੀ ਵਧੀ

**ਚੰਡੀਗੜ੍ਹ:** ਪੰਜਾਬ ਵਿਚ ਗਰਮੀ ਵਧਣ ਕਾਰਨ ਕਿਸਾਨ ਦੀ ਚਿੰਤਾ ਵਧ ਗਈ ਹੈ। ਫਿਕਰ ਦਾ ਵੱਡਾ ਕਾਰਨ ਤਾਪਮਾਨ ਵਿਚ ਹੋ ਰਿਹਾ ਵਾਧਾ ਹੈ। ਪਿਛਲੇ ਵਰ੍ਹੇ ਫਰਵਰੀ-ਮਾਰਚ 'ਚ ਵਧੇ ਤਾਪਮਾਨ ਨੇ ਕਣਕ ਦੇ ਝਾੜ ਨੂੰ ਸੱਟ ਮਾਰੀ ਸੀ। ਐਤਕੀਂ ਵੀ ਉਸ ਤਰ੍ਹਾਂ ਦੇ ਹਾਲਾਤ ਬਣਦੇ ਨਜ਼ਰ ਆ ਰਹੇ ਹਨ। ਕੁਝ ਦਿਨਾਂ ਤੋਂ ਜਿਸ ਤਰੀਕੇ ਨਾਲ ਆਮ ਨਾਲੋਂ ਦੋ-ਤਿੰਨ ਡਿਗਰੀ ਪਾਰਾ ਵਧਿਆ ਹੈ, ਉਸ ਤੋਂ ਕਿਸਾਨਾਂ ਨੂੰ ਜਾਪਦਾ ਹੈ ਕਿ ਝਾੜ ਮੁੜ ਘਟੇਗਾ। ਕਣਕ ਦੇ ਝਾੜ ਵਿਚ ਪਿਛਲੇ ਵਰ੍ਹੇ 15 ਤੋਂ 20 ਫ਼ੀਸਦੀ ਤੱਕ ਕਮੀ ਆਈ ਸੀ।

ਖੇਤੀ ਅਫ਼ਸਰ ਤੇ ਮਾਹਿਰ ਵੀ ਬਦਲ ਰਹੇ ਮੌਸਮ ਦੇ ਮੱਦੇਨਜ਼ਰ ਯੋਜਨਾਬੰਦੀ ਕਰ ਰਹੇ ਹਨ। ਕੌਮਾਂਤਰੀ ਬਾਜ਼ਾਰ ਵਿਚ ਕਣਕ ਦੀ ਮੰਗ ਅਤੇ ਰੂਸ-ਯੂਕਰੇਨ ਜੰਗ ਕਰਕੇ ਕਿਸਾਨਾਂ ਨੂੰ ਕਣਕ ਦੇ ਭਾਅ ਉਚੇ ਰਹਿਣ ਦੀ ਉਮੀਦ ਹੈ। ਕਿਸਾਨਾਂ ਦਾ ਕਹਿਣਾ ਸੀ ਕਿ ਬਹੁਤੇ ਕਿਸਾਨ ਤਾਂ ਚੰਗੀ ਮਾਰਕੀਟ ਨੂੰ ਦੇਖਦਿਆਂ ਕਣਕ ਭੰਡਾਰਨ ਬਾਰੇ ਵੀ ਸੋਚਣ ਲੱਗੇ ਹਨ ਪਰ ਹੁਣ ਗਰਮ ਦਿਨਾਂ ਕਰਕੇ ਕਣਕ ਦਾ ਝਾੜ ਘਟਣ ਦਾ ਡਰ ਹੈ। ਪੰਜਾਬ ਵਿਚ ਇਸ ਸਾਲ ਕਣਕ ਹੇਠ ਰਕਬਾ 34.90 ਲੱਖ ਹੈਕਟੇਅਰ ਹੈ। ਮੁਢਲੇ ਰੁਝਾਨ ਤੋਂ ਸਰਕਾਰ ਨੂੰ ਉਮੀਦ ਸੀ ਕਿ ਸੂਬੇ ਵਿਚ ਕਣਕ ਦਾ ਉਤਪਾਦਨ ਐਤਕੀਂ 167-170 ਲੱਖ ਮੀਟਰਿਕ ਟਨ ਹੋਵੇਗਾ ਅਤੇ ਇਸ ਵਿਚੋਂ 120-130 ਲੱਖ ਮੀਟਰਿਕ ਟਨ ਕਣਕ ਸਰਕਾਰੀ ਖਰੀਦ ਲਈ ਮੰਡੀਆਂ ਵਿਚ ਪੁੱਜੇਗੀ। ਪਿਛਲੇ ਸਾਲ ਮਾਰਚ ਮਹੀਨੇ ਵਿਚ ਤਾਪਮਾਨ ਆਮ ਨਾਲੋਂ ਪੰਜ ਡਿਗਰੀ ਵੱਧ ਰਿਹਾ ਸੀ ਜਿਸ ਕਰਕੇ ਕਣਕ ਦੀ ਪੈਦਾਵਾਰ ਤੇਜ਼ੀ ਨਾਲ ਘੱਟ ਕੇ 148 ਲੱਖ ਮੀਟਰਿਕ ਟਨ ਹੀ ਰਹਿ ਗਈ ਸੀ।



ਲੰਘੇ ਵਰ੍ਹੇ ਮੰਡੀਆਂ ਵਿਚੋਂ 95 ਲੱਖ ਮੀਟਰਿਕ ਟਨ ਕਣਕ ਖ਼ਰੀਦ ਕੀਤੀ ਗਈ ਸੀ। ਇਸ ਵਰ੍ਹੇ ਕਣਕ ਦੀ ਫਸਲ ਦੀ ਸ਼ੁਰੂਆਤ ਤਾਂ ਚੰਗੀ ਰਹੀ ਅਤੇ ਬਿਮਾਰੀਆਂ ਤੋਂ ਵੀ ਬਚਾਅ ਰਿਹਾ। ਕਣਕ ਦੀ ਮੰਗ ਦੇਖੀਏ ਤਾਂ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਯੋਜਨਾ ਤਹਿਤ ਮੁਫ਼ਤ ਅਨਾਜ ਦਿੱਤੇ ਜਾਣ ਦੀ ਮਿਆਦ ਵਿਚ ਵਾਧਾ ਹੋਣ ਕਰਕੇ ਫ਼ਸਲ ਦੀ ਕਦਰ ਪਵੇਗੀ। ਪੰਜਾਬ ਵਿਚ ਅਨਾਜ ਦੀ ਮੂਵਮੈਂਟ ਵੀ ਇਸ ਵਾਰ ਤੇਜ਼ ਰਹੀ ਹੈ ਅਤੇ ਅਨਾਜ ਦੇ ਭੰਡਾਰ ਖਾਲੀ ਹੋਣ ਵਰਗੇ ਹਨ। ਪਿਛਲੇ ਛੇ ਵਰ੍ਹਿਆਂ 'ਤੇ ਨਜ਼ਰ ਮਾਰੀਏ ਤਾਂ 2018-19 ਦੇ ਸਾਲ ਵਿਚ ਸੂਬੇ ਵਿਚ 35.19 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਈ ਹੋਈ ਸੀ ਅਤੇ ਪੰਜਾਬ ਵਿਚ 182.57 ਲੱਖ ਮੀਟਰਿਕ ਟਨ ਕਣਕ ਦੀ ਪੈਦਾਵਾਰ ਹੋਈ ਸੀ ਜੋ ਆਪਣੇ ਆਪ ਵਿਚ ਰਿਕਾਰਡ ਸੀ। ਇਸ ਵਾਰ ਝਾੜ ਘਟਦਾ ਹੈ ਤਾਂ ਜਿੱਥੇ ਕਿਸਾਨਾਂ ਨੂੰ ਵਿੱਤੀ ਤੌਰ 'ਤੇ ਸੱਟ ਵੱਜੇਗੀ, ਉਥੇ ਸਰਕਾਰੀ ਖ਼ਜ਼ਾਨੇ ਨੂੰ ਵੀ ਨੁਕਸਾਨ ਹੋਵੇਗਾ। ਕੇਂਦਰੀ ਪੂਲ ਵਿਚ ਮਿਲਣ ਵਾਲੇ ਅਨਾਜ ਵੀ ਕਮੀ ਹੋਵੇਗੀ ਜਿਸ ਕਰਕੇ ਕੇਂਦਰ ਸਰਕਾਰ ਵੀ ਸਥਿਤੀ ਉਤੇ ਨਜ਼ਰ ਰੱਖ ਰਹੀ ਹੈ।

ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਕਈ ਦਿਨਾਂ ਤੋਂ ਵਧ ਰਹੀ ਗਰਮੀ ਕਣਕ ਦੀ ਫਸਲ ਲਈ ਠੀਕ ਨਹੀਂ ਹੈ ਪਰ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਅਸਥਾਈ ਪੜਾਅ ਹੈ ਅਤੇ ਤਾਪਮਾਨ ਵਿਚ ਹੋਰ ਵਾਧਾ ਹੋਣ ਦੀ ਘੱਟ ਉਮੀਦ ਹੈ। ਉਨ੍ਹਾਂ ਕਿਹਾ ਕਿ ਦਿਨਾਂ ਦੇ ਮੁਕਾਬਲੇ ਇਨ੍ਹਾਂ ਦਿਨਾਂ ਵਿਚ ਰਾਤਾਂ ਠੰਢੀਆਂ ਹਨ ਜਿਸ ਕਰਕੇ ਕਣਕ ਦੇ ਝਾੜ 'ਤੇ ਬਹੁਤਾ ਅਸਰ ਨਹੀਂ ਪਵੇਗਾ।

# ਸੁਪਰੀਮ ਕੋਰਟ ਵੱਲੋਂ ਖਹਿਰਾ ਖਿਲਾਫ ਜਾਰੀ ਸੰਮਨ ਰੱਦ

**ਜਲੰਧਰ:** ਸੁਪਰੀਮ ਕੋਰਟ ਨੇ ਸੀਨੀਅਰ ਕਾਂਗਰਸੀ ਆਗੂ ਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਵਿਰੁੱਧ ਫਾਜ਼ਿਲਕਾ ਦੀ ਅਦਾਲਤ ਵੱਲੋਂ ਐਨ.ਡੀ.ਪੀ.ਐਸ ਮਾਮਲੇ ਵਿਚ ਧਾਰਾ 319 ਤਹਿਤ ਜਾਰੀ ਕੀਤੇ ਸੰਮਨ ਰੱਦ ਕਰ ਦਿੱਤੇ ਹਨ। ਜਸਟਿਸ ਬੀ.ਆਰ ਗਵਈ ਅਤੇ ਜਸਟਿਸ ਵਿਕਰਮ ਨਾਥ ਦੀ ਬੈਂਚ ਨੇ 2015 ਦੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਮਾਮਲੇ ਵਿਚ ਫਾਜ਼ਿਲਕਾ ਦੀ ਇਕ ਅਦਾਲਤ ਵੱਲੋਂ ਸੁਖਪਾਲ ਖਹਿਰਾ ਖ਼ਿਲਾਫ ਜਾਰੀ ਸੰਮਨ ਰੱਦ ਕਰ ਦਿੱਤੇ। ਖਹਿਰਾ ਨੇ ਸੰਮਨ ਦੇ ਹੁਕਮ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਸੀ ਕਿ ਕੇਸ ਦੀ ਸੁਣਵਾਈ ਪੂਰੀ ਹੋਣ ਤੋਂ ਬਾਅਦ ਉਸ ਨੂੰ ਸੰਮਨ ਨਹੀਂ ਕੀਤਾ ਜਾ ਸਕਦਾ ਸੀ। ਐਫ.ਆਈ.ਆਰ ਮਾਰਚ 2015 ਵਿਚ ਦਰਜ ਕੀਤੀ ਗਈ ਸੀ। ਇਕ ਐਸ.ਆਈ.ਟੀ ਜਾਂਚ ਵਿਚ ਖਹਿਰਾ ਦਾ ਨਾਂ ਕਥਿਤ ਤੌਰ ਉਤੇ ਕੁਝ ਮੁਲਜ਼ਮਾਂ ਦੀ ਜਾਂਚ ਦੌਰਾਨ ਸਾਹਮਣੇ ਆਇਆ ਸੀ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ 9 ਵਿਅਕਤੀਆਂ ਨੂੰ 31 ਅਕਤੂਬਰ 2017 ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਸੇ ਹੁਕਮ ਵਿਚ ਹੇਠਲੀ ਅਦਾਲਤ ਨੇ ਖਹਿਰਾ ਨੂੰ 30 ਨਵੰਬਰ, 2017 ਲਈ ਵਾਧੂ ਮੁਲਜ਼ਮ ਵਜੋਂ ਸੰਮਨ ਜਾਰੀ ਕੀਤਾ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਪਾਲ ਸਿੰਘ ਖਹਿਰਾ ਨੇ ਦੱਸਿਆ ਕਿ ਆਖਰ ਸੱਚਾਈ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਮੇਰੇ ਖ਼ਿਲਾਫ ਐਨ.ਡੀ.ਪੀ.ਐਸ. ਦਾ ਮਾਮਲਾ ਮੇਰੀ ਆਵਾਜ਼ ਦਬਾਉਣ, ਮੈਨੂੰ ਬਦਨਾਮ ਕਰਨ ਅਤੇ ਧਮਕਾਉਣ ਦੀ ਯੋਜਨਾਬੱਧ ਸਾਜ਼ਿਸ਼ ਸੀ।



# ਮੁਫਤ ਸਫਰ ਨੇ ਪੀ.ਆਰ.ਟੀ.ਸੀ. ਦੀ ਗੱਡੀ ਲੀਹੋਂ ਲਾਹੀ

**ਚੰਡੀਗੜ੍ਹ:** ਔਰਤਾਂ ਨੂੰ ਮੁਫ਼ਤ ਸਫਰ ਦੀ ਸਹੂਲਤ ਦਿੱਤੇ ਜਾਣ ਮਗਰੋਂ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਦੀ ਆਰਥਿਕ ਹਾਲਤ ਦਾ ਧੂੰਆਂ ਨਿਕਲਣ ਲੱਗਿਆ ਹੈ। ਪੀ.ਆਰ.ਟੀ.ਸੀ. ਦੀਆਂ ਮੁਲਾਜ਼ਮ ਜਥੇਬੰਦੀਆਂ ਇਸ ਆਰਥਿਕ ਕੰਗਾਲੀ ਕਾਰਨ ਮੈਦਾਨ ਵਿਚ ਨਿੱਤਰ ਆਈਆਂ ਹਨ, ਜਦੋਂਕਿ ਮਾਲਵਾ ਖੇਤਰ ਵਿਚ ਕਾਰਪੋਰੇਸ਼ਨ ਨੂੰ ਘਾਟੇ ਕਾਰਨ ਬੱਸ ਸੇਵਾ ਨੂੰ ਬਰੇਕਾਂ ਲੱਗਣ ਦਾ ਖਦਸ਼ਾ ਖੜ੍ਹਾ ਹੋ ਗਿਆ ਹੈ। ਪੰਜਾਬ ਸਰਕਾਰ ਨੇ ਔਰਤਾਂ ਲਈ ਮੁਫ਼ਤ ਸਫ਼ਰ ਦੀ ਰਾਸ਼ੀ ਕਈ ਮਹੀਨਿਆਂ ਤੋਂ ਜਾਰੀ ਨਹੀਂ ਕੀਤੀ ਹੈ, ਜਿਸ ਕਾਰਨ ਕਾਰਪੋਰੇਸ਼ਨ ਦੀਆਂ ਨਵੀਆਂ ਬੱਸਾਂ ਲਈ ਡੀਜ਼ਲ ਦਾ ਖਰਚਾ ਕੱਢਣਾ ਮੁਸ਼ਕਲ ਹੋ ਗਿਆ ਹੈ।



ਪ੍ਰਾਪਤ ਵੇਰਵਿਆਂ ਮੁਤਾਬਕ, ਸੂਬਾਈ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਿਛਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਔਰਤਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਿੱਤੀ ਸੀ, ਪਰ ਇਸ ਰਾਸ਼ੀ ਦਾ ਕਾਰਪੋਰੇਸ਼ਨ ਨੂੰ ਸਮੇਂ ਸਿਰ ਭੁਗਤਾਨ ਨਾ ਹੋਣ ਕਾਰਨ ਪੀ.ਆਰ.ਟੀ.ਸੀ. ਦੀ ਗੱਡੀ ਖੁਦ ਲੀਹ ਤੋਂ ਲਹਿੰਦੀ ਜਾਪ ਰਹੀ ਹੈ। ਉਸ ਸਮੇਂ ਫੈਸਲਾ ਹੋਇਆ ਸੀ ਕਿ ਔਰਤਾਂ ਨੂੰ ਮੁਫ਼ਤ ਸਫ਼ਰ ਦੇ ਬਿੱਲ ਪੀ.ਆਰ.ਟੀ.ਸੀ, ਪੰਜਾਬ ਰੋਡਵੇਜ਼ ਅਤੇ ਪਨਬੱਸ ਵੱਲੋਂ ਹਰ ਮਹੀਨੇ ਸਰਕਾਰ ਨੂੰ ਭੇਜੇ ਜਾਣਗੇ ਅਤੇ ਸਰਕਾਰ ਉਸ ਦਾ ਬਣਦਾ ਭੁਗਤਾਨ ਹਰ ਮਹੀਨੇ ਕਰਦੀ ਰਹੇਗੀ। ਉਦੋਂ ਤੋਂ ਸਰਕਾਰ ਨੂੰ ਬਿੱਲ ਤਾਂ ਜਾ ਰਹੇ ਹਨ, ਪਰ ਇਨ੍ਹਾਂ ਦਾ ਭੁਗਤਾਨ ਨਹੀਂ ਹੋ ਰਿਹਾ।

ਕਾਰਪੋਰੇਸ਼ਨ ਦੇ ਜਥੇਬੰਦਕ ਆਗੂਆਂ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਦੇ ਪੰਜਾਬ ਸਰਕਾਰ ਵੱਲ 350 ਕਰੋੜ ਰੁਪਏ ਬਕਾਇਆ ਹਨ। ਪੰਜਾਬ ਰੋਡਵੇਜ਼ ਦੇ ਵੀ ਮਹਿਲਾ ਸਵਾਰੀਆਂ ਨੂੰ ਮੁਫ਼ਤ ਸਫ਼ਰ ਕਰਵਾਉਣ ਦੇ ਸਰਕਾਰ ਵੱਲ 177 ਕਰੋੜ ਰੁਪਏ ਬਕਾਇਆ ਖੜ੍ਹੇ ਹਨ। ਆਗੂਆਂ ਨੇ ਕਿਹਾ ਕਿ ਰੁਕੇ ਹੋਏ ਬਕਾਏ ਕਾਰਨ ਕਾਰਪੋਰੇਸ਼ਨ ਨੂੰ ਆਪਣੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਸਮੇਤ ਡੀਜ਼ਲ, ਸਪੇਅਰ-ਪਾਰਟਸ ਅਤੇ ਰੋਜ਼ਾਨਾ ਹੋਣ ਵਾਲੇ ਹੋਰ ਖਰਚੇ ਕੱਢਣਾ ਔਖਾ ਹੋ ਗਿਆ ਹੈ। ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਵਿਪੁਲ ਉੱਜਵਲ ਨੇ ਇਸ ਸਬੰਧੀ ਦੱਸਿਆ ਕਿ ਬੱਸਾਂ ਵਿਚ ਮੁਫ਼ਤ ਸਫ਼ਰ ਦੀ ਸਹੂਲਤ ਬਾਰੇ ਪੰਜਾਬ ਸਰਕਾਰ ਵੱਲ ਕਾਰਪੋਰੇਸ਼ਨ ਦੇ ਰਹਿੰਦੇ ਬਕਾਏ ਬਾਰੇ ਪੱਤਰ ਲਿਖਿਆ ਗਿਆ ਹੈ। ਸਰਕਾਰ ਨੇ ਜਲਦੀ ਹੀ ਬਕਾਇਆ ਰਾਸ਼ੀ ਦੇਣ ਦਾ ਭਰੋਸਾ ਦਿੱਤਾ ਹੈ।

# ਮੁੱਖ ਮੰਤਰੀ ਦੀ ਕੋਠੀ ਅੱਗੇ ਅਧਿਆਪਕਾਂ ਤੇ ਪੁਲਿਸ ਵਿਚਾਲੇ ਧੱਕਾਮੁੱਕੀ

**ਸੰਗਰੂਰ:** ਮੁੱਖ ਮੰਤਰੀ ਦੀ ਕੋਠੀ ਅੱਗੇ 4161 ਮਾਸਟਰ ਕਾਡਰ ਅਧਿਆਪਕਾਂ ਤੇ ਪੁਲਿਸ ਦਰਮਿਆਨ ਧੱਕਾਮੁੱਕੀ ਹੋਈ ਜਿਸ ਦੌਰਾਨ ਕਈਆਂ ਦੀਆਂ ਪੱਗਾਂ ਲੱਥ ਗਈਆਂ। ਭਰਤੀ ਪ੍ਰਕਿਰਿਆ ਦੌਰਾਨ ਚੁਣੇ ਗਏ 4161 ਅਧਿਆਪਕ ਸਟੇਸ਼ਨ ਅਲਾਟ ਕਰਨ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਸਨ। ਪੁਲਿਸ ਵੱਲੋਂ ਰੋਕੇ ਜਾਣ 'ਤੇ ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਅੱਗੇ ਸੜਕ 'ਤੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਪੰਜਾਬ ਭਰ ਤੋਂ ਚੁਣੇ ਗਏ 4161 ਮਾਸਟਰ ਕਾਡਰ ਅਧਿਆਪਕ ਸਥਾਨਕ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਜਿੱਥੋਂ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਅੱਗੇ ਪੁੱਜੇ। ਨਾਕਾਬੰਦੀ ਦੇ ਬਾਵਜੂਦ ਜਿਉਂ ਹੀ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਧੂਹ ਕੇ ਜਬਰੀ ਮੁੱਖ ਮੰਤਰੀ ਦੀ ਕੋਠੀ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨਾਲ ਧੱਕਾਮੁੱਕੀ ਹੋਈ ਜਿਸ ਦੌਰਾਨ ਕਈ ਪ੍ਰਦਰਸ਼ਨਕਾਰੀਆਂ ਦੀਆਂ ਪੱਗਾਂ ਲੱਥ ਗਈਆਂ। ਇਸ ਮੌਕੇ ਸੂਬਾ ਕਮੇਟੀ ਮੈਂਬਰ ਸੰਦੀਪ ਗਿੱਲ ਨੇ ਦੋਸ਼ ਲਾਇਆ ਕਿ ਪੁਲਿਸ ਵੱਲੋਂ ਅਧਿਆਪਕਾਂ ਉਪਰ ਲਾਠੀਚਾਰਜ ਕੀਤਾ ਗਿਆ। ਉਨ੍ਹਾਂ ਸਮੇਤ ਗੁਰਮੁੱਖ ਸਿੰਘ ਕੋਟਭਾਈ ਤੇ ਬਲਵੀਰ ਸਿੰਘ ਦੀਆਂ ਪੱਗਾਂ ਲੱਥ ਗਈਆਂ ਅਤੇ ਕਈਆਂ ਦੇ ਸੱਟਾਂ ਵੀ ਲੱਗੀਆਂ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੀਤੀ 5 ਜਨਵਰੀ ਨੂੰ ਲੁਧਿਆਣਾ ਵਿਚ 4161 ਅਧਿਆਪਕਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਸਨ ਪਰ ਡੇਢ ਮਹੀਨੇ ਬਾਅਦ ਵੀ ਅਜੇ ਤੱਕ ਸਟੇਸ਼ਨ ਅਲਾਟ ਨਹੀਂ ਕੀਤੇ ਗਏ ਅਤੇ ਲਗਾਤਾਰ ਟਾਲ ਮਟੋਲ ਕੀਤੀ ਜਾ ਰਹੀ ਹੈ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਪੁੱਜੇ ਡਿਊਟੀ ਮੈਜਿਸਟ੍ਰੇਟ ਨੇ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਮਾਰਚ ਮਹੀਨੇ ਦੇ ਦੂਜੇ ਹਫ਼ਤੇ ਪੋਰਟਲ ਖੋਲ੍ਹ ਦਿੱਤਾ ਜਾਵੇਗਾ। ਇਸ ਮਗਰੋਂ ਪ੍ਰਦਰਸ਼ਨਕਾਰੀ ਸ਼ਾਂਤ ਹੋਏ ਅਤੇ ਧਰਨਾ ਸਮਾਪਤ ਕੀਤਾ।

# ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਗੁਰਦੁਆਰਾ ਉਸਾਰਨ ਖਿਲਾਫ ਮਰਨ ਵਰਤ

**ਭਵਾਨੀਗੜ੍ਹ:** ਗੁਰਦੁਆਰਾ ਸ੍ਰੀ ਮਸਤੂਆਣਾ ਸਾਹਿਬ ਵਿਖੇ ਹਰਿਮੰਦਰ ਸਾਹਿਬ ਦੀ ਤਰਜ਼ ਉਤੇ ਬਣਾਏ ਗਏ ਗੁਰਦੁਆਰੇ ਵਿਚ ਤਬਦੀਲੀ ਨਾ ਕਰਨ ਦੇ ਰੋਸ ਵਜੋਂ ਪੰਥਕ ਵਿਚਾਰ ਮੰਚ ਦੇ ਆਗੂ ਜਥੇਦਾਰ ਪਰਸ਼ੋਤਮ ਸਿੰਘ ਫੱਗੂਵਾਲਾ ਵੱਲੋਂ ਬੀਤੇ ਦਿਨ ਤੋਂ ਆਪਣੇ ਪਿੰਡ ਫੱਗੂਵਾਲਾ ਵਿਚਲੇ ਘਰ ਵਿਚ ਹੀ ਮਰਨ ਵਰਤ ਸ਼ੁਰੂ ਕੀਤਾ ਗਿਆ ਹੈ। ਇਸ ਦੌਰਾਨ ਜਥੇਦਾਰ ਫੱਗੂਵਾਲਾ ਨੇ ਪ੍ਰਣ ਲਿਆ ਕਿ ਜਦੋਂ ਤੱਕ ਗੁਰੂ ਘਰ ਦੀ ਇਮਾਰਤ ਵਿਚ ਤਬਦੀਲੀ ਨਹੀਂ ਹੋ ਜਾਂਦੀ ਉਦੋਂ ਤੱਕ ਉਹ ਕੁਝ ਵੀ ਗ੍ਰਹਿਣ ਨਹੀਂ ਕਰਨਗੇ।



ਇਸ ਸਬੰਧੀ ਆਪਣੇ ਨਿਵਾਸ 'ਤੇ ਗੱਲਬਾਤ ਕਰਦਿਆਂ ਜਥੇਦਾਰ ਫੱਗੂਵਾਲਾ ਨੇ ਕਿਹਾ ਕਿ ਮਸਤੂਆਣਾ ਸਾਹਿਬ ਦੀ ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈ, ਜਿਸ ਸਬੰਧੀ ਕਮੇਟੀ ਤੇ ਮਸਤੂਆਣਾ ਸਾਹਿਬ ਟਰੱਸਟ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕੇਸ ਵਿਚਾਰ ਅਧੀਨ ਹੈ। ਇਸ ਟਰੱਸਟ ਦੇ ਪ੍ਰਧਾਨ ਇਕ ਸੀਨੀਅਰ ਅਕਾਲੀ ਆਗੂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਾਜ਼ਿਸ਼ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਰਗਾ ਗੁਰੂ ਘਰ ਬਣਾ ਕੇ ਸਿੱਖਾਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਦੇ ਵਿਰੋਧ ਵਿਚ ਉਹ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਉਨ੍ਹਾਂ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲ ਕੇ ਕਈ ਵਾਰ ਸ਼ਿਕਾਇਤ ਕੀਤੀ ਗਈ ਪਰ ਹਰਿਮੰਦਰ ਸਾਹਿਬ ਵਰਗੇ ਗੁਰੂ ਘਰ ਵਿਚ ਤਬਦੀਲੀ ਨਹੀਂ ਕਰਵਾਈ ਗਈ। ਉਨ੍ਹਾਂ ਐਲਾਨ ਕੀਤਾ ਕਿ ਉਹ ਆਖਰੀ ਦਮ ਤੱਕ ਆਪਣਾ ਸੰਘਰਸ਼ ਜਾਰੀ ਰੱਖਣਗੇ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਤੁਰਤ ਇਸ ਮਾਮਲੇ 'ਚ ਦਖ਼ਲ ਦੇਵੇ।

# ਕੈਨੇਡਾ ਨੇ ਪੰਜਾਬੀਆਂ ਨੂੰ ਵੀਜ਼ਾ ਸ਼ਰਤਾਂ 'ਚ ਰਾਹਤ ਦਿੱਤੀ: ਹਰਦੀਪ ਗਰੇਵਾਲ

**ਮਾਛੀਵਾੜਾ:** ਕੈਨੇਡਾ ਦੇ ਬਰੈਂਪਟਨ ਉਂਟਾਰੀਓ (ਈਸਟ) ਹਲਕੇ ਤੋਂ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਸਿੰਘ ਗਰੇਵਾਲ ਮਾਛੀਵਾੜਾ ਦੇ ਇਤਿਹਾਸਕ ਗੁਰਦੁਆਰਾ ਚਰਨ ਕੰਵਲ ਸਾਹਿਬ ਨਤਮਸਤਕ ਹੋਏ ਜਿੱਥੇ ਇਲਾਕਾ ਵਾਸੀਆਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕਰਦਿਆਂ ਸਨਮਾਨਿਤ ਕੀਤਾ। ਜਾਣਕਾਰੀ ਅਨੁਸਾਰ ਡਿਪਟੀ ਟਰਾਂਸਪੋਰਟ ਮੰਤਰੀ ਹਰਦੀਪ ਗਰੇਵਾਲ ਮਾਛੀਵਾੜਾ ਵਿਚ ਆਪਣੇ ਮਾਮਾ ਤੇ ਸੀਨੀਅਰ ਕਿਸਾਨ ਆਗੂ ਮਨਮੋਹਣ ਸਿੰਘ ਖੇੜਾ ਤੇ ਨਗਿੰਦਰ ਸਿੰਘ ਮਾਂਗਟ ਦੇ ਗ੍ਰਹਿ ਪੁੱਜੇ।

ਇਸ ਮੌਕੇ ਹਰਦੀਪ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਤੋਂ ਕੈਨੇਡਾ ਜਾਣ ਵਾਲੇ ਬੱਚੇ ਪੂਰੀ ਤਿਆਰੀ ਕਰਕੇ ਜਾਣ ਤਾਂ ਹੀ ਉਹ ਨਵੇਂ ਦੇਸ਼ ਵਿਚ ਆਉਣ ਵਾਲੀਆਂ ਪਰੇਸ਼ਾਨੀਆਂ ਤੋਂ ਬਚ ਸਕਦੇ ਹਨ। ਉਨ੍ਹਾਂ ਕਿਹਾ ਕਿ ਗਰੀਬ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਲਈ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰਦੀਆਂ ਹਨ ਤੇ ਵਿਦਿਆਰਥੀ ਇਨ੍ਹਾਂ ਸਮਾਜਿਕ ਜਥੇਬੰਦੀਆਂ ਨਾਲ ਰਾਬਤਾ ਕਰਕੇ ਆਪਣਾ ਭਵਿੱਖ ਸੁਨਹਿਰੀ ਬਣਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਵੱਲੋਂ ਪੰਜਾਬੀਆਂ ਲਈ ਵੀਜ਼ਾ ਸ਼ਰਤਾਂ 'ਚ ਰਾਹਤ ਦਿੱਤੀ ਜਾ ਰਹੀ ਹੈ। ਉਨ੍ਹਾਂ ਗੁਰਦੁਆਰਾ ਚਰਨ ਕੰਵਲ ਸਾਹਿਬ ਦੇ ਲੰਗਰਾਂ ਵਾਸਤੇ ਪ੍ਰਬੰਧਕਾਂ ਨੂੰ ਇਕ ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ। ਇਸ ਤੋਂ ਬਾਅਦ ਉਨ੍ਹਾਂ ਇੰਟਰਨੈਸ਼ਨਲ ਸਿੱਖ ਅਜਾਇਬ ਘਰ ਦਾ ਵੀ ਦੌਰਾ ਕੀਤਾ।

# ਤਕਨੀਕੀ ਸਿੱਖਿਆ ਤੋਂ ਮੂੰਹ ਫੇਰਨ ਲੱਗੇ ਪੰਜਾਬ ਦੇ ਵਿਦਿਆਰਥੀ

**ਚੰਡੀਗੜ੍ਹ:** ਪੰਜਾਬ ਵਿਚ ਲੰਘੇ ਪੰਜ ਸਾਲਾਂ 'ਚ ਤਕਨੀਕੀ ਸਿੱਖਿਆ ਦੇ 138 ਕਾਲਜਾਂ ਨੂੰ ਤਾਲੇ ਵੱਜ ਗਏ ਹਨ। ਜਿਹੜੇ ਤਕਨੀਕੀ ਕਾਲਜ ਚੱਲ ਰਹੇ ਹਨ, ਉਨ੍ਹਾਂ ਵਿਚ 55 ਫ਼ੀਸਦੀ ਸੀਟਾਂ ਖਾਲੀ ਰਹਿ ਜਾਂਦੀਆਂ ਹਨ। ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਦੇ ਵੇਰਵੇ ਪੰਜਾਬ ਵਿਚ ਤਕਨੀਕੀ ਸਿੱਖਿਆ ਦੀ ਤਰਾਸਦੀ ਨੂੰ ਉਭਾਰਦੇ ਹਨ।

ਇਸ ਟੈਕਨੀਕਲ ਕੌਂਸਲ ਤੋਂ ਪ੍ਰਵਾਨਿਤ ਤਕਨੀਕੀ ਕਾਲਜਾਂ ਦੀ ਗਿਣਤੀ ਇਸ ਵੇਲੇ ਪੰਜਾਬ ਵਿਚ ਸਿਰਫ 255 ਰਹਿ ਗਈ ਹੈ ਜਦੋਂ ਕਿ 2018-19 ਵਿਚ ਇਹ ਅੰਕੜਾ 393 ਕਾਲਜਾਂ ਦਾ ਸੀ। ਤਕਨੀਕੀ ਕੋਰਸਾਂ ਦੀਆਂ ਸੀਟਾਂ 'ਤੇ ਨਜ਼ਰ ਮਾਰੀਏ ਤਾਂ 2014-15 ਵਿਚ ਇਨ੍ਹਾਂ ਸਾਰੇ ਕਾਲਜਾਂ ਵਿਚ 1.44 ਲੱਖ ਸੀਟਾਂ ਸਨ, ਜਿਨ੍ਹਾਂ ਦੀ ਗਿਣਤੀ 2022-23 ਵਿਚ ਘੱਟ ਕੇ 71,762 ਰਹਿ ਗਈ ਹੈ।

ਪੰਜਾਬ ਦੇ ਇਨ੍ਹਾਂ ਤਕਨੀਕੀ ਅਦਾਰਿਆਂ 'ਚ ਆਰਕੀਟੈਕਚਰ, ਪਲੈਨਿੰਗ, ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਟਾਊਨ ਪਲੈਨਿੰਗ, ਮੈਨੇਜਮੈਂਟ, ਐਮ.ਸੀ.ਏ, ਹੋਟਲ ਮੈਨੇਜਮੈਂਟ ਅਤੇ ਫਾਰਮੇਸੀ ਵਿਚ ਡਿਪਲੋਮਾ, ਗਰੈਜੂਏਟ ਅਤੇ ਪੋਸਟ ਗਰੈਜੂਏਟ ਕੋਰਸ ਚੱਲ ਰਹੇ ਹਨ। ਵੱਡੇ-ਵੱਡੇ ਗਰੁੱਪ ਅਤੇ ਕਾਲਜਾਂ ਨੂੰ ਉਸ ਵੇਲੇ ਜਿੰਦਰੇ ਵੱਜ ਗਏ ਜਦੋਂ ਉਨ੍ਹਾਂ ਦੇ ਅਦਾਰਿਆਂ ਤੋਂ ਵਿਦਿਆਰਥੀਆਂ ਨੇ ਮੂੰਹ ਮੋੜ ਲਏ। ਪੰਜਾਬ ਵਿਚ ਤਕਨੀਕੀ ਹੁਨਰ ਦੀ ਮੰਗ ਦੇ ਮੌਕੇ ਘੱਟ ਗਏ ਅਤੇ 2016-17 ਤੋਂ ਪੰਜਾਬ ਦੀ ਜਵਾਨੀ ਨੇ ਵਿਦੇਸ਼ਾਂ ਵੱਲ ਮੂੰਹ ਕਰ ਲਏ। ਤੱਥਾਂ ਅਨੁਸਾਰ 2014-15 ਵਿਚ ਤਕਨੀਕੀ ਕਾਲਜਾਂ ਵਿਚ 70,830 ਵਿਦਿਆਰਥੀ ਦਾਖਲ ਹੋਏ ਸਨ ਅਤੇ ਸਿਰਫ਼ 48 ਫ਼ੀਸਦੀ ਸੀਟਾਂ ਹੀ ਭਰੀਆਂ ਸਨ। ਉਦੋਂ 58,743 ਵਿਦਿਆਰਥੀ ਪਾਸ ਹੋਏ ਸਨ ਅਤੇ ਇਨ੍ਹਾਂ 'ਚੋਂ 20,039 ਦੀ ਪਲੇਸਮੈਂਟ ਹੋ ਗਈ ਸੀ। ਪਿਛਲੇ ਸੱਤ ਸਾਲਾਂ ਵਿਚ ਤਕਨੀਕੀ ਕਾਲਜਾਂ 'ਚੋਂ 2.79 ਲੱਖ ਵਿਦਿਆਰਥੀ ਪਾਸ ਹੋਏ ਹਨ ਜਿਨ੍ਹਾਂ 'ਚੋਂ 1.42 ਲੱਖ ਦੀ ਪਲੇਸਮੈਂਟ ਹੋਈ ਹੈ। ਪੰਜਾਬ ਵਿਚ 2019-20 ਵਿਚ ਫਾਰਮੇਸੀ ਦੇ 125 ਕਾਲਜ ਸਨ ਜਿਨ੍ਹਾਂ ਦੀ ਗਿਣਤੀ ਹੁਣ ਸਿਰਫ਼ 43 ਰਹਿ ਗਈ ਹੈ। ਚਾਰ ਸਾਲਾਂ ਵਿਚ 82 ਫਾਰਮੇਸੀ ਕਾਲਜ ਬੰਦ ਹੋ ਗਏ ਹਨ। ਇਨ੍ਹਾਂ ਸਾਲਾਂ ਵਿਚ ਸੀਟਾਂ ਦੀ ਗਿਣਤੀ ਵੀ 10,127 ਸੀਟਾਂ ਤੋਂ ਘੱਟ ਕੇ 4223 ਰਹਿ ਗਈ ਹੈ। ਆਰਟਸ ਕਾਲਜਾਂ ਵਿਚ ਵੀ ਦਾਖਲੇ ਧੜੰਮ ਕਰਕੇ ਡਿੱਗੇ ਹਨ।

ਪਬਲਿਕ ਸੈਕਟਰ ਦੀਆਂ ਤਕਨੀਕੀ 'ਵਰਸਿਟੀਆਂ ਦਾ ਭਵਿੱਖ ਵੀ ਸੁਖਾਵਾਂ ਨਹੀਂ ਰਿਹਾ ਹੈ। ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲਹਿਰਾਗਾਗਾ ਦੇ ਹਾਲ ਬੁਰੇ ਹਨ ਅਤੇ ਇੱਥੇ ਕਾਫ਼ੀ ਸਮੇਂ ਫੈਕਲਟੀ ਨੂੰ ਤਨਖ਼ਾਹ ਨਹੀਂ ਦਿੱਤੀ ਜਾ ਸਕੀ ਹੈ। ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਦੇ ਇੰਜੀਨੀਅਰਿੰਗ ਕਾਲਜਾਂ ਨੂੰ ਪਹਿਲਾਂ 'ਵਰਸਿਟੀ ਬਣਾ ਦਿੱਤਾ ਗਿਆ ਸੀ। ਹੁਣ ਇਨ੍ਹਾਂ ਨੂੰ ਮਰਜ਼ ਕੀਤੇ ਜਾਣ ਦੀ ਗੱਲ ਤੁਰੀ ਹੈ।



## ਡਾ. ਸਤਬੀਰ ਬੇਦੀ ਸਕੂਲ ਬੋਰਡ ਦੀ ਚੇਅਰਮੈਨ ਨਿਯੁਕਤ

**ਮੁਹਾਲੀ:** ਪੰਜਾਬ ਸਰਕਾਰ ਨੇ ਡਾ. ਸਤਬੀਰ ਬੇਦੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਨਵਾਂ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ। ਉਹ 1986 ਬੈਚ ਦੀ ਆਈ.ਏ.ਐਸ. ਅਧਿਕਾਰੀ ਹੈ, ਜੋ ਹੁਣ ਸੇਵਾਮੁਕਤ ਹਨ। ਪੰਜਾਬ ਦੇ ਰਾਜਪਾਲ ਵੱਲੋਂ ਨਿਯੁਕਤੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਸਬੰਧੀ ਬੋਰਡ ਨੂੰ ਸਿੱਖਿਆ ਵਿਭਾਗ ਪੰਜਾਬ ਦੇ ਸਕੱਤਰ ਜਸਪ੍ਰੀਤ ਤਲਵਾੜ ਨੇ ਸਰਕਾਰੀ ਪੱਤਰ ਜਾਰੀ ਕੀਤਾ। ਡਾ. ਬੇਦੀ ਇਸ ਤੋਂ ਪਹਿਲਾਂ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਚੁੱਕੇ ਹਨ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੌਜੂਦਾ ਚੇਅਰਮੈਨ ਪ੍ਰੋ. ਯੋਗਰਾਜ ਨੇ ਅਚਾਨਕ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਨੂੰ ਤਤਕਾਲੀ ਕਾਂਗਰਸ ਸਮੇਂ ਨਿਯੁਕਤ ਕੀਤਾ ਗਿਆ ਸੀ। ਉਹ ਕੈਪਟਨ ਅਮਰਿੰਦਰ ਸਿੰਘ ਦੇ ਨੇੜਲਿਆਂ ਵਿਚ ਗਿਣੇ ਜਾਂਦੇ ਹਨ।

## ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਮੁੜ ਅਹੁਦਾ ਸੰਭਾਲਿਆ

**ਮੁਹਾਲੀ:** ਪੰਜਾਬ ਦੀ 'ਆਪ' ਸਰਕਾਰ ਵੱਲੋਂ ਪਿਛਲੇ ਦਿਨੀਂ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਹਟਾਉਣ ਦਾ ਫੈਸਲਾ ਵਾਪਸ ਲੈਣ ਤੋਂ ਬਾਅਦ ਇਥੇ ਮਨੀਸ਼ਾ ਗੁਲਾਟੀ ਨੇ ਮੁੜ ਆਪਣਾ ਅਹੁਦਾ ਸੰਭਾਲ ਲਿਆ ਹੈ। ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਇਕ ਪੱਤਰ ਜਾਰੀ ਕਰ ਕੇ ਕਿਹਾ ਸੀ ਕਿ ਇਸ ਅਹੁਦੇ ਦੀ ਮਿਆਦ ਵਧਾਈ ਨਹੀਂ ਜਾ ਸਕਦੀ। ਪੰਜਾਬ ਸਰਕਾਰ ਦੇ ਇਸ ਫੈਸਲੇ ਖ਼ਿਲਾਫ਼ ਮਨੀਸ਼ਾ ਗੁਲਾਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾਇਆ ਸੀ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਸਰਕਾਰ ਨੇ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹੀ ਅਹੁਦੇ ਤੋਂ ਫਾਰਗ ਕਰ ਦਿੱਤਾ ਹੈ। ਇਸ ਤਰ੍ਹਾਂ ਅਦਾਲਤ ਦੇ ਦਖ਼ਲ ਮਗਰੋਂ ਕਮਿਸ਼ਨ ਦੀ ਮੁਖੀ ਦਾ ਅਹੁਦਾ ਬਹਾਲ ਹੋ ਗਿਆ ਸੀ ਤੇ ਉਨ੍ਹਾਂ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ।

# ਉਚੇਰੀ ਸਿੱਖਿਆ ਲਈ ਰੈਗੂਲੇਟਰੀ ਅਥਾਰਿਟੀ ਬਣਾਉਣ ਦੀ ਕਵਾਇਦ ਸ਼ੁਰੂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 'ਹਾਇਰ ਐਜੂਕੇਸ਼ਨ ਰੈਗੂਲੇਟਰੀ ਅਥਾਰਿਟੀ' ਬਣਾਏ ਜਾਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਉਚੇਰੀ ਸਿੱਖਿਆ ਸੰਸਥਾਵਾਂ ਲਈ ਜ਼ਾਬਤਾ ਕਾਇਮ ਕੀਤਾ ਜਾ ਸਕੇ। ਪੰਜਾਬ ਵਿਚ ਤਕਰੀਬਨ 12 ਵਰ੍ਹਿਆਂ ਤੋਂ ਰੈਗੂਲੇਟਰੀ ਅਥਾਰਿਟੀ ਬਣਾਉਣ ਦੀ ਗੱਲ ਚੱਲ ਰਹੀ ਹੈ ਪਰ ਕਦੇ ਤਣ-ਪੱਤਣ ਨਹੀਂ ਲੱਗ ਸਕੀ। 'ਆਪ' ਸਰਕਾਰ ਨੇ ਹੁਣ ਇਸ ਪਾਸੇ ਕਦਮ ਵਧਾਏ ਹਨ ਅਤੇ ਮੁਢਲੇ ਪੜਾਅ 'ਤੇ ਉਚੇਰੀ ਸਿੱਖਿਆ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਟੇਟ ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ ਨਾਲ ਮੀਟਿੰਗ ਕੀਤੀ ਹੈ। ਕਰੀਬ ਚਾਰ ਘੰਟੇ ਚੱਲੀ ਇਸ ਮੀਟਿੰਗ ਵਿਚ ਪਬਲਿਕ ਸੈਕਟਰ ਦੀਆਂ 'ਵਰਸਿਟੀਆਂ ਨੂੰ ਲੀਹ 'ਤੇ ਪਾਉਣ ਲਈ ਮੰਥਨ ਹੋਇਆ। ਹਰ 'ਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਸਰਕਾਰ ਅੱਗੇ ਮੀਟਿੰਗ ਵਿਚ ਪੂਰਾ ਖ਼ਾਕਾ ਰੱਖਿਆ ਗਿਆ। ਵਿਚਾਰ ਚਰਚਾ ਹੋਈ ਕਿ ਉਚੇਰੀ ਸਿੱਖਿਆ ਦੀਆਂ ਕਈ ਵੰਨਗੀਆਂ ਦਾ ਮੁੱਢਲਾ ਅੰਕੜਾ ਹੀ ਸਰਕਾਰ ਕੋਲ ਨਹੀਂ ਹੈ ਜਿਸ ਕਰਕੇ ਇੱਕ ਡੇਟਾ ਬੇਸ ਤਿਆਰ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਕ ਕਾਮਨ ਪੋਰਟਲ ਸਥਾਪਿਤ ਕੀਤਾ ਜਾਣਾ ਹੈ ਜਿੱਥੇ ਹਰ ਸਰਕਾਰੀ ਤੇ ਪ੍ਰਾਈਵੇਟ 'ਵਰਸਿਟੀ ਨੂੰ ਆਪਣਾ ਡੇਟਾ ਨਸ਼ਰ ਕਰਨਾ ਹੋਵੇਗਾ।



ਮੀਟਿੰਗ ਵਿਚ 'ਹਾਇਰ ਐਜੂਕੇਸ਼ਨ ਰੈਗੂਲੇਟਰੀ ਅਥਾਰਿਟੀ' ਦੀ ਕਮੀ ਨੂੰ ਮਹਿਸੂਸ ਕੀਤਾ ਗਿਆ। ਉਚੇਰੀ ਸਿੱਖਿਆ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਵਿਚਾਰ ਚਰਚਾ 'ਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਸਾਰੀਆਂ 'ਵਰਸਿਟੀਆਂ ਨੂੰ ਜ਼ਾਬਤੇ 'ਚ ਰੱਖਣ ਵਾਸਤੇ ਹਾਇਰ ਐਜੂਕੇਸ਼ਨ ਰੈਗੂਲੇਟਰੀ ਅਥਾਰਿਟੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਇਸ ਅਥਾਰਿਟੀ ਸਮੇਤ ਉਚੇਰੀ ਸਿੱਖਿਆ ਦੀ ਬਿਹਤਰੀ ਦਾ ਰੋਡ ਮੈਪ ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰੈਗੂਲੇਟਰੀ ਅਥਾਰਿਟੀ ਬਣਾਉਣ ਤੋਂ ਪਹਿਲਾਂ ਸਭਨਾਂ ਨੂੰ ਭਰੋਸੇ 'ਚ ਲਿਆ ਜਾਵੇਗਾ।

ਚੇਤੇ ਰਹੇ ਕਿ ਪੰਜਾਬ ਵਿਚ ਕੁੱਲ 33 ਯੂਨੀਵਰਸਿਟੀਆਂ ਹਨ ਜਿਨ੍ਹਾਂ ਵਿਚ ਇਕ ਕੇਂਦਰੀ 'ਵਰਸਿਟੀ, 14 ਸਟੇਟ ਯੂਨੀਵਰਸਿਟੀਆਂ ਅਤੇ 18 ਪ੍ਰਾਈਵੇਟ ਯੂਨੀਵਰਸਿਟੀਆਂ ਹਨ। ਕਰੀਬ ਡੇਢ ਵਰ੍ਹਾ ਪਹਿਲਾਂ ਤਤਕਾਲੀ ਉਚੇਰੀ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਵੀ 28 ਅਕਤੂਬਰ 2021 ਨੂੰ 'ਐਜੂਕੇਸ਼ਨ ਰੈਗੂਲੇਟਰੀ ਅਥਾਰਿਟੀ' ਬਣਾਉਣ ਦੀ ਗੱਲ ਰੱਖੀ ਸੀ। ਤਤਕਾਲੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਫਰਵਰੀ 2018 ਵਿਚ ਰੈਗੂਲੇਟਰੀ ਅਥਾਰਿਟੀ ਬਣਾਉਣ ਲਈ ਬਾਕਾਇਦਾ ਤਿੰਨ ਮੈਂਬਰੀ ਕਮੇਟੀ ਵੀ ਬਣਾ ਦਿੱਤੀ ਸੀ। ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਵੇਲੇ ਵੀ ਦਸੰਬਰ 2014 ਵਿਚ ਤਤਕਾਲੀ ਭਾਜਪਾ ਵਿਧਾਇਕ ਮਨੋਰੰਜਨ ਕਾਲੀਆ ਨੇ ਪ੍ਰਾਈਵੇਟ 'ਵਰਸਿਟੀਆਂ ਨੂੰ ਸਰਕਾਰੀ ਕੰਟਰੋਲ ਹੇਠ ਰੱਖਣ ਦੀ ਗੱਲ ਉਠਾਈ ਸੀ ਅਤੇ ਉਦੋਂ ਪੰਜਾਬ ਵਿਧਾਨ ਸਭਾ ਵਿੱਚ ਤਤਕਾਲੀ ਉਚੇਰੀ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ 'ਪੰਜਾਬ ਐਜੂਕੇਸ਼ਨ ਇੰਸਟੀਚੀਊਟ ਰੈਗੂਲੇਟਰੀ ਅਥਾਰਿਟੀ' ਬਣਾਏ ਜਾਣ ਦਾ ਹੁੰਗਾਰਾ ਵੀ ਭਰਿਆ ਸੀ। ਹਾਲਾਂਕਿ ਪਹਿਲਾਂ ਸੂਬਾ ਸਰਕਾਰ ਨੇ ਸਾਲ 2010 ਵਿਚ 'ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਪਾਲਿਸੀ' ਦਾ ਬਕਾਇਦਾ ਨੋਟੀਫ਼ਿਕੇਸ਼ਨ ਵੀ ਜਾਰੀ ਕੀਤਾ ਸੀ।

# ਪੋਸਟ ਮੈਟਰਿਕ ਵਜ਼ੀਫਾ ਘੁਟਾਲੇ 'ਚ ਛੇ ਅਧਿਕਾਰੀ ਬਰਖਾਸਤ ਕੀਤੇ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਅਨੁਸੂਚਿਤ ਜਾਤਾਂ ਲਈ 39 ਕਰੋੜ ਰੁਪਏ ਦੇ ਪੋਸਟ ਮੈਟਰਿਕ ਵਜ਼ੀਫ਼ਾ ਘੁਟਾਲੇ ਦੀ ਜਾਂਚ ਵਿਚ ਦੋਸ਼ੀ ਪਾਏ ਛੇ ਅਧਿਕਾਰੀਆਂ ਨੂੰ ਬਰਖ਼ਾਸਤ ਕਰ ਦਿੱਤਾ ਹੈ। ਇਨ੍ਹਾਂ ਵਿਚੋਂ ਚਾਰ ਅਧਿਕਾਰੀ ਸਮਾਜਿਕ ਨਿਆਂ, ਸਸ਼ਕਤੀਕਰਨ ਤੇ ਘੱਟ ਗਿਣਤੀਆਂ ਬਾਰੇ ਵਿਭਾਗ ਅਤੇ ਦੋ ਜਣੇ ਵਿੱਤ ਵਿਭਾਗ ਨਾਲ ਸਬੰਧਤ ਹਨ।

ਬਰਖ਼ਾਸਤ ਕੀਤੇ ਅਧਿਕਾਰੀਆਂ ਵਿਚ ਪਰਮਿੰਦਰ ਸਿੰਘ ਗਿੱਲ ਡਿਪਟੀ ਡਾਇਰੈਕਟਰ, ਚਰਨਜੀਤ ਸਿੰਘ ਡਿਪਟੀ ਕੰਟਰੋਲਰ, ਮੁਕੇਸ਼ ਭਾਟੀਆ ਸੈਕਸ਼ਨ ਅਧਿਕਾਰੀ, ਰਜਿੰਦਰ ਚੋਪੜਾ ਸੁਪਰਡੈਂਟ ਅਤੇ ਰਾਕੇਸ਼ ਅਰੋੜਾ ਤੇ ਬਲਦੇਵ ਸਿੰਘ (ਦੋਵੇਂ ਸੀਨੀਅਰ ਸਹਾਇਕ) ਸ਼ਾਮਲ ਹਨ। ਇਨ੍ਹਾਂ ਵਿਚੋਂ ਚਰਨਜੀਤ ਤੇ ਰਾਕੇਸ਼ ਸੇਵਾ ਮੁਕਤ ਹੋ ਚੁੱਕੇ ਹਨ। ਇਨ੍ਹਾਂ ਦੀ ਬਰਖ਼ਾਸਤਗੀ ਸਬੰਧੀ ਹੁਕਮ ਸਬੰਧਤ ਵਿਭਾਗ ਦੀ ਮੰਤਰੀ ਡਾ.ਬਲਜੀਤ ਕੌਰ ਵੱਲੋਂ ਜਾਰੀ ਕੀਤੇ ਗਏ ਹਨ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਚ ਸਮਾਜਿਕ ਨਿਆਂ, ਸ਼ਕਤੀਕਰਨ ਤੇ ਘੱਟ ਗਿਣਤੀਆਂ ਵਿਭਾਗ ਦਾ ਚਾਰਜ ਸਾਧੂ ਸਿੰਘ ਧਰਮਸੋਤ ਕੋਲ ਸੀ ਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਵਜ਼ੀਫ਼ਾ ਘੁਟਾਲਾ ਬੇਪਰਦ ਹੋਇਆ ਸੀ। 'ਆਪ' ਸਰਕਾਰ ਵੱਲੋਂ ਕਰਵਾਈ ਵਿਭਾਗੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਐਸ.ਸੀ. ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਦੀ ਵੰਡ ਮੌਕੇ ਤਤਕਾਲੀਨ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅਣਗੌਲਿਆਂ ਕੀਤਾ ਗਿਆ ਤੇ ਕੁਝ ਨਿੱਜੀ ਸੰਸਥਾਵਾਂ ਨੂੰ ਬੇਲੋੜਾ ਫਾਇਦਾ ਪਹੁੰਚਾਇਆ ਗਿਆ। ਇਨ੍ਹਾਂ ਸੰਸਥਾਵਾਂ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਕਰੋੜਾਂ ਰੁਪਏ ਦਾ ਲਾਹਾ ਦਿੱਤਾ ਗਿਆ। ਇਨ੍ਹਾਂ 14 ਸੰਸਥਾਵਾਂ ਦੇ ਮੁੜ ਆਡਿਟ ਲਈ ਵਿੱਤ ਵਿਭਾਗ ਤੋਂ ਲੋੜੀਂਦੀ ਪ੍ਰਵਾਨਗੀ ਲੈਣ ਦੀ ਥਾਂ ਉਪਰੋਕਤ ਅਧਿਕਾਰੀਆਂ ਨੇ ਬੇਲੋੜਾ ਲਾਹਾ ਦੇਣ ਲਈ ਕੁਝ ਹੋਰਨਾਂ ਸੰਸਥਾਵਾਂ ਦੇ ਨਾਂ ਸੂਚੀ ਵਿਚ ਸ਼ਾਮਲ ਕੀਤੇ। ਵਿੱਤ ਵਿਭਾਗ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਨੌਂ ਸੰਸਥਾਵਾਂ ਨੂੰ 16.91 ਕਰੋੜ ਰੁਪਏ ਜਾਰੀ ਕੀਤੇ ਗਏ। ਸਮਾਜਿਕ ਨਿਆਂ ਵਿਭਾਗ ਦੇ ਸਾਬਕਾ ਵਧੀਕ ਮੁੱਖ ਸਕੱਤਰ ਕਿਰਪਾ ਸ਼ੰਕਰ ਸਰੋਜ ਨੇ ਵਜ਼ੀਫ਼ਿਆਂ ਦੀ ਵੰਡ ਵਿਚ ਬੇਨਿਯਮੀਆਂ ਸਬੰਧੀ ਤਤਕਾਲੀਨ ਮੁੱਖ ਸਕੱਤਰ ਨੂੰ ਰਿਪੋਰਟ ਸੌਂਪੀ ਸੀ। ਸਾਬਕਾ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਬੀ.ਆਰ. ਬਾਂਸਲ ਨੇ ਇਸ ਪੂਰੇ ਮਾਮਲੇ ਦੀ ਜਾਂਚ ਕੀਤੀ ਤੇ ਉਨ੍ਹਾਂ ਕਿਹਾ ਕਿ ਤਤਕਾਲੀਨ ਵਧੀਕ ਮੁੱਖ ਸਕੱਤਰ ਵੱਲੋਂ ਕੀਤੀਆਂ ਟਿੱਪਣੀਆਂ ਵਾਲੇ ਸਫੇ ਰਿਕਾਰਡ 'ਚੋਂ ਗਾਇਬ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਜੁਲਾਈ 2022 ਵਿਚ ਪੋਸਟ ਮੈਟਰਿਕ ਵਜ਼ੀਫ਼ਾ ਸਕੀਮ ਵਿਚ ਹੋਈਆਂ ਬੇਨਿਯਮੀਆਂ ਦੀ ਵਿਆਪਕ ਜਾਂਚ ਦੇ ਹੁਕਮ ਦਿੱਤੇ ਸਨ।

# ਧਰਤੀ ਹੇਠਲਾ ਪਾਣੀ ਬਚਾਉਣ ਲਈ ਤਿਲੰਗਾਨਾ ਮਾਡਲ ਲਾਗੂ ਕਰੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਚ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਵੀਂ ਤਕਨੀਕ ਦੀ ਭਾਲ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਤਿਲੰਗਾਨਾ ਪਹੁੰਚੇ ਕੇ ਸਥਾਨਕ ਸਰਕਾਰ ਵੱਲੋਂ ਵਰਤੇ ਜਾ ਰਹੇ ਪਾਣੀ ਬਚਾਉਣ ਵਾਲੇ ਮਾਡਲ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਇਸ ਕੀਮਤੀ ਕੁਦਰਤੀ ਸੋਮੇ ਦੀ ਸੰਭਾਲ ਕਰਨ ਅਤੇ ਧਰਤੀ ਹੇਠਲਾ ਪਾਣੀ ਵਧਾਉਣ ਦੀ ਰਫਤਾਰ ਤੇਜ ਕਰਨ ਲਈ ਇਸ ਮਾਡਲ ਦੀ ਵਰਤੋਂ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਤਿਲੰਗਾਨਾ ਸਰਕਾਰ ਨੇ ਸੂਬੇ ਭਰ ਦੇ ਪਿੰਡਾਂ ਵਿਚ ਛੋਟੇ-ਛੋਟੇ ਡੈਮ ਬਣਾਏ ਹਨ, ਜਿਸ ਦੇ ਨਤੀਜੇ ਵਜੋਂ ਉਥੋਂ ਦੇ ਪਿੰਡਾਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਦੋ ਮੀਟਰ ਤੱਕ ਉੱਪਰ ਆ ਗਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲਾ ਪਾਣੀ ਬਚਾਉਣ ਲਈ ਇਸ ਮਾਡਲ ਨੂੰ ਪੰਜਾਬ ਵਿਚ ਲਾਗੂ ਕਰਨਾ ਸਮੇਂ ਦੀ ਲੋੜ ਹੈ।



ਤਿਲੰਗਾਨਾ ਦੌਰੇ ਦੌਰਾਨ ਭਗਵੰਤ ਮਾਨ ਨੂੰ ਡੈਮਾਂ ਦਾ ਜਾਇਜ਼ਾ ਲੈਣ ਮੌਕੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਨਵੀਆਂ ਤਕਨੀਕਾਂ ਬਾਰੇ ਦੱਸਿਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਯਤਨਾਂ 'ਚ ਮਾਈਨਰ ਸਿੰਜਾਈ ਟੈਂਕਾਂ (ਐਮ.ਆਈ.ਟੀ.) ਦੀ ਬਹਾਲੀ, ਵੱਡੇ ਅਤੇ ਦਰਮਿਆਨੇ ਪ੍ਰੋਜੈਕਟਾਂ ਨੂੰ ਐਮ.ਆਈ. ਟੈਂਕਾਂ ਨਾਲ ਜੋੜਨਾ ਤੇ ਮਸਨੂਈ ਰਿਚਾਰਜ ਢਾਂਚੇ ਜਿਵੇਂ ਕਿ ਚੈੱਕ ਡੈਮ ਅਤੇ ਹੋਰ ਵਿਧੀਆਂ ਦਾ ਨਿਰਮਾਣ ਸ਼ਾਮਲ ਹੈ। ਗੌਰਤਲਬ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਹੋ ਰਹੀ ਦੁਰਵਰਤੋਂ ਕਾਰਨ ਸੂਬੇ 'ਚ ਪਾਣੀ ਦਾ ਪੱਧਰ ਤੇਜੀ ਨਾਲ ਡਿੱਗ ਰਿਹਾ ਹੈ। ਇਸੇ ਕਰਕੇ ਪੰਜਾਬ ਦੇ 150 ਬਲਾਕਾਂ ਵਿਚੋਂ 78 ਫੀਸਦੀ ਤੋਂ ਵੱਧ ਜ਼ਮੀਨੀ ਪਾਣੀ ਦੇ ਹੇਠਾਂ ਜਾਣ ਕਾਰਨ 'ਡਾਰਕ ਜੋਨ' 'ਚ ਹਨ। ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਕਿ ਇਸ ਕ੍ਰਾਂਤੀਕਾਰੀ ਵਿਧੀ ਨਾਲ ਪੰਜਾਬ ਜਲਦੀ ਹੀ ਆਪਣੇ ਧਰਤੀ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਦੇ ਯੋਗ ਹੋ ਜਾਵੇਗਾ।

## ਮੰਤਰੀ ਹੇਅਰ ਵੱਲੋਂ ਅਥਲੀਟ ਅਕਸ਼ਦੀਪ ਸਿੰਘ ਦੀ ਮਾਲੀ ਮਦਦ

**ਚੰਡੀਗੜ੍ਹ:** ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਰਾਂਚੀ ਵਿਚ 20 ਕਿਲੋਮੀਟਰ ਪੈਦਲ ਚਾਲ ਮੁਕਾਬਲੇ ਵਿਚ ਨਵੇਂ ਨੈਸ਼ਨਲ ਰਿਕਾਰਡ ਨਾਲ ਓਲੰਪਿਕ ਤੇ ਏਸ਼ਿਆਈ ਖੇਡਾਂ ਅਤੇ ਵਿਸ਼ਵ ਚੈਂਪੀਅਨਸ਼ਿਪ ਲਈ ਕੁਆਲੀਫਾਈ ਹੋਏ ਅਥਲੀਟ ਅਕਸ਼ਦੀਪ ਸਿੰਘ ਨੂੰ ਪੈਰਿਸ ਓਲੰਪਿਕ ਦੀ ਤਿਆਰੀ ਲਈ ਪੰਜ ਲੱਖ ਰੁਪਏ ਦਾ ਚੈੱਕ ਸੌਂਪਿਆ। ਖੇਡ ਮੰਤਰੀ ਨੇ ਇੱਥੇ ਆਪਣੀ ਰਿਹਾਇਸ਼ 'ਤੇ ਅਕਸ਼ਦੀਪ ਸਿੰਘ ਦਾ ਸਨਮਾਨ ਕਰਦਿਆਂ ਇਹ ਚੈੱਕ ਸੌਂਪਿਆ ਅਤੇ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਨਵੀਂ ਖੇਡ ਨੀਤੀ ਨਾਲ ਪੰਜਾਬ ਨੂੰ ਮੁੜ ਖੇਡਾਂ ਵਿਚ ਦੇਸ਼ ਦਾ ਮੋਹਰੀ ਸੂਬਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅਕਸ਼ਦੀਪ ਪੈਰਿਸ ਓਲੰਪਿਕ ਲਈ ਕੁਆਲੀਫਾਈ ਹੋਣ ਵਾਲਾ ਦੇਸ਼ ਦਾ ਪਹਿਲਾ ਅਥਲੀਟ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 25 ਫਰਵਰੀ 2023

# ਹਕੂਮਤਾਂ ਦਾ ਰਵੱਈਆ

ਪਿੰਡਾਂ ਵਿਚ ਰੱਬ ਵੱਸਣ ਵਾਲਾ ਮੁਹਾਵਰਾ ਹੁਣ ਸ਼ਾਇਦ ਪੁਰਾਣਾ ਹੋ ਗਿਆ ਹੈ ਅਤੇ ਭਾਰਤ ਦੀ ਮੌਜੂਦਾ ਨਰਿੰਦਰ ਮੋਦੀ ਸਰਕਾਰ ਨੇ ਪਿੰਡਾਂ ਨੂੰ ਆਪਣੇ ਏਜੰਡੇ ਵਿਚੋਂ ਬਾਹਰ ਕੱਢਣਾ ਆਰੰਭ ਕਰ ਦਿੱਤਾ ਹੈ। ਇਹ ਸਰਕਾਰ ਭਾਵੇਂ ਖੇਤੀ, ਕਿਸਾਨਾਂ ਅਤੇ ਦਿਹਾਤ ਨੂੰ ਵਿਕਸਿਤ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਇਸ ਦਾਮੁੱਖ ਮੰਤਵ ਵਿਕਾਸ ਦੇ ਬਹਾਨੇ ਕਾਰਪੋਰਟ ਦਾ ਦਖ਼ਲ ਵਧਾਉਣਾ ਹੈ।2020 ਵਿਚ ਇਸ ਸਰਕਾਰ ਨੇ ਕਰੋਨਾ ਵਾਲੇ ਸੰਕਟ ਦੇ ਦੌਰ ਵਿਚ ਤਿੰਨ ਖੇਤੀ ਕਾਨੂੰਨ ਬਣਾਏ ਜਿਨ੍ਹਾਂ ਦਾ ਮੁੱਖ ਮਕਸਦ ਖੇਤੀ ਅੰਦਰ ਕਾਰਪੋਰੇਟਾਂ ਦਾ ਦਖ਼ਲ ਸੰਭਵ ਬਣਾਉਣਾ ਹੀ ਸੀ ਪਰ ਕਿਸਾਨ ਅੰਦੋਲਨ ਕਾਰਨ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਪਏ। ਅਰਥ ਸ਼ਾਸਤਰੀਆਂ ਨੇ ਇਹ ਗੱਲ ਨੋਟ ਕੀਤੀ ਹੈ ਕਿ ਮੋਦੀ ਸਰਕਾਰ ਦਿਹਾਤੀ ਖੇਤਰ ਦੇ ਵਿਕਾਸ ਅਤੇ ਖੇਤੀ ਲਈ ਆਪਣਾ ਬਜਟ ਲਗਾਤਾਰ ਘਟਾ ਰਹੀ ਹੈ। ਜ਼ਾਹਿਰ ਹੈ ਕਿ ਕੇਂਦਰ ਸਰਕਾਰ ਦਿਹਾਤੀ ਖੇਤਰ ਨੂੰ ਜਾਣਬੁੱਝ ਕੇ ਵਿਸਾਰ ਰਹੀ ਹੈ। ਇਸ ਦਾ ਅਗਲਾ ਹਮਲਾ ਹੁਣ ਪੰਜਾਬ 'ਤੇ ਕੀਤਾ ਗਿਆ ਹੈ। ਇਸ ਨੇ ਪੰਜਾਬ ਵਿਚ ਝੋਨੇ ਦੀ ਖ਼ਰੀਦ 'ਤੇ ਦਿੱਤਾ ਜਾਣ ਵਾਲਾ ਢਾਈ ਫ਼ੀਸਦੀ ਇੰਤਜ਼ਾਮੀਆ ਖ਼ਰਚਾ ਘਟਾ ਕੇ ਇਕ ਫ਼ੀਸਦੀ ਕਰ ਦਿੱਤਾ ਹੈ। ਨਾਲ ਹੀ ਦਿਹਾਤੀ ਵਿਕਾਸ ਫੰਡ ਅਤੇ ਮੰਡੀ ਫੀਸ ਵਜੋਂ ਮਿਲਦੀ 6 ਫ਼ੀਸਦੀ ਕਰਮ ਘਟਾ ਕੇ 2 ਫ਼ੀਸਦੀ ਕਰਨ ਦਾ ਹੁਕਮ ਚਾੜ੍ਹ ਦਿੱਤਾ ਹੈ। ਇਨ੍ਹਾਂ ਕਟੌਤੀਆਂ ਕਾਰਨ ਪੰਜਾਬ ਸਰਕਾਰ ਨੂੰ ਲਗਭਗ 30 ਅਰਬ ਰੁਪਏ ਸਾਲਾਨਾ ਘੱਟ ਮਿਲਣਗੇ। ਪੰਜਾਬ ਵਿਚ ਸਾਲਾਨਾ 660 ਅਰਬ ਦਾ ਅਨਾਜ ਖ਼ਰੀਦਿਆ ਜਾਂਦਾ ਹੈ ਜਿਸ ਤੋਂ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਅਤੇ ਮੰਡੀ ਫੀਸ ਵਜੋਂ 40 ਅਰਬ ਰੁਪਏ ਸਾਲਾਨਾ ਮਿਲਦੇ ਹਨ। ਇਨ੍ਹਾਂ ਵਿਚ ਕਟੌਤੀ ਕਾਰਨ ਇਹ ਫੰਡ ਲਗਭਗ 13.20 ਅਰਬ ਸਾਲਾਨਾ ਰਹਿ ਜਾਣਗੇ, ਭਾਵ ਪੰਜਾਬ ਨੂੰ ਸਾਲਾਨਾ 26-27 ਅਰਬ ਰੁਪਏ ਘੱਟ ਮਿਲਣਗੇ। ਇੰਤਜ਼ਾਮੀਆ ਖ਼ਰਚੇ ਵਿਚ ਕਟੌਤੀ ਕਾਰਨ ਵੀ ਪੰਜਾਬ ਨੂੰ ਲਗਭਗ 5.77 ਅਰਬ ਰੁਪਏ ਘੱਟ ਆਮਦਨ ਹੋਵੇਗੀ। ਹੋਰ ਤਾਂ ਹੋਰ, ਇਹ ਟੈਕਸ ਲਗਾਉਣੇ ਆਮ ਤੌਰ 'ਤੇ ਰਾਜਾਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ ਪਰ ਕੇਂਦਰ ਸਰਕਾਰ ਇਸ ਮਾਮਲੇ ਵਿਚ ਸਿੱਧਾ ਦਖ਼ਲ ਦੇ ਰਹੀ ਹੈ।

ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਪਹਿਲਾਂ ਵੀ ਪੰਜਾਬ ਨੂੰ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰਨ ਵਿਚ ਅੜਿੱਕੇ ਡਾਹੁੰਦੀ ਰਹੀ ਹੈ। 2021 ਵਿਚ ਕੇਂਦਰ ਸਰਕਾਰ ਨੇ ਦਿਹਾਤੀ ਵਿਕਾਸ ਫੰਡ ਦਾ ਇਕ ਫ਼ੀਸਦੀ ਦੇਣ ਦਾ ਇਸ ਸ਼ਰਤ 'ਤੇ ਐਲਾਨ ਕੀਤਾ ਕਿ ਪੰਜਾਬ ਇਹ ਫੰਡ ਤੈਅ ਨੀਤੀਆਂ ਅਨੁਸਾਰ ਨਹੀਂ ਖ਼ਰਚਦਾ ਅਤੇ ਸੂਬਾ ਸਰਕਾਰ ਨੂੰ ਦਿਹਾਤੀ ਵਿਕਾਸ ਫੰਡ ਕਾਨੂੰਨ ਵਿਚ ਸੋਧ ਕਰਨੀ ਚਾਹੀਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੋੜੀਂਦੀ ਸੋਧ ਵੀ ਕੀਤੀ ਗਈ ਪਰ ਕੇਂਦਰ ਸਰਕਾਰ ਦੇ ਰਵੱਈਏਵਿਚ ਫਿਰ ਵੀ ਕੋਈ ਤਬਦੀਲੀ ਨਹੀਂ ਆਈ। ਪੰਜਾਬ ਦੇ ਦਿਹਾਤੀ ਵਿਕਾਸ ਫੰਡ ਕਾਨੂੰਨ-1987 ਅਨੁਸਾਰ ਇਹ ਫੰਡ ਪਹਿਲਾਂ ਮੰਡੀਆਂ ਤੋਂ ਹੁੰਦੀ ਖ਼ਰੀਦ 'ਤੇ 2 ਫ਼ੀਸਦੀ ਦੀ ਦਰ ਨਾਲ ਲਗਾਇਆ ਜਾਂਦਾ ਸੀ ਜੋ 2017 ਵਿਚ ਵਧਾ ਕੇ 3 ਫ਼ੀਸਦੀ ਕਰ ਦਿੱਤਾ ਗਿਆ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਸ ਨੂੰ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਵੀ ਵਰਤਿਆ। 2022 ਵਾਲੀ ਸੋਧ ਅਨੁਸਾਰ 10 ਵਿਸ਼ੇ ਤੈਅ ਕੀਤੇ ਗਏ ਹਨ ਜਿਨ੍ਹਾਂ ਲਈ ਇਹ ਫੰਡ ਖ਼ਰਚਿਆ ਜਾਵੇਗਾ। ਇਨ੍ਹਾਂ ਵਿਚੋਂ ਮੰਡੀਆਂ ਨੂੰ ਜਾਂਦੀਆਂ ਸੜਕਾਂ ਦਾ ਨਿਰਮਾਣ ਤੇ ਮੁਰੰਮਤ, ਨਵੀਆਂ ਮੰਡੀਆਂ ਦਾ ਨਿਰਮਾਣ, ਪੁਰਾਣੀਆਂ ਮੰਡੀਆਂ ਦਾ ਵਿਕਾਸ, ਮੰਡੀਆਂ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ, ਮੰਡੀਆਂ ਵਿਚ ਕੰਮ ਕਰਦੇ ਮਜ਼ਦੂਰਾਂ ਅਤੇ ਆਉਂਦੇ ਕਿਸਾਨਾਂ ਲਈ ਆਰਾਮ ਕਰਨ ਦੀਆਂ ਸਹੂਲਤਾਂ, ਕਰਜ਼ੇ ਹੇਠ ਆਏ ਕਿਸਾਨਾਂ ਨੂੰ ਸਹਾਇਤਾ, ਕੰਪਿਊਟਰੀਕਰਨ ਆਦਿ ਸ਼ਾਮਲ ਹਨ। ਖੇਤੀ ਮਾਹਿਰਾਂ ਸਪਸ਼ਟ ਕਹਿੰਦੇ ਹਨ ਕਿ ਪੰਜਾਬ ਵਿੱਤੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ, ਕੇਂਦਰ ਸਰਕਾਰ ਨੂੰ ਇਸ ਦੀ ਮਦਦ ਕਰਨੀ ਚਾਹੀਦੀ ਹੈ।

ਉਧਰ, ਯੂਕਰੇਨ-ਰੂਸ ਜੰਗ ਦਾ ਅਸਰ ਹੁਣ ਸੰਸਾਰ ਭਰ 'ਤੇ ਪੈਣਾ ਆਰੰਭ ਹੋ ਗਿਆ। 24 ਫਰਵਰੀ ਨੂੰ ਇਹ ਜੰਗਸ਼ੁਰੂ ਹੋਈ ਨੂੰ ਪੂਰਾ ਇਕ ਸਾਲ ਹੋ ਗਿਆ ਹੈ ਪਰ ਅਮਰੀਕਾ ਅਜੇ ਵੀ ਨਹੀਂ ਚਾਹੁੰਦਾ ਕਿ ਇਹ ਜੰਗ ਬੰਦ ਹੋਵੇ। ਇਸੇ ਕਰ ਕੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਚਾਨਕ ਯੂਕਰੇਨ ਦੀ ਰਾਜਧਾਨੀ ਕੀਵ ਪਹੁੰਚ ਗਏ। ਇਸ ਦੌਰੇ ਤੋਂ ਸਪਸ਼ਟ ਹੋ ਗਿਆ ਕਿ ਅਮਰੀਕਾ ਰੂਸ ਦੀਆਂ ਗੋਡਣੀਆਂ ਲੁਆਉਣ ਲਈ ਇਕ ਹੱਲਾ ਹੋਰ ਮਾਰਨਾ ਚਾਹੁੰਦਾ ਹੈ। ਇਸ ਨੇ ਯੂਕਰੇਨ ਵਾਸਤੇ 46 ਕਰੋੜ ਡਾਲਰ ਦੀ ਮਦਦ ਵੀ ਐਲਾਨੀ ਹੈ। ਇਸ ਵਿਚ 45 ਕਰੋੜ ਡਾਲਰ ਦਾ ਜੰਗੀ ਸਾਜ਼ੋ-ਸਾਮਾਨ ਸ਼ਾਮਿਲ ਹੈ। ਇਹ ਖਬਰਾਂ ਵੀ ਸਾਹਮਣੇ ਆ ਰਹੀਆਂ ਹਨ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਯੂਕਰੇਨ ਨੂੰ ਪੱਛਮੀ ਦੇਸ਼ਾਂ ਤੋਂ ਵੱਡੇ ਪੱਧਰ 'ਤੇ ਹਥਿਆਰਾਂ ਦੀ ਸਪਲਾਈ ਮਿਲ ਰਹੀ ਹੈ ਤਾਂ ਜੋ ਉਹ ਰੂਸ ਉਤੇ ਜਵਾਬੀ ਕਰ ਸਕੇ।ਦੂਜੇ ਪਾਸੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਉਹ ਪੱਛਮੀ ਪਾਬੰਦੀਆਂ ਸਮੇਤ ਕਿਸੇ ਵੀ ਹਾਲਤ ਦੇ ਟਾਕਰੇ ਵਾਸਤੇ ਤਿਆਰ ਹਨ। ਉਸ ਦਾ ਦੋਸ਼ ਹੈ ਕਿ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਮੁਲਕ ਰੂਸ ਨੂੰ ਤਬਾਹ ਕਰਨ ਵਾਸਤੇ ਪੂਰੀ ਦੁਨੀਆ 'ਤੇ ਜੰਗ ਥੋਪ ਰਹੇ ਹਨ। ਇਸੇ ਦੌਰਾਨ ਹੁਣ ਚੀਨ ਖੁੱਲ੍ਹੇ ਰੂਪ ਵਿਚ ਰੂਸ ਦੀ ਹਮਾਇਤ 'ਤੇ ਆ ਗਿਆ ਹੈ।

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

**To the Voters of 4th Precinct of the 5th Ward:**
वार्ड 5 में क्षेत्र 4 के मतदाताओं के लिए:

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

**To the Voters of 5th Precinct of the 5th Ward:**
वार्ड 5 में क्षेत्र 5 के मतदाताओं के लिए:

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

**To the Voters of 7th Precinct of the 5th Ward:**
वार्ड 5 में क्षेत्र 7 के मतदाताओं के लिए:

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

**To the Voters of 8th Precinct of the 5th Ward:**
वार्ड 5 में क्षेत्र 8 के मतदाताओं के लिए:

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

**To the Voters of 9th Precinct of the 5th Ward:**
वार्ड 5 में क्षेत्र 9 के मतदाताओं के लिए:

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

**To the Voters of 10th Precinct of the 5th Ward:**
वार्ड 5 में क्षेत्र 10 के मतदाताओं के लिए:

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

**To the Voters of 11th Precinct of the 5th Ward:**
वार्ड 5 में क्षेत्र 11 के मतदाताओं के लिए:

"Shall our Alderman & Mayor support a Community Benefits Agreement (CBA) ordinance to prevent the displacement of renters, condo & home owners in South Shore in light of the impact of the Obama Center and growing development in the area by taking steps that include but are not limited to 1) funding home repair, increasing homeownership & property tax relief 2) eviction protection, rental relief and a ban on application & move in fees 3) development of 100% income based housing on city owned vacant lots & 4) local hiring and jobs programs"
"क्या हमारे वार्ड प्रमुख और नगर प्रमुख, ओबामा सेंटर के प्रभाव और क्षेत्र में बढ़ते विकास के आलोक में साउथ शोर के किरायेदारों और घर मालिकों के विस्थापन को रोकने के लिए सामुदायिक बेनिफिट एग्रीमेंट (CBA) अध्यादेश का समर्थन करें जिसमें 1) घर की मरम्मत के लिए फंडिंग, घर के स्वामित्व में वृद्धि और संपत्ति कर राहत 2) बेदखली संरक्षण, किराये की राहत और किराये के घर के लिए आवेदन की प्रक्रिया और इसमें शुल्क पर प्रतिबंध 3) शहर के स्वामित्व वाले खाली प्लॉटों पर 100% आय आधारित आवास का निर्माण और 4) स्थानीय भर्ती और नौकरी कार्यक्रम आदि शामिल हों?"

- Yes/हाँ
- No/नहीं

To the Voters of 13th Precinct of the 5th Ward:
वार्ड 5 में क्षेत्र 13 के मतदाताओं के लिए:

"Shall our alderperson and mayor support that the City owned vacant lot on 63rd street and S. Blackstone Ave be: at least 75% truly affordable housing where working families don't pay more than 30% of their income in rent - to ensure that residents can afford to stay in the neighborhood as housing costs soar?"
[illegible] S. Blackstone Avenue [illegible] 75% [illegible] 30% [illegible]

Yes/हां
No/नहीं

To the Voters of 14th Precinct of the 5th Ward:
वार्ड 5 में क्षेत्र 14 के मतदाताओं के लिए:

"Shall our alderperson and mayor support that the City owned vacant lot on 63rd street and S. Blackstone Ave be: at least 75% truly affordable housing where working families don't pay more than 30% of their income in rent - to ensure that residents can afford to stay in the neighborhood as housing costs soar?"
[illegible] S. Blackstone Avenue [illegible] 75% [illegible] 30% [illegible]

Yes/हां
No/नहीं

Learn more at *chicagoelections.gov*
**Board of Election Commissioners for the City of Chicago**
312-269-7900

अधिक जानकारी के लिए Chicagoelections.gov पर जाएँ
शिकागो चुनाव आयुक्त परिषद
312-269-7900

**Marisel A. Hernandez**, Chair / अध्यक्ष
**William J. Kresse**, Commissioner/Secretary / आयुक्त/सचिव
**June A. Brown**, Commissioner / आयुक्त
**Charles Holiday Jr.**, Executive Director / कार्यकारी निदेशक

## ਕਸ਼-ਮ-ਕਸ਼

ਕੁੱਝ ਦਰਦ ਅਵੱਲਾ ਸੀ,
ਕੁੱਝ ਤੇਰੀ ਤਨਹਾਈ।
ਕੁੱਝ ਖੁਦ ਹੀ ਝੱਲਾ ਸੀ,
ਕੁੱਝ ਤੇਰੀ ਬੇਵਫ਼ਾਈ।
ਕੁੱਝ ਜ਼ਖਮ ਹੀ ਅੱਲਾ ਸੀ,
ਕੁੱਝ ਤੇਰੀ ਰੁਸਵਾਈ।
ਕੁੱਝ ਇਸ਼ਕ ਸੁਵੱਲਾ ਸੀ,
ਕੁੱਝ ਤੇਰੀ ਬੇਪ੍ਰਵਾਹੀ।

ਕੁੱਝ ਜੋਸ਼ ਦਾ ਮਸਲਾ ਸੀ,
ਕੁੱਝ ਮਦਹੋਸ਼ ਰੁਲਾਈ।
ਕੁੱਝ ਗਮਾਂ ਦਾ ਜਲਵਾ ਸੀ,
ਕੁੱਝ ਖਾਮੋਸ਼ ਕਰਾਈ।
ਕੁੱਝ ਸੋਚ ਦਾ ਗ਼ਲਬਾ ਸੀ,
ਕੁੱਝ ਹੋਸ਼ ਭੁਲਾਈ।
ਕੁੱਝ ਹਉਮੈ ਦਾ ਜਜ਼ਬਾ ਸੀ,
ਕੁੱਝ ਸ਼ੋਖ ਰੰਘੜ੍ਹਾਈ।

ਕੁੱਝ ਮੈਨੂੰ ਸਮਝ ਨ ਸੀ,
ਕੁੱਝ ਤੇਰੀ ਚਤੁਰਾਈ,
ਕੁੱਝ ਬੇਵਜ੍ਹਾ ਗੁੱਸਾ ਸੀ,
ਕੁੱਝ ਤੂੰ ਵੀ ਗਰਮਾਈ।
ਕੁੱਝ ਮਿਜ਼ਾਜ ਨਾਖੁਸ਼ ਸੀ,
ਕੁੱਝ ਅੜੀ ਰੰਗ ਲਾਈ।
ਇਹ ਹੋਣਾ ਇੰਝ ਸੀ,
ਐਵੇਂ ਦੋਹਾਂ ਟੰਗ ਅੜਾਈ।

**-ਸੇਵਾ ਸਿੰਘ 'ਨੂਰਪੁਰੀ'**

---

## ਕੰਠ ਕਰ ਲੈ

ਕੰਠ ਕਰ ਲੈ ਜਪ ਜੀ ਸਾਹਿਬ,
ਗੁਰੂ ਨਾਨਕ ਦੇਵ ਜੀ
ਦਿਲ ਵਿਚ ਆਣ ਵੱਸਣ।
ਕੰਠ ਕਰ ਲੈ ਸਲੋਕ ਗੁਰੂ ਜੀ ਦੇ,
ਗੁਰੂ ਅੰਗਦ ਦੇਵ ਜੀ
ਦਿਲ ਵਿਚ ਆਣ ਵੱਸਣ।
ਕੰਠ ਕਰ ਲੈ ਅਨੰਦ ਸਾਹਿਬ,
ਗੁਰੂ ਅਮਰਦਾਸ ਜੀ
ਦਿਲ ਵਿਚ ਆਣ ਵੱਸਣ।
ਕੰਠ ਕਰ ਲੈ ਗੁਰਬਾਣੀ ਵਾਰਾਂ,
ਗੁਰੂ ਰਾਮਦਾਸ ਜੀ
ਦਿਲ ਵਿਚ ਆਣ ਵੱਸਣ।
ਕੰਠ ਕਰ ਲੈ ਸੁਖਮਨੀ ਸਾਹਿਬ,
ਗੁਰੂ ਅਰਜਨ ਦੇਵ ਜੀ
ਦਿਲ ਵਿਚ ਆਣ ਵੱਸਣ।
ਬਣ ਗੁਰੂ ਜੀ ਦਾ ਸੰਤ-ਸਿਪਾਹੀ,
ਗੁਰੂ ਹਰਗੋਬਿੰਦ ਜੀ
ਦਿਲ ਵਿਚ ਆਣ ਵੱਸਣ।
ਧਾਰਣ ਕਰ ਸੇਵਾ ਦਾ ਗੁਣ,
ਗੁਰੂ ਹਰਿਰਾਇ ਜੀ
ਦਿਲ ਵਿਚ ਆਣ ਵੱਸਣ,
ਇੱਕ ਮਨ ਇੱਕ ਚਿੱਤ ਧਿਆ,
ਗੁਰੂ ਹਰਿਕ੍ਰਿਸ਼ਨ ਜੀ
ਦਿਲ ਵਿਚ ਆਣ ਵੱਸਣ।
ਕੰਠ ਕਰ ਲੈ ਨੌਵੇਂ ਪਾਤਸ਼ਾਹ ਦੇ ਸਲੋਕ,
ਗੁਰੂ ਤੇਗ ਬਹਾਦਰ ਜੀ
ਦਿਲ ਵਿਚ ਆਣ ਵੱਸਣ।
ਕੰਠ ਕਰ ਲੈ ਜਾਪ ਸਾਹਿਬ,
ਗੁਰੂ ਗੋਬਿੰਦ ਸਿੰਘ ਜੀ
ਦਿਲ ਵਿਚ ਆਣ ਵੱਸਣ।
ਕੰਠ ਕਰ ਲੈ ਗੁਰੂ ਗ੍ਰੰਥ ਸਾਹਿਬ ਜੀ,
ਸਾਰੇ ਭਗਤ ਸਹਿਬਾਨ
ਦਿਲ ਵਿਚ ਆਣ ਵੱਸਣ।
ਵਾਹਿਗੁਰੂ ਧੁੰਨ ਜਪ ਬੋਦਲਾਂ ਦੇ ਸੁੱਖਵਿੰਦਰਾ,
ਦੁੱਖ ਨੱਸਣ ਤੇ ਸੁੱਖ ਵਿਹੜੇ ਆਣ ਵੱਸਣ।

**-ਸੁੱਖਵਿੰਦਰ ਸਿੰਘ ਬੋਦਲਾਂਵਾਲਾ**

# ਮਾਂ-ਬੋਲੀ ਨਾ ਭੁੱਲੀਂ ਵੇ ਬੀਬਾ

ਬੋਲੀ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਜ਼ਰੀਆ। ਸੰਵੇਦਨਾਵਾਂ ਨੂੰ ਬੋਲ ਦੇਣ ਦੀ ਪ੍ਰਕਿਰਿਆ ਅਤੇ ਮਨੋਭਾਵਾਂ ਨੂੰ ਸਾਂਝੇ ਕਰਨ ਦੀ ਤਰਕੀਬ।

ਬੋਲੀ ਆਪਣੀਆਂ ਸੋਚਾਂ ਨੂੰ ਬੋਲ, ਸੁਪਨਿਆਂ ਨੂੰ ਖੁਣਨ ਦਾ ਵਲ, ਪਰਾਂ 'ਤੇ ਅੰਬਰ ਦੇ ਸਿਰਨਾਵਿਆਂ ਦੀ ਰੂਹ ਅਤੇ ਕੀਰਤੀਮਾਨਾਂ ਦਾ ਵਿਸਥਾਰਤ ਰੂਪ।

ਬੋਲੀ, ਸਮਾਜਿਕ ਵਰਤਾਰੇ ਦੀ ਅਹਿਮ ਕੜੀ, ਆਪੇ ਨਾਲ ਜੁੜੇ ਹੋਣ ਦਾ ਮਾਣ, ਆਪਣੇ ਵਿਰਸੇ ਦੀ ਭਾਵ-ਭਿੰਨੀ ਖੁਸ਼ਬੂ, ਆਪਣੀ ਵਿਰਾਸਤ ਦਾ ਸੁੱਚਾ ਨਗ, ਪੁਰਖਿਆਂ ਦੀ ਬੇਸ਼ਕੀਮਤੀ ਦਾਤ ਅਤੇ ਤਵਾਰੀਖ਼ ਨਾਲ ਜੁੜੇ ਹੋਣ ਦਾ ਵਡਮੁੱਲਾ ਸਬੱਬ।



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਬੋਲੀ, ਮਾਂ-ਬੋਲੀ ਦਾ ਰੁਤਬਾ ਹਾਸਲ ਕਰਦੀ ਜਦ ਇਹ ਮਾਂ ਦੀ ਗੋਦ 'ਚੋਂ ਨਸੀਬ ਹੁੰਦੀ। ਬੋਲੀ ਜਿਸ ਵਿਚ ਲੋਰੀਆਂ ਅਤੇ ਝਿੜਕਾਂ ਮਿਲਦੀਆਂ ਅਤੇ ਸਾਨੂੰ ਜਿਉਣ ਦਾ ਅਦਬ ਅਤੇ ਵਿਚਰਨ ਦਾ ਵਲ ਆਉਂਦਾ। ਸਾਨੂੰ ਅੱਗੇ ਕਦਮ ਧਰਨ ਦੀ ਗੁੜ੍ਹਤੀ ਮਿਲਦੀ, ਆਪਣੀ ਚੁੱਪ ਨੂੰ ਬੋਲਾਂ ਦੇ ਨਾਵੇਂ ਕਰਨ ਦਾ ਵਰਦਾਨ ਮਿਲਦਾ ਅਤੇ ਆਪਣੇ ਸੋਚ-ਸਰਵਰ 'ਤੇ ਠੱਲ੍ਹਣ ਦੀ ਹੌਸਲਾ ਅਫਜ਼ਾਈ ਮਿਲਦੀ।

ਮਾਂ ਬੋਲੀ, ਮਾਂ ਦੀਆਂ ਸੁਣਾਈਆਂ ਹੋਈਆਂ ਕਹਾਣੀਆਂ, ਦਾਦੀ ਮਾਂ ਦੀਆਂ ਬਾਤਾਂ ਅਤੇ ਬਾਪ ਦੇ ਪ੍ਰਛਾਵੇਂ 'ਚ ਤੁਰਦਿਆਂ, ਉਸ ਵਲੋਂ ਜੀਵਨ 'ਚ ਮਿਹਨਤ ਅਤੇ ਮੁਸ਼ੱਕਤ ਦੇ ਮੁੜ੍ਹਕੇ ਨੂੰ ਮਾਣਨ ਦਾ ਹੁਨਰ।

ਮਾਂ-ਬੋਲੀ, ਵਾਗੀਆਂ ਦੇ ਹੋਕਰੇ, ਹਾਲੀਆਂ ਦੀਆਂ ਹੇਕਾਂ ਅਤੇ ਵਗਦੇ ਖੂਹ ਦੇ ਸੰਗੀਤ ਵਿਚ ਮਿਰਜ਼ੇ ਦੀਆਂ ਸੱਦਾਂ ਦਾ ਮਿੱਠੜਾ ਰਾਗ।

ਮਾਂ-ਬੋਲੀ, ਫਿਰਨੀ 'ਚ ਪੈਂਦੇ ਲਲਕਾਰੇ, ਚੌਰਾਹੇ 'ਚ ਕੱਢੀਆਂ ਜਾਂਦੀਆਂ ਗਾਲਾਂ ਅਤੇ ਪਿੰਡ ਦੇ ਬਨੇਰਿਆਂ 'ਤੇ ਵੱਜਦੇ ਸਪੀਕਰ ਦੇ ਸੰਗੀਤਕ ਬੋਲ।

ਮਾਂ-ਬੋਲੀ ਮਾਵਾਂ ਵਲੋਂ ਲਾਡਲਿਆਂ ਦੇ ਵਿਆਹਾਂ 'ਚ ਗਾਏ ਜਾਂਦੇ ਗੀਤ, ਭੈਣਾਂ ਦੇ ਸੁਹਾਗ, ਵੀਰੇ ਦੀਆਂ ਘੋੜੀਆਂ, ਜੀਜੇ ਨੂੰ ਦਿੱਤੀਆਂ ਜਾ ਰਹੀਆਂ ਸਿੱਠਣੀਆਂ, ਨਾਨਕੇ ਦਾਦਕਿਆਂ ਦੇ ਆਪਸੀ ਚੋਹਲ-ਮੋਹਲ, ਭੈਣਾਂ ਅਤੇ ਭਰਜਾਈਆਂ ਦੇ ਨਖਰੀਲੇ ਬੋਲ, ਮਰਾਸੀਆਂ ਦੇ ਟੋਟਕੇ ਅਤੇ ਖੱਸਰਿਆਂ ਦੀਆਂ ਦਿਲਲਗੀਆਂ।

ਮਾਂ-ਬੋਲੀ ਖੂਹਾਂ, ਭੱਠੀਆਂ, ਸੱਥਾਂ, ਬੰਬੀਆਂ, ਪੱਤਣਾਂ ਅਤੇ ਡੇਰਿਆਂ 'ਤੇ ਆਪਣੀ ਮਹਿਕ ਬਿਖੇਰਨ ਦਾ ਕਰਮ। ਪਰ ਪਤਾ ਹੀ ਨਾ ਲੱਗਾ ਕਦੋਂ ਮਾਂ ਬੋਲੀ ਦੇ ਇਹ ਪਸੰਦੀਦਾ ਥਾਂ ਵਿਰਾਨ ਹੋ ਗਏ।

ਮਾਂ-ਬੋਲੀ, ਇਤਿਹਾਸ-ਮਿਥਿਹਾਸ ਦਾ ਸੱਚਾ ਰੈਣ-ਬਸੇਰਾ, ਸੰਭਾਲੇ ਹੋਏ ਨਕਸ਼। ਇਸ 'ਚ ਰਚੀ ਹੋਈ ਗੁਰੂਆਂ, ਭਗਤਾਂ, ਪੀਰਾਂ, ਫਕੀਰਾਂ ਦੀ ਬਾਣੀ ਵਿਸਮਾਦੀ ਸਰੂਰ ਦਾ ਇਲਾਹੀ ਸਰੂਪ, ਜੀਵਨ-ਜਾਚ ਦਾ ਮੁਜੱਸਮਾ, ਸਮਕਾਲ ਦੀ ਸੱਚੀ ਤਸ਼ਬੀਹ ਅਤੇ ਤਾਸੀਰ।

ਮਾਂ-ਬੋਲੀ ਸਿਰਫ਼ ਸੰਚਾਰ ਸਾਧਨ ਨਹੀਂ। ਇਹ ਤਾਂ ਸਮਾਂ, ਸਮਾਜ ਅਤੇ ਸਮਕਾਲ ਦੀ ਸੱਚੀ ਤਸਵੀਰ। ਪਿੰਡਾਂ, ਸ਼ਹਿਰਾਂ, ਗਰਾਂ ਅਤੇ ਖੂਹਾਂ ਦੇ ਆਪਣੀ ਬੋਲੀ ਵਿਚ ਨਾਮ ਬੜਾ ਕੁਝ ਬਿਆਨਦੇ।

ਮਾਂ-ਬੋਲੀ, ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਆਸਥਾ ਅਤੇ ਆਪਣੇ ਆਪ ਨੂੰ ਆਪਣੀ ਤਵਾਰੀਖ਼ ਵਿਚੋਂ ਹੀ ਵਿਸਥਾਰਨ ਦਾ ਸ਼ੁਭ ਕਰਮਨ।

ਮਾਂ-ਬੋਲੀ, ਕੁੱਖ ਵਿਚ ਪਲਦੇ ਬੱਚੇ ਲਈ ਯੋਧਿਆਂ ਦੀ ਕਹਾਣੀ, ਪਲ ਰਹੇ ਬੱਚੇ ਨਾਲ ਮਾਂ ਦੇ ਮੋਹ ਭਿੱਜੇ ਜਜ਼ਬਾਤ, ਨਿੱਕੀਆਂ ਗੱਲਾਂ, ਛੋਟੇ ਛੋਟੇ ਹੁੰਗਾਰੇ ਅਤੇ ਕੁੱਖੋਂ ਜਾਇਆਂ ਲਈ ਨਵੇਂ ਦਿਸਹੱਦਿਆਂ ਦੇ ਸਿਰਲੇਖ।

ਮਾਂ-ਬੋਲੀ ਤੋਂ ਬਗੈਰ ਖਾਮੋਸ਼ ਹੋ ਜਾਣਗੇ ਧਰਮ-ਗਰੰਥ, ਚੁੱਪ ਦਾ ਲਿਬਾਸ ਪਹਿਨ ਲੈਣਗੀਆਂ ਉਘੀਆਂ ਸਾਹਿਤਕ ਕਿਰਤਾਂ, ਆਪਣੇ ਮਰਸੀਏ ਗਾਉਣਗੇ ਮਿੱਠੜੇ ਬੋਲ ਅਤੇ ਸੱਖਣੀ ਹੋ ਜਾਵੇਗੀ ਸੁਗਾਤਾਂ ਸੰਗ ਭਰੀ ਅਤੀਤ ਦੀ ਝੋਲ।

ਮਾਂ-ਬੋਲੀ ਨੂੰ ਖਤਮ ਕਰਨਾ ਹਰ ਦੋਖੀ ਦੀ ਸਭ ਤੋਂ ਪਹਿਲੀ ਸੁਚੇਤ ਚਾਲ। ਉਹ ਜਾਣਦੇ! ਆਪਣੀ ਬੋਲੀ ਅਤੇ ਧਰਮ ਤੋਂ ਟੁੱਟੇ ਮਨੁੱਖ ਦਾ ਕੋਈ ਵਜੂਦ ਨਹੀਂ। ਆਪਣਿਆਂ ਤੋਂ ਵਿਰਵਾ ਹੋ ਭਲਾ ਕੋਈ ਕਿੰਨਾ ਕੁ ਚਿਰ ਜੀਅ ਸਕਦੈ? ਮਾਂ ਬੋਲੀ ਤੋਂ ਬਗੈਰ ਮਾਂ ਦੀਆਂ ਅਸੀਸਾਂ ਅਤੇ ਦੁਆਵਾਂ ਨੂੰ ਕਿੰਜ ਸਮਝੋਗੇ, ਉਸ ਦੀਆਂ ਸਲਾਹੁਤੀਆਂ ਅਤੇ ਸਿਆਣਪਾਂ ਨੂੰ ਕਿੰਜ ਉਲਥਾਓਗੇ, ਬੁੱਢੇ ਬਾਪ ਨਾਲ ਕਿੰਜ ਬੋਲ ਸਾਂਝੇ ਕਰੋਗੇ ਅਤੇ ਉਸ ਦੀਆਂ ਭਾਵਨਾਵਾਂ ਨੂੰ ਕਿਹੜੇ ਅਰਥਾਂ ਦਾ ਵਿਸਥਾਰ ਦਿਓਗੇ।

ਬਹੁਤ ਚੰਗਾ ਹੈ ਮਨੁੱਖ ਦਾ ਵਿਸਤਾਰ ਹੋਣਾ, ਨਵੀਆਂ ਪ੍ਰਾਪਤੀਆਂ ਦਾ ਸਿਰਲੇਖ ਬਣਨਾ। ਪਰ ਜੋ ਅੰਬਰੀਂ ਉਡਦਿਆਂ ਵੀ ਆਪਣੇ ਆਪ ਨੂੰ ਜੰਮਣ ਭੌਂ ਨਾਲ ਜੋੜੀ ਰੱਖਦੇ ਨੇ, ਅਸਲ ਵਿਚ ਉਹੀ ਮਹਾਨ ਹੁੰਦੇ ਨੇ। ਬੇਗਾਨੇ ਪਰਾਂ 'ਤੇ ਮੁਖੌਟੀ ਮਹਾਨਤਾ ਦੇ ਕੋਈ ਅਰਥ ਨਹੀਂ ਹੁੰਦੇ। ਬੈਸਾਖੀਆਂ ਦੇ ਸਹਾਰੇ ਭਲਾ ਕੋਈ ਕਿੰਨਾ ਕੁ ਚਿਰ ਅੰਬਰਾਂ ਦੇ ਹਾਣ ਦਾ ਭਰਮ ਪਾਲ ਸਕਦਾ ਏ।




ਜਦ ਨਾਂ, ਥਾਂ ਅਤੇ ਗਰਾਂ 'ਤੇ ਵਿਦੇਸ਼ੀ ਬੋਲੀ ਦੀ ਪਰਤ ਚੜ੍ਹ ਜਾਵੇ ਤਾਂ ਗੁੰਮ ਹੋ ਜਾਂਦੀ ਏ ਉਨ੍ਹਾਂ ਦੀ ਤਵਾਰੀਖ, ਬੇਪਛਾਣ ਹੋ ਜਾਂਦਾ ਏ ਕਿਸੇ ਕਸਬੇ, ਪਿੰਡ ਅਤੇ ਨਗਰ ਦਾ ਮੁਹਾਂਦਰਾ ਅਤੇ ਸਿਵਿਆਂ ਦੀ ਰਾਖ ਵਾਂਗ ਉਡ ਜਾਂਦੀ ਹੈ ਉਨ੍ਹਾਂ ਦੀ ਤਹਿਜ਼ੀਬ। ਭੋਲੀਆਂ-ਭਾਲੀਆਂ ਕੌਮਾਂ ਦਾ ਸਭ ਕੁਝ ਇਸ ਤਰ੍ਹਾਂ ਹੀ ਖੋਹਿਆ ਗਿਆ ਏ। ਭਾਵੇਂ ਇਹ ਇਸਾਈ ਮਿਸ਼ਨਰੀਆਂ ਵਲੋਂ ਭਾਰਤ ਦੇ ਕਬਾਇਲੀ ਖੇਤਰਾਂ 'ਚ ਚਲਾਏ ਜਾਂਦੇ ਸਕੂਲ ਹੋਣ ਜਾਂ ਬੀਤੇ ਦੌਰਾਨ ਕੈਨੇਡਾ ਵਿਚ ਆਦਿ-ਵਾਸੀਆਂ ਲਈ ਚਲਾਏ ਗਏ ਰਿਹਾਇਸ਼ੀ ਸਕੂਲ ਹੋਣ। ਇਹ ਸਭ ਕੁਝ ਨਵੀਂ ਨਸਲ ਨੂੰ ਉਨ੍ਹਾਂ ਦੇ ਮਾਣ ਮੱਤੇ ਵਿਰਸੇ ਤੋਂ ਦੂਰ ਕਰ ਕੇ, ਟੁੱਟੇ ਪੱਤੇ ਦੀ ਜੂਨ ਹੰਢਾਉਣ ਵਰਗਾ ਹੈ। ਆਧੁਨਿਕਤਾ ਦੀ ਦੌੜ 'ਚ ਮਨੁੱਖ ਬਹੁਤ ਕੁਝ ਗਵਾ ਰਿਹਾ ਏ ਅਤੇ ਪਤਾ ਲੱਗਣ 'ਤੇ ਸਿਰਫ਼ ਧੁਖਦੀ ਧੂਣੀ ਵਰਗਾ ਪਛਤਾਵਾ ਝੋਲੀ ਵਿਚ ਰਹਿ ਜਾਂਦਾ ਏ।

ਮਾਂ-ਬੋਲੀ ਦਾ ਹੇਰਵਾ ਕਦੇ ਉਨ੍ਹਾਂ ਨੂੰ ਪੱਛਣਾ ਜਿਨ੍ਹਾਂ ਦੇ ਜਬਾੜੇ ਵਿਦੇਸ਼ੀ ਬੋਲੀਆਂ ਬੋਲਦਿਆਂ-ਬੋਲਦਿਆਂ ਦੁਖਣ ਲਗਦੇ ਨੇ ਅਤੇ ਉਹ ਮਾਂ-ਬੋਲੀ ਬੋਲਣ ਲਈ ਤਰਸ ਜਾਂਦੇ ਨੇ। ਭਾਵੇਂ ਇਹ ਸੀਰੀਆ ਵਿਚ ਜਲਾਵਤਨ ਹੋਇਆ ਮਹਾਨ ਸ਼ਾਇਰ ਫੈਜ਼ ਅਹਿਮਦ ਫੈਜ਼ ਹੋਵੇ, ਕਾਲੀ ਕੋਠੜੀ ਦੀ ਸਜ਼ਾ ਭੁਗਤ ਰਿਹਾ ਮਹਾਨ ਸੰਗਰਾਮੀ ਡਾ. ਮੋਹਨ ਸਿੰਘ ਕਾਲੇ ਪਾਣੀ ਹੋਵੇ। ਮਾਂ ਬੋਲੀ ਨੂੰ ਸੁਣਨ ਅਤੇ ਬੋਲਣ ਲਈ ਤਰਸ ਜਾਣਾ ਹੀ ਇਸਦੀ ਅਹਿਮੀਅਤ ਅਤੇ ਅਪਣੱਤ ਨੂੰ ਜ਼ਾਹਰ ਕਰਦਾ ਏ।

ਵੱਖ ਵੱਖ ਜ਼ੁਬਾਨਾਂ ਸਿੱਖਣੀਆਂ ਬਹੁਤ ਵਧੀਆ ਹੈ ਪਰ ਕਦੇ ਵੀ ਆਪਣੀ ਮਾਂ ਬੋਲੀ ਨੂੰ ਪਿਛਲੱਗ ਹੋਣ ਦਾ ਅਹਿਸਾਸ ਨਾ ਹੋਣ ਦਿਓ। ਇਹ ਬੋਲੀ ਹੀ ਤੁਹਾਡੇ ਵਿਅਕਤੀਤਵ, ਕੱਦ-ਕਾਠ, ਮੁਹਾਂਦਰੇ ਅਤੇ ਸੂਹਜ ਅਤੇ ਸਹਿਜ ਦੀ ਸੱਚੀ ਅਧਾਰਸ਼ਿਲਾ ਅਤੇ ਪੈਮਾਨਾ ਏ।

ਮਾਂ-ਬੋਲੀ ਤਾਂ ਬਹੁਤ ਪੁਰਾਣੀ, ਸਾਡੇ ਬਜ਼ੁਰਗ ਤਾਂ ਮੂੰਹ ਜ਼ੁਬਾਨੀ ਹੀ ਆਪਣੀ ਤਵਾਰੀਖ਼, ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਦੇ ਨਾਮ ਕਰਦੇ, ਆਪਣੇ ਸਭਿਆਚਾਰ, ਸਾਹਿਤ ਅਤੇ ਸੰਗੀਤ ਨੂੰ ਅਗਾਂਹ ਤੋਰਦੇ ਰਹੇ ਹਨ। ਲਿਪੀ ਦਾ ਵਿਕਾਸ ਤਾਂ ਬਾਅਦ ਵਿਚ ਹੋਇਆ ਅਤੇ ਬੋਲੀ ਦਾ ਲਿਪਾਂਤਰ ਹੋਣ ਬਾਅਦ ਹੀ ਇਹ ਹਰਫਾਂ ਵਿਚ ਸੰਭਾਲੀ ਜਾਣ ਲੱਗੀ ਏ। ਪਰ ਸਾਡੇ ਅਨਪੜ੍ਹ ਬਜ਼ੁਰਗਾਂ ਦੀ ਬੋਲੀ ਵਿਚ ਅਜੇਹੇ ਮੁਹਾਵਰੇ, ਵਾਕ-ਬਣਤਰ ਅਤੇ ਸ਼ਬਦ ਨੇ ਜਿਹੜੇ ਹੌਲੀ ਹੌਲੀ ਸਾਡੀ ਲਿਖਤੀ ਬੋਲੀ 'ਚੋਂ ਅਲੋਪ ਰਹੇ ਨੇ ਅਤੇ ਲੋੜ ਹੈ ਕਿ ਉਨ੍ਹਾਂ ਦੇ ਸੁੱਚੇ ਬੋਲਾਂ ਨੂੰ ਸਾਂਭ ਲਿਆ ਜਾਵੇ।

ਮਾਂ ਬੋਲੀ ਨੂੰ ਮੋਹ ਕਰਨ ਵਾਲਿਓ! ਆਪਣੇ ਚੌਗਿਰਦੇ ਵਿਚ ਇਸਦੀ ਮਹਿਕ ਨੂੰ ਵਿਗਸਣ ਦਿਓ। ਇਸ ਦੀਆਂ ਦੁਆਵਾਂ ਮੰਗੋ। ਇਸਦੀ ਅੰਮ੍ਰਿਤਾ ਨੂੰ ਸਿਜਦਾ ਕਰੋ ਅਤੇ ਇਸਦੀ ਸਦੀਵਤਾ ਲਈ ਸੁਯੋਗ ਯਤਨਾਂ ਦੀ ਕਰਮਯੋਗਤਾ ਦਾ ਦਾਨ ਦਿਓ।

ਮਾਂ-ਬੋਲੀ, ਮਾਂ ਵਰਗੀ ਏ ਜਿਸਨੇ ਸਾਨੂੰ ਲੋਰੀਆਂ ਦਿੱਤੀਆਂ, ਸ਼ਹਿਦ ਵਰਗੇ ਬੋਲਾਂ ਦੀ ਗੁੜ੍ਹਤੀ ਦਿੱਤੀ, ਫ਼ਿਜ਼ਾ ਦੇ ਸਭ ਰੰਗ ਸਾਡੀ ਬੋਲ-ਚਾਲ ਵਿਚ ਭਰੇ ਅਤੇ ਇਸ ਸਦਕੇ ਹੀ ਅਸਾਂ ਕਈ ਖਾਰੇ ਤੇ ਕਾਲੇ ਸਾਗਰ ਤਰੇ।

ਮਾਂ-ਬੋਲੀ ਵਾਲੇ ਦਿਨ, ਆਪਣੇ ਮਨ-ਮਸਤਕ, ਦਰਾਂ ਅਤੇ ਗਰਾਂ 'ਤੇ ਮਿੱਠੜੇ ਬੋਲਾਂ ਦੇ ਚਿਰਾਗ ਧਰੋ, ਸ਼ਗਨ ਉਤਾਰੋ ਅਤੇ ਮੰਨਤਾਂ ਦਾ ਅਰਘ ਚੜ੍ਹਾਓ। ਸ਼ਾਇਦ ਸਾਡੀਆਂ ਦੁਆਵਾਂ ਤੇ ਨੇਕ-ਨੀਤੀ, ਮਾਂ ਬੋਲੀ ਦੇ ਚੌਵਰਗੇ ਨੂੰ ਹੋਰ ਬੁਲੰਦੀ ਬਖਸ਼ੇ।

ਅਜੇਹੀ ਆਸ ਪੰਜਾਬੀ ਪਿਆਰਿਆਂ ਅਤੇ ਹਿਤੈਸ਼ੀਆਂ ਤੋਂ ਤਾਂ ਕੀਤੀ ਹੀ ਜਾ ਸਕਦੀ ਏ।

# ਕੌਮਾਂਤਰੀ ਮਾਂ ਬੋਲੀ ਦਿਹਾੜੇ ’ਤੇ ਵਿਸ਼ੇਸ਼

*ਸੰਯੁਕਤ ਰਾਸ਼ਟਰ ਗੁੱਟ (ਯੂ.ਐਨ.ਓ) ਵੱਲੋਂ 21 ਫਰਵਰੀ ਨੂੰ ਮਨਾਏ ਜਾਂਦੇ ਮਾਂ ਬੋਲੀ ਦਿਹਾੜੇ ਦੀਆਂ ਮੁਬਾਰਕਾਂ। 21 ਫਰਵਰੀ 1952 ਦੀ ਘਟਨਾ ਮਾਂ ਬੋਲੀ ਨਾਲ ਇਸ਼ਕ ਦਾ ਇਤਿਹਾਸਕ ਦਸਤਾਵੇਜ਼ ਹੈ। ਜਦੋਂ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ ਅਤੇ ਢਾਕਾ ਮੈਡੀਕਲ ਕਾਲਜ ਦੇ ਪਾੜ੍ਹਿਆਂ ਨੇ, ਜੋ ਉਨ੍ਹਾਂ ਸਮਿਆਂ ‘ਚ ਪਾਕਿਸਤਾਨ ਵਿਚ ਉਰਦੂ ਤੋਂ ਬਿਨਾਂ ਆਪਣੀ ਮਾਂ ਬੋਲੀ ਬੰਗਾਲੀ ਲਈ ਮੁਜ਼ਾਹਰਾ ਕਰ ਰਹੇ ਸਨ, ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਹੋ ਆਪਣੀ ਮਾਂ ਬੋਲੀ ਦੀ ਹੋਂਦ ਲਈ ਕੁਰਬਾਨੀਆਂ ਦੇ ਗਏ। ਯੂ.ਐਨ.ਓ. ਨੇ ਬੰਗਾਲੀਆਂ ਦੀ ਮਾਂ ਬੋਲੀ ਨੂੰ ਲੈ ਕੇ ਕੀਤੀ ਕੁਰਬਾਨੀ ਦੀ ਇਸ ਤਾਰੀਖ਼ ਨੂੰ ਮਾਂ ਬੋਲੀ ਦਿਹਾੜੇ ਵਜੋਂ ਅਹਿਮੀਅਤ ਦਿੱਤੀ। ਯੂ.ਐਨ.ਓ. ਮੁਤਾਬਕ ਇਸ ਸੰਸਾਰ ‘ਚ 7000 ਭਾਸ਼ਾਵਾਂ ’ਚੋਂ 50 ਫੀਸਦੀ ਆਪਣੀ ਕੁਝ ਪੀੜ੍ਹੀਆਂ ਤੋਂ ਬਾਅਦ ਹੋਂਦ ’ਚ ਨਹੀਂ ਹੋਣਗੀਆਂ। ਆਓ ਆਪਾਂ ਅਹਿਦ ਕਰੀਏ ਕਿ ਪੰਜਾਬੀ ਮਾਂ ਬੋਲੀ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਵਾਸਤੇ ਜਿਉਂਦੀ ਰਹੇ।*

# ਮਾਂ ਬੋਲੀ ਪੰਜਾਬੀ : ਕੱਲ੍ਹ, ਅੱਜ ਤੇ (ਭਲਕ)

ਮਾਂ ਤੇ ਬੋਲੀ ਦੋਵੇਂ ਇਕ ਦੂਜੇ ਦੇ ਪੂਰਕ ਹਨ। ਮਾਂ ਜਣਨੀ ਹੈ ਤੇ ਬੋਲੀ, ਸਾਡੀ ਪਛਾਣ। ਬੱਚਾ ਜਦ ਜਨਮ ਲੈਂਦਾ ਹੈ ਤਾਂ ਸਭ ਤੋਂ ਪਹਿਲਾਂ ਮਾਂ ਦੇ ਮਿੱਠੜੇ ਬੋਲ ਹੀ ਉਸਦੇ ਕੰਨਾਂ ਵਿਚ ਪੈਂਦੇ ਹਨ। ਬੱਚਾ ਰੋਂਦਾ ਹੈ ਤਾਂ ਮਾਂ ਆਪਣੀ ਬੋਲੀ ਵਿਚ ਉਸਨੂੰ ਦੁਲਾਰਦੀ ਹੈ, ਪਤਿਆਉਂਦੀ ਹੈ, ਨਿੱਕੀਆਂ-ਨਿੱਕੀਆਂ ਸ਼ਹਿਦ ਨਾਲੋਂ ਵੀ ਮਿੱਠੀਆਂ ਗੱਲਾਂ ਨਾਲ ਬੱਚਾ ਪਰਚ ਜਾਂਦਾ ਹੈ। ਮਾਂ ਬੋਲੀ ਦੇ ਬੋਲ ਉਸ ਨੂੰ ਖਾਬਾਂ ਦੀ ਦੁਨੀਆ ਵਿਚ ਲੈ ਜਾਂਦੇ ਹਨ। ਮਾਂ ਬੋਲੀ ਵਿਚ ਦਿੱਤੀਆਂ ਲੋਰੀਆਂ ਨਾਲ ਬੱਚਾਂ ਮਸਤ ਹੋ ਜਾਂਦਾ ਹੈ। ਬੱਚਾ ਜਦ ਹੱਸਦਾ ਹੈ ਤਾਂ ਮਾਂ ਉਸ ਨਾਲ ਆਪਣੀ ਬੋਲੀ ਵਿਚ ਲਾਡ-ਲਡਾਉਂਦੀ ਹੈ। ਉਸ ਨੂੰ ਭਾਂਤ-ਭਾਂਤ ਦੇ ਨਾਵਾਂ ਨਾਲ ਬੁਲਾਉਂਦੀ ਹੈ।



ਸਾਡੀ ਮਾਂ ਬੋਲੀ ਪੰਜਾਬੀ ਪੀਰਾਂ, ਫਕੀਰਾਂ ਅਤੇ ਗੁਰੂਆਂ ਦੇ ਮੁਖਾਰਬਿੰਦ ’ਚੋਂ ਉਚਾਰੀ ਹੋਈ ਬੋਲੀ ਹੈ। ਇਹ ਪਾਕਿ ਪਵਿੱਤਰ ਬੋਲੀ ਮਾਂ ਜਿੰਨੀ ਹੀ ਸਤਿਕਾਰਤ ਹੈ। ਜਿਵੇਂ ਮਾਂ ਦਾ ਦਰਜਾ ਕਿਸੇ ਦੂਜੀ ਔਰਤ ਨੂੰ

**ਰਵਿੰਦਰ ਸਿੰਘ ਸਹਿਰਾਅ**
**ਫੋਨ: 717-575-7529**

ਨਹੀਂ ਦਿੱਤਾ ਜਾ ਸਕਦਾ ਹੈ ਇਸੇ ਤਰ੍ਹਾਂ ਕਿਸੇ ਹੋਰ ਬੋਲੀ ਨੂੰ ਆਪਣੀ ਬੋਲੀ ਦੀ ਜਗ੍ਹਾ ਨਹੀਂ ਦਿੱਤੀ ਜਾ ਸਕਦੀ।

ਬਾਰ੍ਹਵੀਂ ਸਦੀ ਵਿਚ ਜਨਮੇ ਸ਼ੇਖ ਫ਼ਰੀਦ ਸ਼ਕਰਗੰਜ ਜੀ ਪੰਜਾਬੀ ਦੇ ਪਹਿਲੇ ਕਵੀ ਮੰਨੇ ਜਾਂਦੇ ਹਨ। ਦੁਨਿਆਵੀ ਨਸੀਹਤਾਂ ਨਾਲ ਉਨ੍ਹਾਂ ਦੇ ਸ਼ਬਦ ਤੇ ਸ਼ਲੋਕ ਅਨੇਕਾਂ ਭੁੱਲੇ ਭਟਕੇ ਜਿਊੜਿਆਂ ਦਾ ਰਾਹ ਦਸੇਰਾ ਬਣਦੇ ਆ ਰਹੇ ਹਨ:

ਕੰਨਾਂ, ਦੰਦਾਂ ਅੱਖੀਆਂ, ਸਭਨਾਂ ਦਿੱਤੀ ਹਾਰ।
ਵੇਖ ਫਰੀਦਾ ਛੱਡ ਗਏ, ਮੁੱਢ ਕਦੀਮੀ ਯਾਰ।
ਫਰੀਦਾ ਖਾਕ ਨਾ ਨਿੰਦੀਐ, ਖਾਕੁ ਜੇਡ ਨਾ ਕੋਇ
ਜੀਵਦਿਆ ਪੈਰਾ ਤਲੈ ਮੋਇਆ ਉਪਰਿ ਹੋਏ।
ਫਰੀਦਾ ਹਾਥੀ ਸੋਨ ਅੰਬਰੀਆ, ਪੀਛੇ ਕਟਕ ਹਜਾਰ
ਜਾ ਸਿਰ ਆਈ ਆਪਣੇ, ਤਾ ਕੋ ਮੀਤ ਨਾ ਯਾਰ।

ਮਾਂ ਬੋਲੀ ਪੰਜਾਬੀ ਨੂੰ ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਸ਼ਾਹ ਮੁਹੰਮਦ, ਸੁਲਤਾਨ ਬਾਹੂ, ਅਲੀ ਹੈਦਰ ਮੁਲਤਾਨੀ, ਖਵਾਜਾ ਗੁਲਾਮ ਫ਼ਰੀਦ, ਮੀਆਂ ਮੁਹੰਮਦ ਬਖਸ਼, ਮੌਲਵੀ ਗੁਲਾਮ ਰਸੂਲ ਅਤੇ ਫੇਰ ਗੁਰੂਆਂ ਨੇ ਜਿਸ ਤਰ੍ਹਾਂ ਮਾਣ-ਇੱਜ਼ਤ ਬਖਸ਼ੀ ਉਸਦਾ ਦੇਣ ਨਹੀਂ ਦਿੱਤਾ ਜਾ ਸਕਦਾ। ਸੂਫੀ ਕਵੀਆਂ ਧਰਮ ਵਜੋਂ ਮੁਸਲਮਾਨ ਹੁੰਦਿਆਂ ਵੀ ਆਪਣੀ ਮਾਂ ਬੋਲੀ ਨੂੰ ਅਖੋਂ ਪਰੋਖੇ ਨਹੀਂ ਹੋਣ ਦਿੱਤਾ। ਅੱਜ ਵੀ ਉਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਸਾਨੂੰ ਮਾਣ ਮਹਿਸੂਸ ਹੁੰਦਾ ਹੈ। ਬੁੱਲ੍ਹੇ ਸ਼ਾਹ ਨੂੰ ਪੜ੍ਹਦਿਆਂ ਤਾਂ ਬੰਦਾ ਆਪ ਮੁਹਾਰੇ ਵਜਦ ਵਿਚ ਆ ਜਾਂਦਾ ਹੈ।

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।
ਉੱਠ ਜਾਗ ਘੁਰਾੜੇ ਮਾਰ ਨਹੀਂ।
ਇਹ ਸੌਣ ਤੇਰੇ ਦਰਕਾਰ ਨਹੀਂ।

ਹਾਜੀ ਲੋਕ ਮੱਕੇ ਨੂੰ ਜਾਂਦੇ
ਮੇਰਾ ਰਾਂਝਣ ਮਾਹੀ ਮੱਕਾ, ਨੀ ਮੈਂ ਕਮਲੀ ਹਾਂ।
ਬੁੱਲ੍ਹੇ ਸ਼ਾਹ ਚੱਲ ਓਥੇ ਚਲੀਏ, ਜਿੱਥੇ ਸਾਰੇ ਹੋਵਣ ਅੰਨ੍ਹੇ।
ਨਾ ਕੋਈ ਸਾਡੀ ਜਾਤ ਪਛਾਣੇ, ਨਾ ਕੋਈ ਸਾਨੂੰ ਮੰਨੇ।

ਸਾਂਝੇ ਪੰਜਾਬ ਦੇ ਬਹੁਤ ਸਾਰੇ ਨਵੇਂ ਕਵੀਆਂ ਨੇ ਮਾਂ ਬੋਲੀ ਦੀ ਉਸਤਤ ਵਿਚ ਢੇਰ ਸਾਰਾ ਕਲਾਮ ਰਚਿਆ। ਉਸਤਾਦ ਦਾਮਨ ਦੀਆਂ ਇਹ ਸਤਰਾਂ ਸਾਡਾ ਵਿਸ਼ੇਸ਼ ਧਿਆਨ ਖਿੱਚਦੀਆਂ ਹਨ:

ਉਰਦੂ ਦਾ ਮੈਂ ਦੋਖੀ ਨਹੀਂ ਤੇ ਦੁਸ਼ਮਣ ਨਹੀਂ ਅੰਗ੍ਰੇਜ਼ੀ ਦਾ
ਪੁਛਦੇ ਓ ਮੇਰੇ ਦਿਲ ਦੀ ਬੋਲੀ, ਹਾਂ ਜੀ ਹਾਂ ਪੰਜਾਬੀ ਏ।
ਬੁੱਲਾ ਮਿਲਿਆ ਏਸੇ ਵਿਚੋਂ, ਏਸੇ ਵਿਚੋਂ ਵਾਰਿਸ ਵੀ,
ਧਾਰਾਂ ਮਿਲੀਆਂ ਏਸੇ ਵਿਚੋਂ, ਮੇਰੀ ਮਾਂ ਪੰਜਾਬੀ ਏ।

ਵਾਰਿਸ ਸ਼ਾਹ ਨੇ ਹੀਰ ਲਿਖ ਕੇ ਜੋ ਇੱਜ਼ਤ ਪੰਜਾਬੀ ਨੂੰ ਦਿੱਤੀ ਉਹਦੀ ਮਿਸਾਲ ਲੱਭਣੀ ਔਖੀ ਹੈ। ਉਸਦੇ ਲਿਖੇ ਬੰਦ ਲੋਕ ਕਹਾਵਤਾਂ ਬਣ ਕੇ ਲੋਕਾਂ ਨੇ ਦਿਲਾਂ ਵਿਚ ਸਾਂਭੇ ਹੋਏ ਹਨ-

ਵਾਰਿਸ਼ ਸ਼ਾਹ ਲੁਕਾਈਏ ਜੱਗ ਕੋਲੋਂ
ਭਾਵੇਂ ਆਪਣਾ ਹੀ ਗੁੜ ਖਾਈਏ ਜੀ।

ਬਾਬੂ ਫੀਰੋਜ਼ ਦੀਨ ਸ਼ਰਫ ਲਿਖਦੇ ਹਨ:

ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ




ਬੋਲੀ ਆਪਣੀ ਨਾਲ ਪਿਆਰ ਰੱਖਾਂ
ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ।

ਅਵਾਮੀ ਸ਼ਾਇਰ ਬਾਬੂ ਰਜਬ ਅਲੀ ਲਿਖਦੇ ਹਨ:

ਖੰਡ ਤੋਂ ਮਿਠੀ ਬੋਲੀ ਪਿਆਰੇ ਵਤਨ ਪੰਜਾਬ ਦੀ।
ਮੁੱਖ ’ਚੋਂ ਲਪਟਾਂ ਮਾਰਨ ਜੈਸੇ ਅਤਰ ਗੁਲਾਬ ਦੀ।

ਕੈਲੇਫੋਰਨੀਆ, ਵਸਦਾ ਪੰਜਾਬੀ ਸ਼ਾਇਰ ਹਰਜਿੰਦਰ ਕੰਗ ਲਿਖਦਾ ਹੈ:-

ਅੱਖਰਾਂ ’ਚ ਲਹੂ ਦੀ ਕਹਾਣੀ ਘੁਲੀ ਹੋਈ ਏ
ਸਾਡੀ ਬੋਲੀ ਵਿਚ ਸੱਚੀ ਬਾਣੀ ਘੁਲੀ ਹੋਈ ਏ।

ਪਰ ਅੱਜ ਅਸੀਂ ਪੰਜਾਬੀ ਖੁਦ ਆਪਣੀ ਮਾਂ ਬੋਲੀ ਤੋਂ ਮੁਨਕਰ ਹੁੰਦੇ ਜਾ ਰਹੇ ਹਾਂ। ਬੱਚਿਆਂ ਨਾਲ ਹਿੰਦੀ ਅਤੇ ਅੰਗਰੇਜ਼ੀ ਬੋਲ ਬੋਲ ਕੇ ਇਸ ਦਾ ਸੱਤਿਆਨਾਸ ਕਰ ਰਹੇ ਹਾਂ। ਇਸ ਨੂੰ ਗਵਾਰਾਂ ਦੀ ਭਾਸ਼ਾ ਕਹਿ ਕੇ ਇਸ ਦਾ ਨਿਰਾਦਰ ਕਰ ਰਹੇ ਹਾਂ। ਭਲਾ ਮਾਂ ਬੋਲੀ ਦੀ ਥਾਂ ਵੀ ਕੋਈ ਲੈ ਸਕਦਾ ਹੈ? ਕਦੇ ਵੀ ਨਹੀਂ। ਦੁਨੀਆ ਦੇ ਸਾਰੇ ਵੱਡੇ ਲੇਖਕਾਂ ਨੇ ਆਪਣੀ ਮਾਂ ਬੋਲੀ ਨੂੰ ਤਰਜੀਹ ਦਿੱਤੀ ਹੈ। ਅੱਜ ਪੰਜਾਬ ਵਿਚ ਜਾ ਕੇ ਦੇਖੋ ਸਰਕਾਰੀ ਸਕੂਲ ਬੰਦ ਕੀਤੇ ਜਾ ਰਹੇ ਹਨ। ਜਿਹੜੇ ਬੱਚੇ ਉਥੇ ਪੜ੍ਹਦੇ ਹਨ, ਉਹ ਦੂਜੇ ਸੂਬਿਆਂ ਵਿਚੋਂ ਮਜ਼ਦੂਰੀ ਕਰਨ ਆਏ ਕਾਮਿਆਂ ਦੇ ਹੀ ਹਨ। ਸਾਡੇ ਬੱਚੇ ਮਹਿੰਗੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਹਨ। ਉਨ੍ਹਾਂ ਸਕੂਲਾਂ ਵਿਚ ਪੰਜਾਬੀ ਬੋਲਣ ਵਾਲੇ ਬੱਚਿਆਂ ਨੂੰ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇੱਥੋਂ ਤਕ ਕਿ ਸਰਕਾਰੀ ਅਧਿਆਪਾਕ ਖੁਦ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ ਤੋਂ ਮੁਨਕਰ ਹਨ। ਸਰਕਾਰਾਂ ਦਾ ਰਵੱਈਆਂ ਅੱਖਾਂ ਬੰਦ ਕਰ ਕੇ ਕੰਨੀ ਕਤਰਾਉਣ ਵਾਲਾ ਹੈ। ਅੱਜ ਜਿੰਨੀ ਬੇਕਦਰੀ ਪੰਜਾਬੀ ਦੀ ਸਾਡੇ ਪੰਜਾਬ ਵਿਚ ਹੋ ਰਹੇ ਰਹੀ ਹੈ। ਉਹ ਸ਼ਾਇਦ ਕਿਤੇ ਵੀ ਨਹੀਂ। ਅੱਜ ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਵਰਗੇ ਮੁਲਕ ਪੰਜਾਬੀ ਨੂੰ ਬਣਦਾ ਸਤਿਕਾਰ ਦੇ ਰਹੇ ਹਨ ਪਰ ਸਾਡਾ ਪੰਜਾਬ ਇਸ ਤੋਂ ਅਵੇਸਲਾ ਹੈ। ਲਹਿੰਦੇ ਪੰਜਾਬ ਦਾ ਸ਼ਾਇਰ ਹਬੀਬ ਜਾਲਿਬ ਤਾਂ ਹੀ ਤਾਂ ਕਹਿੰਦਾ ਹੈ...

ਪੁੱਤਰਾਂ ਤੇਰੀ ਚਾਦਰ ਲਾਹੀ।
ਹੋਰ ਕਿਸੇ ਦਾ ਦੋਸ਼ ਨਾ ਮਾਈ।

ਕਵੀ ਧਨੀ ਰਾਮ ਚਾਤ੍ਰਿਕ ਜੀ ਲਿਖਦੇ ਹਨ:

ਜਾਗੋ ਵੇ ਮੇਰਿਓ ਸ਼ੇਰੋ ਵੇ, ਕਿਉਂ ਦੇਰ ਲਗਾਈ ਵੇ।
ਮੈਂ ਲੁੱਟ ਲਈ ਦਿਨ ਦੀਵੀਂ ਵੇ, ਕੋਈ ਸੁਣੋ ਦੁਹਾਈ ਵੇ।
ਬਾਬੇ ਨਾਨਕ ਦੀ ਵਡਿਆਈ, ਬੁੱਲੇ ਨੇ ਮੈਥੋਂ ਪਾਈ ਏ।
ਅਵਤਾਰਾਂ ਪੀਰਾਂ ਫਕੀਰਾਂ ਦੀ ਮੈਂ ਤਖਤ ਬਹਾਈ ਏ।

ਪੰਜਾਬੀ ਨੂੰ ਅਣਡਿੱਠ ਕਰਨ ਵਾਲਿਆਂ ਨੂੰ ਬਾਪੂ ਰਜਬ ਅਲੀ ਨੇ ਵੀ ਤਾਅਨੇ ਮਾਰੇ ਹਨ! -

ਮਾਦਰੀ ਜੁਬਾਨ ਛੱਡ ਗੈਰਾਂ ਦੇ ਮਗਰ ਲੱਗਾ,
ਏਦੂੰ ਵੱਧ ਬੇਵਕੂਫੀ ਕਿਹੜੀ ਗੱਲ ਪਾਪ ਦੀ।
ਬਾਬੂ ਜੀ ਪੰਜਾਬੀ ਫਿਰੇ ਸਿੱਖਦਾ ਜੁਬਾਨਾਂ ਹੋਰ
ਵੀਰ ਜੀ ਪੰਜਾਬੀ ਬੋਲੀ ਤੇਰੇ ਮਾਂ ਤੇ ਬਾਪ ਦੀ

ਇਸੇ ਤਰ੍ਹਾਂ ਕਵੀ ਹਰਵਿੰਦਰ ਚੰਡੀਗੜ੍ਹ ਆਪਣੇ ਇਕ ਗੀਤ ਰਾਹੀਂ ਆਪਣਾ ਇਤਰਾਜ਼ ਜ਼ਾਹਿਰ ਕਰਦਾ ਹੈ:

ਜਿਹੜੀ ਦਿੰਦੀ ਸੀ ਅਸੀਸ ਸੁੱਚੇ ਸ਼ਬਦਾਂ ਦੇ ਨਾਲ
ਮੇਰੇ ਸਾਹਮਣੇ ਉਹ ਮਾਂ ਬੋਲੀ ਮਰੀ ਜਾਂਦੀ ਆ
ਜਿਹੜੀ ਆਖਦੀ ਸੀ ਜਿਊਂਦਾ ਰਵੇਂ ਜਿਊਣ-ਜੋਗਿਆ
ਮੇਰੇ ਸਾਹਮਣੇ ਹੀ ਮਾਂ ਉਹੋ ਮਰੀ ਜਾਂਦੀ ਆ।

ਜੇ ਪੰਜਾਬੀ ਬੋਲੀ ਦਾ ਆਉਣ ਵਾਲਾ ਕੱਲ੍ਹ ਅਸੀਂ ਸੁਨਹਿਰਾ ਦੇਖਣਾ ਚਾਹੁੰਦੇ ਹਾਂ ਹਾਂ ਤਾਂ ਸਾਨੂੰ ਖੁਦ ਹੀ ਪਹਿਲ ਕਰਨੀ ਪਏਗੀ। ਪਹਿਲ ਕਰਨੀ ਪਏਗੀ ਆਪਣੇ ਘਰ ਤੋਂ, ਆਪਣੇ ਬੱਚਿਆਂ ਤੋਂ, ਆਪਣੇ ਆਂਢ-ਗੁਆਂਢ ਤੋਂ, ਆਪਣੇ ਆਲੇ ਦੁਆਲੇ ਤੋਂ। ਇਹ ਪੱਕਾ ਨਿਰਣਾ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਘਰ ਵਿਚ ਆਪਣੇ ਬੱਚਿਆਂ ਨਾਲ ਸਿਰਫ ਤੇ ਸਿਰਫ ਪੰਜਾਬੀ ਵਿਚ ਹੀ ਗੱਲ ਕਰਾਂਗੇ। ਆਪਣੇ ਘਰ ਵਿਚ ਪੰਜਾਬੀ ਕਿਤਾਬਾਂ ਦੀ ਸੁੰਦਰ ਲਾਇਬ੍ਰੇਰੀ ਬਣਾਈਏ। ਭਾਈ ਕਾਹਨ ਸਿੰਘ ਨਾਭਾ ਦੇ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤਾ ‘ਮਹਾਨ ਕੋਸ਼’ ਅਣਮੋਲ ਖਜ਼ਾਨਾ ਹੈ। ਘੱਟੋ ਘੱਟ ਇਸ ਦੀ ਇਕ ਕਾਪੀ ਤਾਂ ਹਰ ਪੰਜਾਬੀ ਦੇ ਘਰ ਵਿਚ ਹੋਣੀ ਬੇਹੱਦ ਜ਼ਰੂਰੀ ਹੈ। ਸਾਡੇ ਸੋਹਣੇ ਘਰ ਇਸ ਨਾਲ ਹੋਰ ਵੀ ਖੂਬਸੂਰਤ ਲੱਗਣਗੇ। ਸਾਡੀ ਅਗਲੀ ਪੀੜ੍ਹੀ ਇਸ ਉੱਪਰ ਮਾਣ ਕਰਿਆ ਕਰੇਗੀ।

ਇਸ ਦਾ ਮਤਲਬ ਇਹ ਵੀ ਨਾ ਸਮਝਿਆ ਜਾਵੇ ਕਿ ਅੱਜ ਸਾਰੇ ਪੰਜਾਬੀ ਪਿਆਰੇ ਮੁੱਕ ਗਏ ਹਨ। ਇਸ ਦਾ ਬੀਜ ਨਾਸ਼ ਨਹੀਂ ਹੋਇਆ। ਅੱਜ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਇਸ ਨੂੰ ਬਣਦੀ ਥਾਂ ਦੁਆਉਣ ਲਈ ਹੰਭਲੇ ਸਾਰੇ ਜਾ ਰਹੇ ਹਨ। ਲਹਿੰਦੇ ਪੰਜਾਬ ਦਾ ਅਵਾਮੀ ਸ਼ਾਇਰ ਬਾਬਾ ਨਜ਼ਮੀ ਲਿਖਦਾ ਹੈ:

ਅੱਖਰਾਂ ਵਿਚ ਸਮੁੰਦਰ ਰੱਖਾਂ,
ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ,
ਦੀਵਾ ਬਾਲ ਪੰਜਾਬੀ ਦਾ।
ਮਨ ਦਾ ਮਾਸ ਖਵਾ ਦਿੰਦਾ ਏ,
ਜਿਹੜਾ ਏਹਨੂੰ ਪਿਆਰ ਕਰੇ
ਕੋਈ ਵੀ ਜਬਰਨ ਕਰ ਨਹੀਂ ਸਕਦਾ
ਵਿੰਗਾ ਵਾਲ ਪੰਜਾਬੀ ਦਾ।

21 ਫਰਵਰੀ ਕੌਮਾਂਤਰੀ ਮਾਂ ਬੋਲੀ ਦਿਹਾੜਾ ਹੈ। ਇਸ ਦਿਹਾੜੇ ‘ਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਪੰਜਾਬੀ ਨੂੰ ਆਪਣੀ ਮਾਂ ਜਿੰਨਾ ਹੀ ਆਦਰ ਮਾਣ ਦਈਏ। ਹੋਰ ਬੋਲੀਆਂ ਜਿੰਨੀਆਂ ਵੀ ਹੋ ਸਕਣ ਸਿੱਖੀਏ। ਆਪਣੇ ਮੱਥੇ ਦੀ ਲੋਅ ਹੋਰ ਵੀ ਰੁਸ਼ਨਾਈਏ ਪਰ ਆਪਣੀ ਮਾਂ ਬੋਲੀ ਨੂੰ ਗੁਰੂਆਂ, ਪੀਰਾਂ ਫਕੀਰਾਂ ਦੀ ਬੋਲੀ ਨੂੰ ਮਾਂ ਜਿੰਨਾ ਹੀ ਪਿਆਰ ਕਰੀਏ। ਲਹਿੰਦੇ ਪੰਜਾਬ ਦਾ ਸ਼ਾਇਰ ਆਸ਼ਕ ਲਾਹੌਰ ਲਿਖਦਾ ਹੈ:

ਇਸ ਵਿਚ ਪੜ੍ਹ ਤੂੰ ਇਸ ਵਿਚ ਲਿਖ ਤੂੰ,
ਇਸ ਵਿਚ ਕਰ ਤਕਰੀਰਾਂ।
ਮਾਂ ਬੋਲੀ ਦਾ ਪੱਲਾ ਫੜ੍ਹੇ ਲੈ,
ਬਣ ਜਾਸਨ ਤਕਦੀਰਾਂ।
ਬਣ ਜਾਸਨ ਤਕਦੀਰਾਂ।

## ਮੇਰੀ ਮਾਂ-ਬੋਲੀ ਪੰਜਾਬੀ

ਮੇਰੀ ਮਾਂ-ਬੋਲੀ ਪੰਜਾਬੀ,
ਜਿਸ ਦੀ ਟੌਹਰ ਨਵਾਬੀ।
ਇਹ ਦਾ ਵਿਰਸਾ ਬੜਾ ਮਹਾਨ,
ਮਾਂ-ਬੋਲੀ ਮੇਰੀ ਜਾਨ।

ਇਸ ਨਾਲ ਹੀ ਮੇਰੀ ਪਹਿਚਾਣ,
ਸਾਰੀ ਦੁਨੀਆਂ ‘ਚ ਇਹਦੀ ਉੱਚੀ ਸ਼ਾਨ।
ਮਿੱਠੀ-ਮਿੱਠੀ ਇਹ ਦਿਲ ਦੀ ਬੋਲੀ,
ਨੱਚੇ ਟੱਪੇ ਜਦ ਡਗਾ ਲਾਵੇ ਢੋਲੀ।

ਹਵਾਵਾਂ ਦੇ ਨਾਲ ਰਲ ਰਸ ਘੋਲੇ,
ਗੁੱਝੇ ਭੇਦ ਦਿਲਾਂ ਦੇ ਖੋਲ੍ਹੇ।
ਗੁਰੂਆਂ ਨੇ ਰਚੀ ਇਸ ਵਿਚ ਬਾਣੀ,
ਜਿਸਨੂੰ ਸਤਿਕਾਰ ਨਾਲ ਪੜ੍ਹਨ ਪ੍ਰਾਣੀ।

ਇਸਦੀ ਸੁਗੰਧ ਮਿੱਠੀ ਗੁਲਾਬ ਤੋਂ ,
ਸਤਲੁਜ ਰਾਗ ਸੁਣੇ ਰਾਵੀ, ਚਨਾਬ ਤੋਂ।
ਮਾਂ-ਬੋਲੀ ਦਾ ਦਿਲੋਂ ਕਰਾਂ ਸਤਿਕਾਰ,
‘ਗਗਨ’ ਮਾਂ ਬੋਲੀ ਨੂੰ ਕਰੇ ਪਿਆਰ।

***-ਗਗਨਦੀਪ ਕੌਰ ਧਾਲੀਵਾਲ।***

# ਅਦਬੀ ਮਹਿਕਾਂ ਦੀ ਚੰਗੇਰ: ਮੋੜਵਾਂ ਤੋਹਫਾ

**ਕਲਾ ਪਰਿਕਰਮਾ**

ਅਖ਼ਬਾਰਾਂ ਲਈ ਮਿਡਲ ਲਿਖਣਾ ਨਿਵੇਕਲੀ ਜੁਗਤ ਹੈ। ਮਿਡਲ, ਆਪਣੇ ਨਾਮ ਮੁਤਾਬਕ ਸੰਪਾਦਕੀ ਪੰਨੇ ਦੇ ਅੱਧ ਵਿਚ ਹੁੰਦਾ ਹੈ। ਇਸ ਨੂੰ ਛਾਪਣ ਦਾ ਮਨੋਰਥ ਹੈ: ਪੰਨੇ ਦੀ ਸੰਜੀਦਗੀ ਬਰਕਰਾਰ ਰੱਖਦਿਆਂ ਇਸ ਵਿਚ ਕੁਝ ਅਜਿਹੀ ਸਮੱਗਰੀ ਸ਼ਾਮਲ ਕਰਨਾ ਜੋ ਬਾਕੀ ਦੀ ਵਿਸ਼ਾ-ਸਮੱਗਰੀ ਤੋਂ ਵੱਖਰੀ, ਪੜ੍ਹਨ ਵਿਚ ਹਲਕੀ-ਫੁਲਕੀ ਪਰ ਲੁਕਵੇਂ ਰੂਪ ਵਿਚ ਸਿੱਖਿਆਦਾਇਕ ਹੋਵੇ। ਮਿਡਲ ਦੀ ਇਕ ਖ਼ੂਬੀ ਇਹ ਵੀ ਹੈ ਕਿ ਇਹ ਹਰ ਪਾਠਕ ਉੱਤੇ ਉਸ ਦੀ ਸੂਹਜ ਅਤੇ ਸੰਵੇਦਨਾ ਮੁਤਾਬਿਕ ਪ੍ਰਭਾਵ ਛੱਡਦਾ ਹੈ। ਕਈਆਂ ਨੂੰ ਇਸ ਵਿਚੋਂ ਕੁਝ ਵੀ ਨਹੀਂ ਨਜ਼ਰ ਆਉਂਦਾ ਅਤੇ ਕਈਆਂ ਨੂੰ ਇਸ ਵਿਚੋਂ ਪ੍ਰੇਰਨਾ ਦਾ ਸੋਮਾ ਵੀ ਲੱਭ ਜਾਂਦਾ ਹੈ।

ਅਖ਼ਬਾਰੀ ਪੱਤਰਕਾਰੀ ਵਿਚ ਮਿਡਲ ਛਾਪਣ ਦਾ ਰੁਝਾਨ ਕਦੋਂ ਸ਼ੁਰੂ ਹੋਇਆ, ਇਸ ਦਾ ਮੈਨੂੰ ਕੋਈ ਇਲਮ ਨਹੀਂ। ਹਾਂ, ਅੰਗਰੇਜ਼ੀ ਦੇ



ਕਈ ਭਾਰਤੀ ਅਖ਼ਬਾਰੀ, ਖਾਸ ਤੌਰ 'ਤੇ 'ਸਟੇਟਸਮੈਨ' ਦੇ ਇਕ ਸਦੀ ਪੁਰਾਣੇ ਅੰਕਾਂ ਵਿਚ ਮੈਂ ਮਿਡਲ ਛਪੇ ਦੇਖੇ ਹਨ। ਬਹੁਤੇ ਅਖ਼ਬਾਰ ਹੁਣ ਮਿਡਲ ਛਾਪਣ ਦਾ ਰੁਝਾਨ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਤਿਆਗ ਚੁੱਕੇ ਹਨ ਪਰ ਕਈ ਅਜੇ ਵੀ ਇਸ ਕਲਾ ਨੂੰ ਜ਼ਿੰਦਾ ਰੱਖ ਰਹੇ ਹਨ। ਪੰਜਾਬੀ ਅਖ਼ਬਾਰਾਂ ਵਿਚੋਂ 'ਪੰਜਾਬੀ ਟ੍ਰਿਬਿਊਨ' ਨੇ ਇਸ ਜੁਗਤ ਦੀ ਵੁੱਕਤ ਤੇ ਵਕਾਰ ਨੂੰ ਬਰਕਰਾਰ ਰੱਖਿਆ ਹੋਇਆ ਹੈ। ਇਹ ਚੰਗੀ ਪਿਰਤ ਹੈ ਅਤੇ ਇਹੋ ਬਰਕਰਾਰੀ ਭਵਿੱਖ ਵਿਚ ਵੀ ਕਾਇਮ ਰਹਿਣੀ ਚਾਹੀਦੀ ਹੈ।

ਮਿਡਲ ਲੇਖਣ ਦਰਅਸਲ, ਸੰਜੀਦਾ ਲੇਖਣ ਪ੍ਰਤੀ ਝਾਕਾ ਖੋਲ੍ਹਣ ਦਾ ਬਿਹਤਰੀਨ ਵਸੀਲਾ ਹੈ। ਮਿਡਲ ਮਨਘੜਤ ਕਹਾਣੀ ਨਹੀਂ ਹੁੰਦਾ। ਇਹ ਅਮੂਮਨ ਸੱਚਾਈ 'ਤੇ ਆਧਾਰਿਤ ਹੁੰਦਾ ਹੈ। ਸਾਡੇ ਨਿੱਤ ਦੇ ਜੀਵਨ ਦੌਰਾਨ ਸਾਧਾਰਨ ਜਾਪਣ ਵਾਲੇ ਅਨੁਭਵ ਕੁਝ ਵਰ੍ਹਿਆਂ ਬਾਅਦ ਕਈ ਵਾਰ ਸਾਨੂੰ ਅਸਾਧਾਰਨ ਜਾਪਣ ਲੱਗਦੇ ਹਨ। ਅਸੀਂ ਉਨ੍ਹਾਂ ਨੂੰ ਹੋਰਨਾਂ ਨਾਲ ਸਾਂਝਾ ਕਰਨ ਵਿਚ ਤਸੱਲੀ ਵੀ ਮਹਿਸੂਸ ਕਰਦੇ ਹਾਂ ਤੇ ਤਸਕੀਨ ਵੀ। ਅਜਿਹੀ ਕਿਸੇ ਯਾਦ, ਕਿਸੇ ਘਟਨਾ, ਕਿਸੇ ਅਨੁਭਵ ਨੂੰ ਕਾਗਜ਼ ਉੱਤੇ ਉਤਾਰ ਦੇਣਾ 'ਮਿਡਲ' ਬਣ ਜਾਂਦਾ ਹੈ। ਇਸੇ ਤਰ੍ਹਾਂ ਅਣਗੌਲੀਆਂ ਸ਼ਖ਼ਸੀਅਤਾਂ ਵਿਚ ਵੀ ਕੁਝ ਵਰ੍ਹਿਆਂ ਬਾਅਦ ਸਾਨੂੰ ਨਿਵੇਕਲੇ ਅਤੇ ਗੌਲਣਯੋਗ ਤੱਤ ਦਿੱਸਣ ਲੱਗਦੇ ਹਨ। ਅਚਨਚੇਤੀ ਇਹ ਧਿਆਨ ਆਉਂਦਾ ਹੈ ਕਿ ਉਹ ਸ਼ਖ਼ਸੀਅਤ, ਅਚੇਤ ਰੂਪ ਵਿਚ ਸਾਡੀ ਸੂਹਜ ਨੂੰ ਵੀ ਪ੍ਰਭਾਵਿਤ ਕਰ ਗਈ। ਇਹ ਪ੍ਰਭਾਵ ਜਾਂ ਗਿਆਨ ਵੀ ਮਿਡਲ ਦਾ ਵਿਸ਼ਾ ਬਣ ਸਕਦਾ ਹੈ। ਮਿਡਲ ਦੀ ਖ਼ਾਸੀਅਤ ਇਹ ਹੈ ਕਿ ਇਸ ਨੂੰ ਲਿਖਣ ਲਈ ਗੁਣੀ ਗਿਆਨੀਆਂ ਵਾਲੀ ਭਾਸ਼ਾਵਲੀ ਦੀ ਲੋੜ ਨਹੀਂ ਪੈਂਦੀ। ਨਾ ਹੀ ਵਿਆਕਰਨ ਦੀਆਂ ਬੰਦਸ਼ਾਂ ਵਾਲਾ ਬੰਧੇਜ ਇਸ ਉੱਪਰ ਲਾਗੂ ਹੁੰਦਾ ਹੈ। ਬੰਦਸ਼ਾਂ ਤੋਂ ਆਜ਼ਾਦੀ ਹੀ ਮਿਡਲ ਵਿਚ ਸੁਭਾਵਿਕਤਾ ਦੀ ਰੂਹ ਫੂਕਦੀ ਹੈ ਅਤੇ ਇਸ ਨੂੰ ਆਮ ਬੰਦੇ ਦੀ ਕਹਾਣੀ ਬਣਾਉਂਦੀ ਹੈ।






*ਸੀਨੀਅਰ ਪੱਤਰਕਾਰ ਇੰਦਰਜੀਤ ਭਲਿਆਣ ਅਤੇ (ਉਪਰ) ਉਨ੍ਹਾਂ ਦੀ ਕਿਤਾਬ 'ਮੋੜਵਾਂ ਤੋਹ.ਫਾ' ਦਾ ਮੁਖੜਾ।*

ਇੰਦਰਜੀਤ ਭਲਿਆਣ ਹੁਰਾਂ ਦੀ ਲੇਖਣੀ ਵਿਚ ਸੁਚੱਜੇ ਮਿਡਲ ਲੇਖਣ ਵਾਲੇ ਗੁਣ ਹਮੇਸ਼ਾ ਮੌਜੂਦ ਰਹੇ ਹਨ। 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਮੰਡਲ ਦੇ ਮੈਂਬਰ ਹੁੰਦਿਆਂ ਉਨ੍ਹਾਂ ਨੇ ਇਸ ਹੁਨਰ ਦਾ ਸੁਚੱਜੇ ਢੰਗ ਨਾਲ ਪ੍ਰਦਰਸ਼ਨ ਕੀਤਾ ਅਤੇ ਪਾਠਕਾਂ ਤੋਂ ਇਲਾਵਾ ਆਪਣੇ ਸਹਿਕਰਮੀਆਂ ਤੋਂ ਵੀ ਖ਼ੂਬ ਵਾਹਵਾਹੀ ਖੱਟੀ। ਸੇਵਾਮੁਕਤੀ ਤੋਂ ਬਾਅਦ ਇਹੋ ਹੁਨਰ ਸਰਗਰਮ ਪੱਤਰਕਾਰੀ ਨਾਲ ਜੁੜੇ ਰਹਿਣ ਦਾ ਵਸੀਲਾ ਬਣਿਆ ਰਿਹਾ। ਹਥਲੀ ਪੁਸਤਕ ਇਸ ਹੁਨਰ ਉੱਤੇ ਉਨ੍ਹਾਂ ਦੀ ਪਕੜ ਦੀ ਬਿਹਤਰੀਨ ਮਿਸਾਲ ਹੈ। ਸਹਿਕਰਮੀ ਰਿਹਾ ਹੋਣ ਕਰ ਕੇ ਇਸ ਹੁਨਰ ਵਿਚ ਉਨ੍ਹਾਂ ਦੀ ਪ੍ਰਗਤੀ ਦਾ ਮੈਂ ਚਸ਼ਮਦੀਦ ਰਿਹਾ ਹਾਂ। ਇਸੇ ਕਰ ਕੇ ਇਸ ਸੰਗ੍ਰਹਿ ਬਾਰੇ ਲਿਖਦਿਆਂ ਮੈਨੂੰ ਇਹ ਤਸੱਲੀ ਵੀ ਹੋ ਰਹੀ ਹੈ ਕਿ ਉਨ੍ਹਾਂ ਨੇ ਉਸ ਪ੍ਰਗਤੀ ਦਾ ਪ੍ਰਵਾਹ ਰੁਕਣ ਨਹੀਂ ਦਿੱਤਾ।

ਅਖ਼ਬਾਰਾਂ ਦੇ ਡੈਸਕਾਂ ਉੱਤੇ ਕੰਮ ਕਰਨਾ ਵੱਡੀ ਤੋਂ ਵੱਡੀ ਗੱਲ ਵੀ ਸੀਮਿਤ ਸ਼ਬਦਾਂ ਵਿਚ ਕਹਿਣ ਦੀ ਵਿਧਾ ਸਿਖਾ ਦਿੰਦਾ ਹੈ। ਇਸ ਵਿਧਾ 'ਤੇ ਇੰਦਰਜੀਤ ਭਲਿਆਣ ਦੀ ਮੁਹਾਰਤ ਦੇ ਪ੍ਰਮਾਣ ਇਸ ਸੰਗ੍ਰਹਿ ਅੰਦਰਲੇ ਮਜ਼ਮੂਨਾਂ ਦੀ ਘਾੜਤ ਤੇ ਸ਼ਬਦਾਂ ਦੀ ਸਟੀਕ ਚੋਣ ਤੋਂ ਮਿਲਦਾ ਹੈ। ਮਜ਼ਮੂਨਾਂ ਦਾ ਵਿਸ਼ਾ-ਵਸਤੂ ਨਿੱਤ ਦੇ ਪੰਜਾਬੀ ਜੀਵਨ ਦੇ ਵੱਖ-ਵੱਖ ਰੰਗ ਪੇਸ਼ ਕਰਦਾ ਹੈ। ਪਾਠਕ ਨੂੰ ਇਨ੍ਹਾਂ ਵਿਚੋਂ ਪੁਆਧ ਦੇ ਪੇਂਡੂ ਰਹਿਤਲ ਦੀ ਅਲਮਸਤੀ ਤੇ ਖੁਸ਼ਬੋਆਂ ਵੀ ਮਿਲਦੀਆਂ ਹਨ ਅਤੇ ਸ਼ਹਿਰੀ ਮੱਧਵਰਗੀ ਵਜੂਦ ਦੀਆਂ ਤੁਰਸ਼ੀਆਂ ਤੇ ਦੁਸ਼ਵਾਰੀਆਂ ਦਾ ਆਭਾਸ ਵੀ ਹੁੰਦਾ ਹੈ। ਅਸੀਂ ਉਸ ਪੀੜ੍ਹੀ ਨਾਲ ਸਬੰਧਤ ਹਾਂ ਜਿਸ ਨੇ ਭਾਰਤੀ ਅਤੇ ਆਲਮੀ ਜੀਵਨ ਵਿਚ ਤਬਦੀਲੀਆਂ ਦੇ ਢੇਰ ਸਾਰੇ ਰੂਪ ਦੇਖੇ ਵੀ ਤੇ ਭੋਗੇ ਵੀ। ਸਾਡੇ ਵਿਚੋਂ ਬਹੁਤਿਆਂ ਲਈ ਰਬੜ ਦੀਆਂ ਚੱਪਲਾਂ ਤੋਂ ਆਰਾਮਦੇਹ ਸਨੀਕਰਾਂ ਤਕ ਪੁੱਜਣ ਦੀ ਜਦੋਜਹਿਦ ਚਾਰ-ਪੰਜ ਦਹਾਕੇ ਲੰਮੀ ਰਹੀ। ਜੋ ਵਸਤਾਂ ਅੱਜ ਜ਼ਿੰਦਗੀ ਦੀਆਂ ਜ਼ਰੂਰਤਾਂ ਹਨ, ਚਾਰ-ਪੰਜ ਦਹਾਕੇ ਪਹਿਲਾਂ ਸਾਡੇ ਲਈ ਉਹ ਵਿਲਾਸਮਈ ਵਸਤਾਂ ਸਨ। ਸੁੱਖ ਸਹੂਲਤਾਂ ਤੱਕ ਪੁੱਜਣ ਲਈ ਤਨ ਵੀ ਬੜਾ ਤੋੜਨਾ ਪਿਆ ਅਤੇ ਮਨ ਵੀ ਬਹੁਤ ਕਰੜਾ ਕਰਨਾ ਪਿਆ। ਆਸ਼ਾਵਾਂ ਨਿਰਾਸ਼ਾਵਾਂ ਦੀਆਂ ਅਜਿਹੀਆਂ ਪਰਤਾਂ ਅਤੇ ਇਨ੍ਹਾਂ ਨਾਲ ਜੁੜੇ ਕਿਰਦਾਰ, ਇੰਦਰਜੀਤ ਭਲਿਆਣ ਦੀ ਇਸ ਕਿਤਾਬ 'ਮੋੜਵਾਂ ਤੋਹਫ਼ਾ' ਅੰਦਰਲੀਆਂ ਰਚਨਾਵਾਂ ਵਿਚ ਪੂਰੇ ਜਲਵੇ-ਜਲੌਅ ਨਾਲ ਮੌਜੂਦ ਹਨ, ਭਾਵੇਂ ਉਹ 'ਜਨਮ ਦਿਨ ਦਾ ਮੋੜਵਾਂ ਤੋਹਫ਼ਾ' ਹੋਵੇ ਜਾਂ 'ਨਹੀਂ ਲਊਂਗਾ ਫਾਹਾ', 'ਵਿਆਹ ਦੀ ਕਾਵਾਂਰੌਲੀ' ਹੋਵੇ ਜਾਂ 'ਬੀਕਾਨੇਰੀਆ ਬਾਬਾ ਬੋਹੜ'।

ਮੈਨੂੰ ਯਾਦ ਹੈ ਕਿ ਇੰਦਰਜੀਤ ਭਲਿਆਣ ਜਿਸ ਦਿਨ 'ਪੰਜਾਬੀ ਟ੍ਰਿਬਿਊਨ' ਤੋਂ ਸੇਵਾਮੁਕਤ ਹੋਏ ਸਨ, ਮੈਂ ਉਨ੍ਹਾਂ ਨੂੰ ਗੁਜ਼ਾਰਿਸ਼ ਕੀਤੀ ਸੀ ਕਿ ਉਹ ਕਲਮ ਦੀ ਸਿਆਹੀ ਸੁੱਕਣ ਨਾ ਦੇਣ। ਉਨ੍ਹਾਂ ਨੇ ਇਸ ਸੁਝਾਅਨੁਮਾ ਗੁਜ਼ਾਰਿਸ਼ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਅਦਬ ਨਾਲ ਨਾਤਾ ਜਾਰੀ ਰੱਖਿਆ। ਉਹ ਵੀ ਸਰੀਰਕ ਕਠਿਨਾਈਆਂ ਦੇ ਬਾਵਜੂਦ। ਇਹ ਸੰਗ੍ਰਹਿ 'ਮੋੜਵਾਂ ਤੋਹਫ਼ਾ' ਪੰਜਾਬੀ ਅਦਬ ਨੂੰ ਉਨ੍ਹਾਂ ਦੀ ਸੁਚੱਜੀ ਦੇਣ ਹੈ ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਆਮੀਨ!

## 'ਮੋੜਵਾਂ ਤੋਹ.ਫਾ' ਦਾ ਰਿਲੀਜ਼ ਸਮਾਗਮ

*ਚੰਡੀਗੜ੍ਹ: ਸੀਨੀਅਰ ਪੱਤਰਕਾਰ ਇੰਦਰਜੀਤ ਭਲਿਆਣ ਦੀ ਕਿਤਾਬ 'ਮੋੜਵਾਂ ਤੋਹ.ਫਾ' ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਰਿਲੀਜ਼ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਕੀਤੀ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਸਰਬਜੀਤ ਸਿੰਘ ਮੁੱਖ ਬੁਲਾਰੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਨਵਜੀਤ ਸਿੰਘ ਜੌਹਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਸਰਬਜੀਤ ਸਿੰਘ ਨੇ 'ਮੋੜਵਾਂ ਤੋਹ.ਫਾ' ਵਿਚ ਪੇਸ਼ ਪੰਜਾਬ ਦਾ ਜ਼ਿਕਰ ਕੀਤਾ ਅਤੇ ਇਸੇ ਪ੍ਰਸੰਗ ਵਿਚ ਇਸ ਕਿਤਾਬ ਦੀ ਅਹਿਮੀਅਤ ਬਾਰੇ ਗੱਲ ਕੀਤੀ। ਸੁਰਿੰਦਰ ਸਿੰਘ ਤੇਜ ਨੇ 'ਮੋੜਵਾਂ ਤੋਹ.ਫਾ' ਵਿਚ ਪੇਸ਼ ਮਿਡਲਾਂ ਦਾ ਜ਼ਿਕਰ ਕਰਦਿਆਂ ਅਖ਼ਬਾਰ ਵਿਚ ਸੰਪਾਦਕੀ ਪੰਨੇ ਅਤੇ ਮਿਡਲ ਦੀ ਮਹੱਤਤਾ ਬਾਰੇ ਦੱਸਿਆ ਅਤੇ ਕਿਹਾ ਕਿ ਜ਼ਿਆਦਾਤਰ ਮਿਡਲ ਹਕੀਕਤ ਨਾਲ ਜੁੜੇ ਹੁੰਦੇ ਹੈ ਜੋ ਬਹੁਤੀ ਵਾਰ ਲੋੜਵੰਦਾਂ ਦੀ ਮਦਦ ਕਰਨ ਵਿਚ ਵੀ ਕਾਰਗਾਰ ਸਾਬਤ ਹੁੰਦੇ ਹਨ। ਪ੍ਰੋ. ਨਵਜੀਤ ਜੌਹਲ ਨੇ ਕਿਹਾ ਕਿ ਅਖ਼ਬਾਰ ਵਿਚ ਮਿਡਲ ਕਿਸੇ ਨਾ ਕਿਸੇ ਘਟਨਾ ਜਾਂ ਹਕੀਕਤ ਨਾਲ ਜੁੜੇ ਹੋਏ ਹੁੰਦੇ ਹਨ; ਇੰਦਰਜੀਤ ਭਲਿਆਣ ਦੀ ਕਿਤਾਬ ਵਿਚ ਪੰਜਾਬੀ ਸੱਭਿਆਚਾਰ ਨੂੰ ਤਰਜੀਹ ਦਿੱਤੀ ਗਈ ਹੈ। ਇਸ ਤੋਂ ਪਹਿਲਾਂ 'ਪੰਜਾਬੀ ਟ੍ਰਿਬਿਊਨ' ਦੇ ਡਿਪਟੀ ਨਿਊਜ਼ ਐਡੀਟਰ ਜਸਵੀਰ ਸਮਰ ਨੇ ਪੁਸਤਕ ਬਾਰੇ ਚਾਨਣਾ ਪਾਇਆ। ਸਮਾਗਮ ਦਾ ਮੰਚ ਸੰਚਾਲਨ ਬਲਬੀਰ ਜੰਡੂ ਨੇ ਕੀਤਾ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਮਾਰਚ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-575



**ਰੂਹ ਖੁਸ਼ ਹੋ ਗਈ ਤੱਕ ਕੇ ਬੱਚੇ ਦੀ ਇਹ ਤਸਵੀਰ**
**ਜਾਪੇ ਕਾਹਲਾ ਗਾਉਣ ਨੂੰ ਕੀਤੀ ਹੈ ਨਕਲ ਅਖੀਰ।**
**ਮਾਈਕ ਬਣਾਇਆ ਛਿੱਟੇ ਦਾ ਲੜਾਈ ਹੈ ਤਦਬੀਰ,**
**ਨਿਰਾ 'ਮਾਣਕ' ਭਾਸਦਾ ਕਲੀ ਗਾਊ ਮਿਰਜ਼ਾ-ਹੀਰ।**

### ਕੈਪਸ਼ਨ ਮੁਕਾਬਲਾ-573



ਵਿਚ ਕਿਤਾਬਾਂ ਗਿਆਨ ਪਿਆ ਹੈ
ਵਿਚ ਪੇਟ ਦੇ ਭੁੱਖ।
ਅੱਧੋ-ਰਾਣੇ ਕੱਪੜਿਆਂ ਦੇ ਵਿਚ
ਭਚਪਨ ਭੋਗੇ ਦੁੱਖ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਬਚਪਨ ਅਜੇ ਟੱਪਿਆ ਨਹੀਂ,
ਖੁੱਲ੍ਹੇ ਵਿਚ ਪਿਆ ਖਾਣਾ ਬਣਾਉਣਾ।
ਸਕੂਲ ਲਈ ਵੀ ਤਿਆਰ ਹੋਣਾ,
ਹੋਮ ਵਰਕ ਵੀ ਹੈ ਨਿਪਟਾਉਣਾ।
ਜਿਸ ਤਨ ਲਾਗੇ ਉਹੀ ਜਾਣੇ
ਕਿਵੇਂ ਹੈ ਜ਼ਿੰਦਗੀ ਦਾ ਡੰਗ ਟਪਾਉਣਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

ਅਸਮਾਨੀਂ ਚੜ੍ਹੀ ਗੈਸ ਦੀ ਕੀਮਤ,
ਗਰੀਬ ਦੀ ਪਹੁੰਚ ਤੋਂ ਦੂਰ
ਡੱਕੇ ਬਾਲ਼ ਬਣਾਉਂਦੇ ਖਾਣਾ,
ਚੁੱਲ੍ਹੇ ਵਿਚ ਮਜ਼ਦੂਰ।
ਕਰਮਾਂ ਨੂੰ ਕਿਉਂ ਬੈਠ ਝੁਰੀਏ?
ਚੁੱਕ ਕਿਤਾਬਾਂ ਪੜ੍ਹਾਂਗੇ
ਟੌਪ ਨੰਬਰ 'ਤੇ ਅਇਲੈਟਸ ਕਰ ਕੇ,
ਵਿਚ ਜਹਾਜ਼ ਦੇ ਚੜ੍ਹਾਂਗੇ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਸੁੱਤੇ ਸਿੱਧ ਪਰੋਸਿਆ ਹੀ ਮਿਲ ਜਾਵੇ ਜੇ
ਅਭਿਆਸ ਹੀ ਨਹੀਂ ਹੁੰਦਾ ਆਫ਼ਤ ਦਾ
ਕਰ ਮੁਕਾਬਲਾ ਜੋ ਦਿਲ ਨਹੀਂ ਹਾਰਦੇ
ਮੁਕਾਮ 'ਤੇ ਪਹੁੰਚ ਹੀ ਜਾਂਦੇ
ਜ਼ਿੰਦਾਦਿਲੀ ਕਰ ਕੇ।
ਵਿੱਦਿਆ ਵਿਚਾਰੀ ਤਾਂ ਪਰਉਪਕਾਰੀ
ਆਖਦੇ ਤੀਸਰਾ ਨੇਤਰ ਵੀ
ਪੜ੍ਹ ਸਿੱਖ ਅਮਲ ਕਰ
ਹੋਰਨਾਂ ਨੂੰ ਜੋੜ ਨਾਲ
ਨਹੀਂ ਕੋਈ ਤਾਕਤ ਹਰਾ ਸਕਦੀ।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
*847-359-0746*

# ਪੰਜਾਬ ਦੀ ਅੰਤਰੀਵ ਪੀੜ ਦੀ ਚੀਖ ਹੈ ਡੀ.ਐਸ.ਪੀ. ਬਲਵਿੰਦਰ ਸੇਖੋਂ

## (ਉਸ ਦੇ ਕਹਿਰੀ ਆਕਰੋਸ਼ ਦਾ ਆਖ਼ਰ ਕਾਰਨ ਕੀ ਹੈ?)

ਹਜ਼ਾਰਾ ਸਿੰਘ ਮਿਸੀਸਾਗਾ
(647)685-5997

ਖ਼ਬਰ ਹੈ ਕਿ ਡੀ.ਐਸ.ਪੀ. ਬਲਵਿੰਦਰ ਸੇਖੋਂ ਨੂੰ ਅਦਾਲਤ ਦੀ ਹੱਤਕ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਇਹ ਸਿਰਫ਼ ਅਦਾਲਤੀ ਹੱਤਕ ਦਾ ਮਾਮਲਾ ਹੈ ਜਾਂ ਅਦਾਲਤਾਂ ਵੱਲੋਂ ਬਣਦੇ ਫ਼ਰਜ਼ ਨਾ ਨਿਭਾਏ ਜਾਣ ਦਾ ਮਾਮਲਾ ਵੀ ਹੈ? ਪੰਜਾਬ ਸੂਬੇ ਵਿਚ ਡਰੱਗ ਦੀ ਮਾਰ ਕਾਰਨ ਇਕ ਪਾਸੇ ਤ੍ਰਾਹ-ਤ੍ਰਾਹ ਹੋਈ ਪਈ ਹੈ ਅਤੇ ਦੂਸਰੇ ਪਾਸੇ ਕਈ ਲੋਕ ਧਨਵਾਨ ਹੋ ਰਹੇ ਹਨ। ਲੋਕਾਂ ਵਿਚ ਚਰਚੇ ਹਨ ਕਿ ਡਰੱਗ ਦੇ ਧੰਦੇ ਵਿਚ ਸਿਆਸਤਦਾਨ, ਪੁਲੀਸ ਅਤੇ ਅਪਰਾਧੀ ਰਲ ਕੇ ਮੋਟੀ ਕਮਾਈ ਕਰ ਰਹੇ ਹਨ। ਸਾਬਕਾ ਡੀਜੀਪੀ ਸ਼ਸ਼ੀਕਾਂਤ ਕਿਹਾ ਕਰਦਾ ਸੀ ਕਿ ਇਹ ਪੰਜ ਹਜ਼ਾਰ ਕਰੋੜ ਪ੍ਰਤੀ ਮਹੀਨੇ ਦਾ ਧੰਦਾ ਹੋ ਰਿਹਾ ਹੈ। ਲੋਕਾਂ ਦੀ ਹਾਲ ਪਾਹਰਿਆ ਦੌਰਾਨ ਸਿਆਸੀ ਪਾਰਟੀਆਂ ਨੇ ਵੀ ਡਰੱਗ ਖਤਮ ਕਰਨ ਦੀਆਂ ਗੱਲਾਂ ਕੀਤੀਆਂ ਪਰ ਨਸ਼ੇ ਖਤਮ ਨਾ ਹੋਏ। ਅਦਾਲਤਾਂ ਵੱਲੋਂ ਜਾਂਚ ਕਰਵਾ ਕੇ ਰਿਪੋਰਟਾਂ ਮੰਗਵਾਈਆਂ ਗਈਆਂ ਪਰ ਹਾਈ ਕੋਰਟ ਦੇ ਜੱਜ ਇਹ ਰਿਪੋਰਟਾਂ ਖੋਲ੍ਹਣ ਦਾ ਹੌਸਲਾ ਨਾ ਕਰ ਸਕੇ। ਪੰਜ ਸਾਲਾਂ ਤੋਂ ਲੋਕ ਉਡੀਕ ਰਹੇ ਹਨ ਕਿ ਹਾਈ ਕੋਰਟ ਰਿਪੋਰਟਾਂ ਕਦੋਂ ਖੋਲ੍ਹਦੀ ਹੈ। ਪੰਜ ਸਾਲ ਦਾ ਲੰਮਾ ਸਮਾਂ ਲੰਘ ਜਾਣ 'ਤੇ ਲੋਕਾਂ ਮਨਾਂ ਇਹ ਸਵਾਲ ਉਪਜਣੇ ਕੁਦਰਤੀ ਹਨ ਕਿ ਆਖਰ ਇਨਸਾਫ਼ ਦੀਆਂ ਵੱਡੀਆਂ ਕੁਰਸੀਆਂ 'ਤੇ ਬੈਠੀਆਂ ਨਿਆਂ ਮੂਰਤੀਆਂ ਇਹ ਰਿਪੋਰਟਾਂ ਖੋਲ੍ਹ ਕਿਉਂ ਨਹੀਂ ਰਹੀਆਂ? ਇਸਦੇ ਪਿੱਛੇ ਕੋਈ ਡਰ ਹੈ ਜਾਂ ਲਾਲਚ ਹੈ ਜਾਂ ਅਪਰਾਧੀਆਂ ਨਾਲ ਸਾਂਝ ਭਿਆਲੀ? ਲੋਕਤੰਤਰ ਵਿਚ ਅਦਾਲਤਾਂ ਸਿਰ ਵੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਡਰੱਗ ਵਪਾਰ ਦੀ ਲਾਅਨਤ ਤੋਂ ਪੀੜਤ ਲੋਕਾਂ ਨੂੰ ਅਦਾਲਤਾਂ ਤੋਂ ਵੱਡੀ ਆਸ ਸੀ, ਪਰ ਅਦਾਲਤ ਵੱਲੋਂ ਪੰਜ ਸਾਲ ਬਾਅਦ ਵੀ ਜਾਂਚ ਰਿਪੋਰਟਾਂ ਨੂੰ ਨਾ ਖੋਲ੍ਹਣ ਕਾਰਨ ਲੋਕਾਂ ਦੀ ਇਸ ਆਸ ਨੂੰ ਖੋਰਾ ਲੱਗਾ ਹੈ।

ਸੇਵਾ ਮੁਕਤ ਡੀ ਐਸ ਪੀ ਬਲਵਿੰਦਰ ਸਿੰਘ ਸੇਖੋਂ ਨੇ ਲੋਕਾਂ ਦੀ ਇਸ ਬੁੱਝਦੀ ਆਸ ਨੂੰ ਜ਼ਬਾਨ ਦੇਣ ਲਈ ਤੱਤੇ ਥਾਂ ਪੈਰ ਧਰਨ ਦਾ ਹੌਸਲਾ ਕਰ ਕੇ ਇਤਿਹਾਸਕ ਕਾਰਜ ਕੀਤਾ ਹੈ। ਸੇਖੋਂ ਦੇ ਸ਼ਬਦਾਂ ਕਾਰਨ ਅਦਾਲਤੀ ਹੱਤਕ ਦਾ ਮੁੱਦਾ ਅਤੇ ਇਸ ਕਾਰਨ ਸੇਖੋਂ ਨੂੰ ਮਿਲਣ ਵਾਲੀ ਸਜ਼ਾ ਨਿਗੂਣੇ ਮੁੱਦੇ ਹਨ। ਅਸਲ ਮੁੱਦਾ ਅਦਾਲਤ ਵੱਲੋਂ ਜਾਂਚ ਰਿਪੋਰਟਾਂ ਖੋਲ੍ਹਣ ਵਿਚ ਕੀਤੀ ਬੇਲੋੜੀ ਦੇਰੀ ਕਾਰਨ ਲੋਕਤੰਤਰ ਦੀ ਕੀਤੀ ਗਈ ਹੱਤਕ ਹੈ। ਲੋਕਤੰਤਰ ਵਿਚ ਇਹ ਜਾਨਣਾ ਲੋਕਾਂ ਦਾ ਹੱਕ ਹੈ ਕਿ ਹੁਣ ਤੱਕ ਇਹ ਰਿਪੋਰਟਾਂ ਕਿਉਂ ਨਹੀ ਖੋਲ੍ਹੀਆਂ ਗਈਆਂ? ਜੇ ਜਾਂਚ ਰਿਪੋਰਟਾਂ ਦਾ ਅਦਾਲਤਾਂ ਵਿਚ







ਇਹੋ ਹਸ਼ਰ ਹੋਣਾ ਹੈ ਤਾਂ ਨਿਆਂ ਦੀ ਆਸ ਅਤੇ ਲੋਕਾਂ ਦਾ ਅਦਾਲਤਾਂ ਵਿਚ ਭਰੋਸਾ ਕਿਵੇਂ ਬਣਿਆ ਰਹੇਗਾ? ਭਾਰਤੀ ਸਮਾਜਿਕ ਪਰੰਪਰਾ ਤਾਂ ਇਸ ਧਰਤੀ ਨੂੰ ਹੀ ਨਿਆਂ 'ਤੇ ਖੜ੍ਹੀ ਮੰਨਦੀ ਹੈ। ਜਿਸਦਾ ਭਾਵ ਹੈ ਜਦ ਅਨਿਆਂ ਹੋਏਗਾ ਤਾਂ ਇਹ ਧਰਤੀ ਡੋਲ ਜਾਵੇਗੀ, ਰੱਬ ਤੱਕ ਦਾ ਸਿੰਘਾਸਨ ਹਿੱਲ ਜਾਏਗਾ। 'ਵਾਰਿਸ ਹੱਕ ਦੇ ਥੋਂ ਜਦੋਂ ਹੱਕ ਖੁੱਥਾ, ਅਰਸ਼ ਰੱਬ ਦਾ ਤਦੋਂ ਤਰਥੱਲਿਆ ਈ।'

ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ੇ ਖਤਮ ਕਰਨ ਦਾ ਵਾਇਦਾ ਨਾ ਨਿਭਾਏ ਜਾਣ 'ਤੇ ਲੋਕ ਗੁੱਸੇ ਸਨ। ਇਸੇ ਤਰ੍ਹਾਂ ਅਦਾਲਤਾਂ ਵੱਲੋਂ ਬਣਦੀ ਕਾਰਵਾਈ ਨਾ ਕੀਤੇ ਜਾਣ ਕਾਰਨ ਵੀ ਲੋਕ ਨਾਰਾਜ਼ ਹਨ, ਗੁੱਸੇ ਵਿਚ ਹਨ ਅਤੇ ਆਪਣੇ ਆਪ ਨੂੰ ਬੇਬੱਸ ਮਹਿਸੂਸ ਕਰ ਰਹੇ ਹਨ। ਸੇਖੋਂ ਨੇ ਇਨ੍ਹਾਂ ਭਾਵਨਾਵਾਂ ਨੂੰ ਧੜੱਲੇਦਾਰ ਤਰੀਕੇ ਨਾਲ ਪ੍ਰਗਟ ਕਰ ਕੇ ਜਿਊਂਦੇ ਸਮਾਜਿਕ ਪ੍ਰਾਣੀ ਹੋਣ ਦਾ ਫਰਜ਼ ਨਿਭਾ ਕੇ ਲੋਕਤੰਤਰ ਦੇ ਕੁਮਲਾ ਰਹੇ ਬੂਟੇ ਦੀਆਂ ਜੜ੍ਹਾਂ ਵਿਚ ਪਾਣੀ ਪਾਉਣ ਦੀ ਇਤਿਹਾਸਕ ਸੇਵਾ ਕੀਤੀ ਹੈ। ਅਦਾਲਤੀ ਹੱਤਕ ਨਾਲੋਂ ਅਦਾਲਤਾਂ ਵੱਲੋਂ ਲੋਕਤੰਤਰ ਦੀ ਕੀਤੀ ਜਾ ਰਹੀ ਹੱਤਕ ਵੱਡਾ ਮੁੱਦਾ ਹੈ। ਸੇਖੋਂ ਨੇ ਅਦਾਲਤਾਂ ਪ੍ਰਤੀ ਸਮੁੱਚੇ ਸਮਾਜ ਨੂੰ ਕੁੱਝ ਗੰਭੀਰ ਸਵਾਲਾਂ ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਸਮਾਜ ਨੂੰ ਹੁਣ ਇਹ ਸੰਵਾਦ ਭਖਾਉਣਾ ਪਵੇਗਾ ਕਿ ਸਾਡੀਆਂ ਅਦਾਲਤਾਂ ਵਿਚ ਸਮਾਜ ਦੀਆਂ ਆਸਾਂ ਅਨੁਸਾਰ ਕੰਮ ਕਿਉਂ ਨਹੀ ਹੋ ਰਿਹਾ? ਕੀ ਅਦਾਲਤਾਂ ਆਜ਼ਾਦ ਹਨ? ਕੀ ਜੱਜ ਨਿਰਭਉ ਅਤੇ ਨਿਰਵੈਰ ਹਨ? ਕੀ ਅਦਾਲਤਾਂ ਸਮਾਜ ਦੀ ਕਿਸੇ ਸੰਸਥਾ ਨੂੰ ਜਵਾਬਦੇਹ ਵੀ ਹਨ? ਕੀ ਅਦਾਲਤ ਤੇ ਉੱਠੇ ਕਿਸੇ ਸਵਾਲ ਨੂੰ ਅਦਾਲਤ ਦੀ ਹੱਤਕ ਕਹਿ ਕੇ ਦਬਾਅ ਦੇਣਾ ਲੋਕਤੰਤਰ ਲਈ ਸਿਹਤਮੰਦ ਹੈ? ਸੱਚ ਇਹ ਹੈ ਕਿ ਸਮਾਜ ਦਾ ਵੱਡਾ ਹਿੱਸਾ ਲੋਕਤੰਤਰ ਦੇ ਖਰਾਬ ਹੋਏ ਸਾਰੇ ਥੰਮ੍ਹਾਂ ਤੋਂ ਹੀ ਤੰਗ ਆਇਆ ਹੋਇਆ ਹੈ। ਹਾਲਾਤ, 'ਅੰਧ ਰਾਜਾ ਬੇਦਾਦ ਨਗਰੀ, ਝੂਠਾ ਦੇ ਦਿਲਾਸੜਾ ਮਾਰਿਆ ਈ', ਵਾਲੇ ਬਣੇ ਹੋਏ ਹਨ। ਐਸੇ ਵਿਚ ਸਮਾਜ ਦੇ ਸਿਆਣੇ ਲੋਕਾਂ ਨੂੰ ਸੰਵਾਦ ਰਚਾ ਕੇ ਅਦਾਲਤੀ ਢਾਂਚੇ ਦੀ ਖੁਰਦੀ ਜਾ ਰਹੀ ਸਾਖ ਨੂੰ ਬਚਾਉਣ ਲਈ ਹੰਭਲਾ ਮਾਰਨਾ ਸਮੇਂ ਦੀ ਲੋੜ ਹੈ। ਬਲਵਿੰਦਰ ਸੇਖੋਂ, ਪ੍ਰਦੀਪ ਸ਼ਰਮਾ, ਬਲਜੀਤ ਪਰਮਾਰ, ਡਾ. ਦਲੇਰ ਸਿੰਘ ਅਤੇ ਉਸਦੇ ਹੋਰ ਸਾਥੀਆਂ ਨੇ ਇਸ ਦਿਸ਼ਾ ਵਿਚ ਜੋ ਆਵਾਜ਼ ਬੁਲੰਦ ਕੀਤੀ ਹੈ ਉਹ ਪੀੜਤ ਸਮਾਜ ਦੀ ਅੰਤਰੀਵ ਪੀੜ ਹੈ ਜਿਸ ਨੂੰ ਅਦਾਲਤੀ ਹੱਤਕ ਦੇ ਮਾਮਲੇ ਤੋਂ ਉੱਪਰ ਉਠ ਕੇ ਵੱਡੇ ਸਮਾਜਿਕ- ਮਿਥਿਹਾਸਕ ਪ੍ਰਸੰਗ ਵਿਚ ਵੇਖਣ, ਵਿਚਾਰਨ ਅਤੇ ਨਜਿੱਠਣ ਦੀ ਲੋੜ ਹੈ।

ਅੱਜ ਤੋਂ ਪੰਜ ਕੁ ਸਾਲ ਪਹਿਲਾਂ ਨਵਜੋਤ ਸਿੱਧੂ ਨੇ ਲੁਧਿਆਣਾ ਸ਼ਹਿਰ ਦੇ ਈਸ਼ਰ ਨਗਰ ਇਲਾਕੇ ਵਿਚ ਗਰੈਂਡ ਮੇਨਰ ਹੋਮਜ਼, ਰੈਜ਼ੀਡੈਂਸ਼ੀਅਲ ਪ੍ਰੋਜੈਕਟ ਵਿਚ ਸਕੈਂਡਲ ਦੀ ਪੜਤਾਲ ਕਰਨ ਦੀ ਜ਼ਿੰਮੇਵਾਰੀ ਜਦੋਂ ਸੌਂਪੀ ਸੀ ਤਾਂ ਉਸ ਨੇ ਖਬਰੇ ਸੇਖੋਂ ਨੂੰ ਆਪਣੇ ਵਰਗਾ ਹੀ ਸਮਝ ਲਿਆ ਹੋਣੈ। ਉਸ ਨੂੰ ਤਾਂ ਚਿੱਤ ਚੇਤਾ ਵੀ ਨਹੀਂ ਹੋਣਾ ਕਿ ਸੇਖੋਂ ਨੂੰ ਇਹ ਕੰਮ ਸੌਂਪ ਕੇ ਉਹ ਅਣਜਾਣੇ ਵਿਚ ਹੀ ਦੂਸਰਾ ਮਹਾਭਾਰਤ ਰਚਣ ਦਾ ਕੰਟਰੈਕਟ ਦੇ ਬੈਠਾ ਹੈ। ਇਸ ਵਿਚ ਇਕੱਲੇ ਭਾਰਤ ਆਸ਼ੂ ਨੇ ਹੀ ਨਹੀਂ ਸੀ ਫਸਣਾ ਬਲਕਿ ਮੁੱਖ ਮੰਤਰੀ 'ਦੁਰਯੋਜਨ ਸਿੰਘ' ਦੇ ਕੁੱਲ ਜਰਨੈਲਾਂ, ਪੰਜਾਬ ਦੀ ਸਾਰੀ ਮੋਹਰੀ ਅਫ਼ਸਰਸ਼ਾਹੀ, ਪੁਲਿਸ ਪ੍ਰਣਾਲੀ, ਨਿਆਂਪਾਲਿਕਾ, ਪੂਰੇ ਅਕਾਲੀ ਕੋੜਮੇ ਅਤੇ ਭਗਵੰਤ ਮਾਨ ਦੀਆਂ ਲਾਡਲੀਆਂ ਫੌਜਾਂ ਸਮੇਤ ਖੁਦ ਉਸ ਨੇ ਵੀ ਬਹੁਤ ਬੁਰੀ ਤਰ੍ਹਾਂ ਲਪੇਟਿਆ ਜਾਣਾ ਹੈ। ਉਹ ਪੰਜਾਬੀਆਂ ਨੂੰ ਅਨੋਖੇ ਹੀ 'ਧਰਮ ਯੁੱਧ' ਦਾ ਟਰੇਲਰ ਵਿਖਾਉਣ ਦਾ ਪੰਗਾ ਸਹੇੜ ਬੈਠਾ ਹੈ!

ਸੇਖੋਂ ਵਲੋਂ ਪਿਛਲੇ ਪੰਜ ਵਰ੍ਹਿਆਂ ਤੋਂ ਸਿਰਜੇ ਜਾ ਰਹੇ 'ਮਹਾਂਕਾਵਿ' ਦੀਆਂ ਮਹਾਭਾਰਤ ਵਾਂਗ ਹੀ ਇਕਹਿਰੀਆਂ, ਦੂਹਰੀਆਂ ਨਹੀਂ ਬਲਕਿ ਅਨੇਕ ਪਰਤਾਂ ਹਨ। ਉਸ ਦੀ ਗ੍ਰਿਫ਼ਤਾਰੀ ਦੀ ਅਜਿਹੇ ਨਾਜ਼ਕ, ਇਤਿਹਾਸਕ ਮੌਕੇ ਉਸ ਵਲੋਂ ਉਭਾਰੇ ਬਹੁਪਰਤੀ ਮੁਦਿਆਂ ਨੂੰ ਪਿੱਛੇ ਪਾ ਕੇ ਅਤੇ ਸਾਰਾ ਜ਼ੋਰ ਉਸ ਦੀ ਆਕਰੋਸ਼ ਭਰੀ ਅੱਖੜ ਭਾਸ਼ਾ 'ਤੇ ਲਗਾ ਕੇ ਮਸਲੇ ਨੂੰ ਘੱਟਿਓਂ ਕੌਡੀ ਰਲਾਉਣ ਦੀ ਬੇਇਮਾਨੀ ਨਹੀਂ ਕਰਨੀ ਚਾਹੀਦੀ, ਜਿਸ ਤਰ੍ਹਾਂ ਕਿ ਹਮੀਰ ਸਿੰਘ ਵਰਗੇ ਕਈ ਦਾਨੇ ਅਤੇ ਸੁਘੜ-ਸਿਆਣੇ ਪੱਤਰਕਾਰਾਂ ਅਤੇ ਹੋਰ ਭੱਦਰ-ਪੁਰਸ਼ਾਂ ਵਲੋਂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹਮੀਰ ਸਿੰਘ ਨੇ ਹਰਜਿੰਦਰ ਸਿੰਘ ਰੰਧਾਵਾ ਨਾਲ ਪੰਜਾਬ ਟੀ ਵੀ ਉਪਰ ਹਾਈ ਕੋਰਟ ਅੰਦਰ ਸੇਖੋਂ-ਪ੍ਰਦੀਪ ਸ਼ਰਮਾ ਜੋੜੀ ਵਲੋਂ ਖੇਡੇ ਗਏ 'ਤਾਂਡਵ ਨ੍ਰਿਤ' 'ਤੇ ਲੰਮਾ ਚੌੜਾ ਤਬਸਰਾ ਕੀਤਾ ਹੈ। ਉਸ ਨੇ ਸੇਖੋਂ ਦੀ ਵਿਲੱਖਣ ਮੁਹਿੰਮ ਨੂੰ ਛੁਟਿਆਉਣ ਲਈ ਹਲੀਮੀ ਦੀਆਂ ਬਰਕਤਾਂ ਗਿਣਾਈਆਂ ਹਨ। ਇਹ ਬਰਕਤਾਂ ਗਿਣਾਉਣ ਲਈ ਉਸ ਨੇ ਪੰਚਮ ਪਾਤਸ਼ਾਹ ਦੀ ਸ਼ਹਾਦਤ, ਦਸਮ ਪਾਤਸ਼ਾਹ ਵਲੋਂ ਔਰੰਗਜ਼ੇਬ ਨੂੰ ਲਿਖੇ ਜ਼ਫਰਨਾਮੇ ਦੀ ਸਲੀਕੇ ਵਾਲੀ ਭਾਸ਼ਾ, ਮਹਾਤਮਾ ਗਾਂਧੀ ਦੇ ਸੱਤਿਆਗ੍ਰਹਿ, ਪੰਜਾਬ ਸਾਹਿਬ ਦੇ ਸਾਕੇ ਅਤੇ ਨਨਕਾਣਾ ਸਾਹਿਬ ਦੇ ਮਹਾਨ ਸ਼ਹੀਦਾਂ ਤਕ ਪੂਰੀ ਸਿੱਖ ਅਰਦਾਸ ਨੂੰ ਹੀ ਆਪਣੀ ਦਲੀਲ ਦੇ ਹੱਕ ਵਿਚ ਭੁਗਤਾ ਮਾਰਿਆ ਹੈ। ਕਮਾਲ ਦੀ ਗੱਲ ਹੈ ਕਿ ਹਮੀਰ ਸਿੰਘ ਹਿੰਦੁਸਤਾਨ ਤਕ ਹੀ ਸੀਮਤ ਨਹੀਂ ਰਿਹਾ, ਸਗੋਂ ਉਸ ਨੇ ਨੈਲਸਨ ਮੰਡੇਲਾ ਨੂੰ ਵੀ ਨਹੀਂ ਬਖਸ਼ਿਆ। ਵੇਖੋ ਸੇਖੋਂ ਨੇ ਪਿਛਲੇ 4-5 ਸਾਲਾਂ ਦੌਰਾਨ ਜੋ ਮਸਲੇ ਉਭਾਰੇ ਹਨ, ਉਹ ਪੂਰੀ ਤਰ੍ਹਾਂ ਪੰਜਾਬ ਦੀ ਹੋਣੀ ਨਾਲ ਜੁੜੇ ਹੋਏ ਹਨ। ਇਸ ਕਰਕੇ ਇਸ ਤਰ੍ਹਾਂ ਦੀ ਗੈਰ ਸੰਜੀਦਾ ਚੂੰਝ ਚਰਚਾ ਠੀਕ ਨਹੀਂ ਹੈ।

16 ਤਰੀਕ ਸ਼ਾਮ ਨੂੰ ਸਾਡੇ ਬਹੁਤ ਹੀ ਸਤਿਕਾਰਤ ਅਤੇ ਬਜ਼ੁਰਗ ਮਿੱਤਰ ਗੁਰਦੇਵ ਸਿੰਘ ਮਾਨ ਦਾ ਮੈਨੂੰ ਫੋਨ ਆਇਆ, ਉਹ ਸੇਖੋਂ-ਪ੍ਰਦੀਪ ਵਾਲੀ ਵੀਡੀਓ ਨੂੰ ਸੁਣ ਕੇ ਹਟੇ ਸਨ ਅਤੇ ਕਹਿ ਰਹੇ ਸਨ ਕਿ ਭਾਈ ਇਨ੍ਹਾਂ ਦੋਵਾਂ ਮੁੰਡਿਆਂ ਨੇ ਤਾਂ ਕਮਾਲ ਕਰ ਦਿੱਤੀ ਹੈ। ਹਮੀਰ ਸਿੰਘ ਨੂੰ ਦੱਸਣਾ ਚਾਹੁੰਦੇ ਹਾਂ ਕਿ ਮਾਨ ਸਾਹਿਬ ਨੂੰ ਮੈਂ ਪਿਛਲੇ 32 ਕੁ ਵਰ੍ਹਿਆਂ ਤੋਂ ਜਾਣਦਾ ਹਾਂ ਅਤੇ ਅੱਜ ਤਕ ਉਨ੍ਹਾਂ ਨੂੰ ਕਦੀ ਅਜਿਹੀ ਲਾਊਡ ਸੁਰ ਵਿਚ ਗੱਲ ਕਰਦੇ ਨਹੀਂ ਸੁਣਿਆ ਤੇ ਨਾ ਹੀ ਕਿਸੇ ਸਖਸ਼ ਦੀ ਪ੍ਰੋੜਤਾ ਕਰਦਿਆਂ ਹੀ ਵੇਖਿਆ ਹੈ। ਕੀ ਹਮੀਰ ਸਿੰਘ ਵਰਗੇ ਸੱਜਣ ਸੋਚਣਗੇ ਕਿ ਮਾਨ ਸਾਹਿਬ ਨੂੰ ਸੇਖੋਂ ਦੀਆਂ ਕੂਕਾਂ ਤੇ ਚੀਕਾਂ ਵਿਚ; ਉਸ ਦੇ ਅੱਖੜ ਬੋਲਾਂ ਦੇ ਹੇਠਾਂ ਉਹ ਸਭ ਗੱਲਾਂ ਨਜ਼ਰ ਨਾ ਆਈਆਂ ਜਿਨ੍ਹਾਂ ਦਾ ਗੁੱਡਾ ਉਸ ਨੇ ਰੰਧਾਵੇ ਨਾਲ ਆਪਣੀ ਗੁਫਤਗੂ ਵਿਚ ਬੰਨ੍ਹਣ ਦੀ ਕੋਸ਼ਿਸ਼ ਕੀਤੀ ਹੈ।

ਮੈਨੂੰ ਯਾਦ ਹੈ ਸੇਖੋਂ ਦੀ ਪਹਿਲੀ ਇੰਟਰਵਿਊ ਮੈਂ ਯੂਟਿਊਬ ਦੇ ਜੱਗਬਾਣੀ ਚੈਨਲ ਉਪਰ ਸਾਲ 2019 ਦੇ ਅਖੀਰਲੇ ਦਿਨਾਂ ਵਿਚ ਕਿਤੇ ਸੁਣੀ ਸੀ ਅਤੇ ਆਖਰੀ ਇੰਟਰਵਿਊ ਉਸ ਬਾਰੇ ਵੈਨਕੂਵਰ, ਸਰੀ ਤੋਂ 'ਸਾਂਝਾ ਟੀਵੀ' ਉਪਰ ਐਂਕਰ ਕੁਲਦੀਪ ਸਿੰਘ ਨਾਲ ਉਸ ਦੇ ਪੁਰਾਣੇ ਆੜੀ ਐਡਵੋਕੇਟ ਦਿਨੇਸ਼ ਰਾਏ ਢਾਡਾ ਨਾਲ ਇੰਟਰਵਿਊ ਵਿਚ ਸੁਣੀ ਹੈ। ਸੇਖੋਂ ਦੀ ਪੀੜਤ ਕਥਾ ਸੁਣਦਿਆਂ ਪੱਥਰ ਦਿਲ ਆਦਮੀ ਵੀ ਪਿਘਲ ਜਾਵੇਗਾ।

ਮੈਨੂੰ ਆਸ ਹੈ ਅੱਜ ਦੀ ਔਖੀ ਘੜੀ ਪੰਜਾਬ ਦੇ ਲੋਕ ਸੇਖੋਂ ਦੀ ਮੁਹਿੰਮ ਦੀ ਅਹਿਮੀਅਤ ਨੂੰ ਸਮਝਣਗੇ ਅਤੇ ਉਸ ਦੇ ਸਿਰ 'ਤੇ ਹੱਥ ਰੱਖਣ ਲਈ ਭਗਵਾਨ ਕ੍ਰਿਸ਼ਨ ਬਣ ਕੇ ਬਹੁੜਨਗੇ!

# ਸੱਚੇ ਇਨਸਾਨ ਨੂੰ ਭਾਲਦੀ ਸ਼ਾਇਰੀ

ਆਤਮਜੀਤ

ਕਿਤਾਬ 'ਖੰਭ ਸਨੇਹਾ' ਵਿਚ ਮੁਸ਼ਤਾਕ ਸੂਫ਼ੀ ਦੀ ਸ਼ਇਰੀ ਇਕੋ ਵੇਲੇ ਸਾਦੀ ਤੇ ਗਹਿਰੀ ਹੈ। ਸਾਦੀ ਇਸ ਲਈ ਕਿ ਉਸ ਵਿਚ ਸ਼ਬਦਾਂ ਦਾ ਜਾਲ ਨਹੀਂ ਹੈ, ਗਹਿਰੀ ਇਸ ਵਾਸਤੇ ਕਿ ਉਹ ਸਾਡੇ ਧੁਰ ਅੰਦਰ ਦੀ ਸ਼ਇਰੀ ਹੈ ; ਉਹ ਹਾਲ ਦੀਆਂ ਹਾਲਤਾਂ ਨਾਲ ਬੱਝੀ ਹੋਈ ਨਹੀਂ। ਉਸ ਦੀ ਸ਼ਇਰੀ ਤਿੰਨਾਂ ਕਾਲਾਂ ਵਿਚ ਵਿਚਰਦੀ ਹੈ। ਉਸ ਦੀਆਂ ਜੜ੍ਹਾਂ ਮਾਜ਼ੀ ਵਿਚ ਹਨ; ਹਾਲ ਵਿਚ ਉਹ ਲਿਖ ਰਿਹਾ ਹੈ ਪਰ ਉਸ ਦੀ ਖ਼ਾਹਿਸ਼ ਹੈ ਕਿ ਇਹ ਸੁਨੇਹਾ ਕਿਸੇ ਤਰ੍ਹਾਂ ਮੁਸਤਕਿਬਲ ਵੱਲ ਫ਼ੈਲ ਜਾਵੇ। ਉਹ ਸੱਚੇ ਇਨਸਾਨ ਦੀ ਭਾਲ 'ਚ ਨਿਕਲਿਆ ਈਮਾਨਦਾਰ ਸ਼ਾਇਰ ਹੈ ਤੇ ਇਨਸਾਨੀ ਧਰਾਤਲ 'ਤੇ ਬਹਿ ਕੇ ਹੀ



ਵੇਖਦਾ, ਸੁਣਦਾ ਤੇ ਲਿਖਦਾ ਹੈ। ਉਸਦੇ ਕਲਾਮ ਦੀ ਕੁੰਜੀ ਹੋਂਦ ਤੇ ਅਣਹੋਂਦ ਦੇ ਤਣਾਉ ਵਿਚ ਹੈ। ਜੋ ਹੈ, ਉਹ ਨਹੀਂ ਹੈ; ਤੇ ਓਹੋ ਹੀ ਸ਼ਾਇਦ ਏਥੇ ਕਿਤੇ ਪਿਆ ਵੀ ਹੋਇਆ ਹੈ। ਇਸੇ ਲਈ ਉਹ ਆਸ-ਉਮੀਦ ਦਾ ਸ਼ਾਇਰ ਹੈ। ਉਸਦੀ ਬਹੁਤੀ ਟੈਨਸ਼ਨ ਮੁੱਢਲੇ ਤੌਰ 'ਤੇ ਪੰਜਾਬ ਦੀ 1947 ਦੀ ਵੰਡ ਅੰਦਰੋਂ ਨਿਕਲ ਰਹੀ ਹੈ। ਪਾਕਿਸਤਾਨ ਵਿਚ ਮੁਕਾਮ ਕਟਾਸ ਰਾਜ ਸ਼ਿਵ ਮੰਦਰ ਵਿਚ ਬਹਿ ਕੇ ਲਿਖੀ ਉਸ ਦੀ ਕਵਿਤਾ 'ਕਲ੍ਹ ਦੀ ਭਲਕ' ਪੰਜਾਬੀ ਦੀਆਂ ਬਿਹਤਰੀਨ ਕਿਰਤਾਂ ਵਿਚ ਸ਼ੁਮਾਰ ਹੋਵੇਗੀ।

ਉਹ ਬਿਨਾ ਕਿਸੇ ਸੱਦੇ ਦੇ ਮੰਦਰ ਵਿਚ ਜਾਂਦਾ ਹੈ, ਉਸਨੂੰ ਜਾਪਦਾ ਹੈ ਕਿ ਜੀਵਨ ਦੇ ਸਫ਼ਰ ਦੇ ਆਖ਼ਰੀ ਪੜਾਅ 'ਤੇ ਅਜਿਹੇ ਸਾਰੇ ਭਾਰ ਲਾਹ ਦੇਣੇ ਚਾਹੀਦੇ ਨੇ ਜਿਹੜੇ ਅਸੀਂ ਚੁੱਕੇ ਹੋਏ ਹਨ ਜਾਂ ਸਾਨੂੰ ਚੁਕਾਏ ਗਏ ਹਨ। ਉਹਨੂੰ ਲੱਗਦਾ ਹੈ ਕਿ ਉੱਥੋਂ ਦੇ ਅਣਖਿੜੇ ਫੁੱਲਾਂ ਨੂੰ ਗਲ 'ਚ ਪਾ ਕੇ ਜਿਹੜੇ ਲੋਕ ਹਿੰਦੁਸਤਾਨ ਚਲੇ ਗਏ ਸਨ ਉਹ ਕਿਸੇ ਨਾ ਕਿਸੇ ਰੂਪ ਵਿਚ ਓਥੇ ਹੀ ਮੌਜੂਦ ਹਨ। ਉੱਥੋਂ ਉਨ੍ਹਾਂ ਫੁੱਲਾਂ ਅਤੇ ਲੋਕਾਂ ਦੀ ਵਾਸ਼ਨਾ ਆਉਂਦੀ ਹੈ ਉਸਨੂੰ; ਗ਼ੈਰ ਹਾਜ਼ਰ ਹੁੰਦਿਆਂ ਵੀ ਉਸਨੂੰ ਹਾਜ਼ਰ ਮਲੂਮ ਹੁੰਦੇ ਹਨ। ਦਰਅਸਲ ਸਾਨੂੰ ਸਾਰਿਆਂ ਨੂੰ ਖ਼ਾਹ-ਮਖ਼ਾਹ ਆਪੋ-ਆਪਣੀ ਸ਼ਨਾਖ਼ਤ ਜਾਂ ਪਛਾਣ ਦਾ ਰੋਗ ਲੱਗਾ ਹੋਇਆ ਹੈ ਪਰ ਸੂਫ਼ੀ ਕਿਸੇ ਵੀ ਸ਼ਨਾਖ਼ਤ ਤੋਂ ਮੁਕਤ ਹੋ ਕੇ ਜੀਣ ਦਾ ਮੁਸ਼ਤਾਕ ਹੈ। ਇਸੇ ਲਈ ਉਸ ਨੂੰ ਪਾਕਿਸਤਾਨ ਦੇ ਉਜੜੇ ਮੰਦਰ ਵਿਚ ਵੀ ਕੁਝ ਧੜਕਦਾ ਸੁਣੀਂਦਾ ਹੈ।

ਇਵੇਂ ਉਜਾੜ ਦਾ ਵੱਸਦੇ ਹੋਣਾ ਮੁਸ਼ਤਾਕ ਸੂਫ਼ੀ ਦੀ ਭਰਪੂਰ ਆਸ ਹੈ। ਕਿਸੇ ਵੀ ਕਿਸਮ ਦੀ ਮੁਕਾਬਲਾਬਾਜ਼ੀ ਉਸ ਦਾ ਕਸਬ ਨਹੀਂ, ਅਜਿਹੀਆਂ 'ਬਾਜ਼ੀਆਂ' ਦਰਦ ਪੈਦਾ ਕਰਦੀਆਂ ਹਨ ਤੇ ਉਨ੍ਹਾਂ ਦਰਦਾਂ ਤੋਂ ਕਦੇ ਛੁਟਕਾਰਾ ਨਹੀਂ ਮਿਲਦਾ। ਉਸਦਾ ਵਿਸ਼ਵਾਸ ਹੈ ਕਿ ਮੁਸਾਫ਼ਰਾਂ ਵਾਸਤੇ ਹਰ ਘਰ 'ਪਨਾਹੀ ਛੱਤ' ਹੁੰਦਾ ਹੈ। 'ਚੀਜ਼ਾਂ ਉਦੋਂ ਹੀ ਖਿੰਡਦੀਆਂ ਨੇ ਜਦੋਂ ਅਸੀਂ ਇਕ ਦੂਜੇ ਦੀ ਟੇਕ ਗਵਾ ਦੇਂਦੇ ਹਾਂ'। ਹੋਣ ਤੇ ਨਾ ਹੋਣ ਦੀ ਬੇਬਸੀ ਨੂੰ ਮੁਸ਼ਤਾਕ ਪੂਰੀ ਕਮਾਲ ਨਾਲ ਚਿਤਰਦਾ ਹੈ। ਭਾਵੇਂ




ਚਿੜੀਆਂ ਉਡ ਗਈਆਂ ਹਨ ਪਰ ਬੂਹੇ 'ਤੇ ਉਨ੍ਹਾਂ ਦੇ ਖਵਾਬ' ਦਸਤਕ ਦੇ ਰਹੇ ਹਨ। 'ਕਪੜੇ ਲੱਥਣ' 'ਤੇ ਵੀ ਬੰਦੇ ਦਾ ਵਜੂਦ ਤਾਂ ਬਣਿਆ ਹੀ ਰਹਿੰਦੈ। ਹੋਣ ਅਤੇ ਨਾ-ਹੋਣ ਦੇ ਥੀਮ ਤੋਂ ਇਲਾਵਾ 'ਸ਼ਿਕਾਰ' ਉਸ ਦੀ ਕਮਾਲ ਦੀ ਨਜ਼ਮ ਹੈ, ਜੋ ਔਰਤ ਦੀ ਹੋਣੀ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕਰਦੀ ਹੈ। 'ਮੁਜਰਾ' ਨਾਮ-ਨਿਹਾਦ ਵਿਕਾਸ ਉੱਤੇ ਹੌਕਾ ਭਰਦੀ ਨਜ਼ਮ ਹੈ। ਉਹ ਦੱਸਦਾ ਹੈ ਕਿ ਜਦੋਂ ਸੜਕਾਂ ਚੌੜੀਆਂ ਹੁੰਦੀਆਂ ਨੇ ਤਾਂ ਦਿਲ ਸੌੜੇ ਹੋ ਜਾਂਦੇ ਹਨ। 'ਖਾਣੇ ਬਾਰੇ' ਵਿਚ ਗ਼ਰੀਬੀ ਦਾ ਸੁੱਚਾ ਜ਼ਿਕਰ ਹੈ। 'ਮਾਂ ਨੂੰ ਮਿਲਣ ਤੇ' ਨਵੇਂ ਜ਼ਮਾਨੇ ਦੀ ਬਦਸੂਰਤੀ ਉੱਤੇ ਖ਼ੂਬਸੂਰਤ ਵਿਅੰਗ ਹੈ। ਜਦੋਂ ਪਰਵਾਸੀ ਪੁੱਤਰ ਆਪਣੀ ਬੁੱਢੀ ਮਾਂ ਨੂੰ ਘਰ ਵਿਚ ਮਿਲਣ ਆਉਂਦਾ ਹੈ ਤਾਂ ਉਸਨੂੰ ਉੱਥੋਂ ਦੀ ਗ਼ਰੀਬੀ ਦੇਖ ਕੇ ਹੈਰਤ ਹੁੰਦੀ ਹੈ; ਸਿਰਫ਼ ਉਹ ਹੈਰਾਨੀ ਹੀ ਉਸ ਪੁਰਾਣੇਪਣ ਦੇ 'ਸੁਚੱਜ ਵਿਚ ਨਵਾਂ ਕੁਚੱਜ' ਹੁੰਦਾ ਹੈ। ਉਸ ਅਨੁਸਾਰ ਸ਼ਾਇਰ ਦੇ ਬੋਲਾਂ ਵਿਚ ਬੜੀ ਤਾਕਤ ਹੁੰਦੀ ਹੈ, ਉਹ ਅੱਖਰਾਂ ਨੂੰ ਉੱਠ-ਖਲੋਣ ਦਾ ਸੁਨੇਹਾ ਦੇਂਦਾ ਹੈ ਕਿਉਂਕਿ ਉਹ ਸੂਰਜੀ ਤਪਸ਼ ਵਿਚ ਬੱਦਲਾਂ ਦੇ ਤੰਬੂ ਗੱਡ ਸਕਦੇ ਹਨ। ਸੂਫ਼ੀ ਹਮੇਸ਼ਾ ਆਸ ਨਾਲ ਭਿਰਆ ਹੋਇਆ ਹੈ। ਉਹ ਸਿਰਫ਼ ਸ਼ਿਵ ਮੰਦਰ ਦੀ ਉਜਾੜ ਵਿਚ ਹੀ ਵਸੇਬਾ ਨਹੀਂ ਦੇਖ ਰਿਹਾ ਬਲਕਿ ਉਸ ਅਨੁਸਾਰ ਜਿਹੜਾ ਖੰਭ ਟਾਹਣੀ ਵਿਚ ਅੜਿਆ ਹੋਇਆ ਹੈ, ਉਹ ਵੀ ਜੀਵਨ ਦਾ ਸੁਨੇਹਾ ਹੈ, ਮੌਤ ਦਾ ਨਹੀਂ। ਇਸੇ ਲਈ ਮੁਸ਼ਤਾਕ ਨੇ ਲਫ਼ਜ਼ਾਂ ਦੇ ਖੰਭਾਂ 'ਤੇ ਸੁਨਹਿਰੀ ਸੁਨੇਹੇ ਲਿਖੇ ਹਨ। ਪਰ ਮੁਸ਼ਤਾਕ ਨਾਲ ਇਕ ਗੱਲ ਦੀ ਕੁਝ ਅਸਹਿਮਤੀ ਵੀ ਹੈ। ਉਹਦਾ ਖ਼ਿਆਲ ਹੈ ਕਿ ਸਾਡਾ ਯੁਗ ਸਾਡੇ ਤੋਂ ਵੀ ਮਾੜਾ ਹੈ। ਜੇ 47 ਦੇ ਹਵਾਲੇ ਨਾਲ ਦੇਖੀਏ ਤਾਂ ਪੰਜਾਬੀਆਂ ਨੇ ਜੋ ਹੰਢਾਇਐ ਉਹ ਇਹੋ ਸਮਝਾਉਂਦੈ ਪਈ ਅਸੀਂ ਆਪਣੇ ਯੁੱਗ ਤੋਂ ਮਾੜੇ ਸਾਬਤ ਹੋਏ ਹਾਂ। ਆਪਣੇ ਦਰਦ ਦਾ ਕਾਰਨ ਕਿਸੇ ਨੂੰ ਮੰਨ ਲੈਣ ਨਾਲ ਕੁਝ ਵਕਤ ਦਾ ਚੈਨ ਜ਼ਰੂਰ ਮਿਲਦਾ ਹੈ ਪਰ ਉਦੋਂ ਤੱਕ ਸੁਰਖਰੂ ਨਹੀਂ ਹੋਇਆ ਜਾ ਸਕਦਾ ਜਦ ਤਕ ਇਸ ਵਿਚ ਤਰਕ ਨਾ ਹੋਵੇ। ਜਦੋਂ ਸਾਰੇ ਰੁੱਖ ਆਪਣੇ ਪੱਤਰਾਂ ਨੂੰ, ਗਲੀਆਂ ਕਦਮਾਂ ਨੂੰ ਤੇ ਵਿਹੜੇ ਆਵਾਜ਼ਾਂ ਨੂੰ ਗਵਾ ਰਹੇ ਸਨ ਅਤੇ ਬਲਦੀਆਂ ਰਾਤਾਂ ਤਾਂਬੇ ਵੰਨੀਆਂ ਹੋ ਰਹੀਆਂ ਸਨ ਤਾਂ ਉਦੋਂ ਅਸੀਂ ਆਪਣੀ ਸਕਾਫ਼ਤ ਨੂੰ ਕਿੱਥੇ ਸੁੱਟ ਦਿੱਤਾ ਸੀ? ਸਿਆਸਤ ਨੇ ਤਾਂ ਉਹੀ ਕੀਤਾ ਜੋ ਉਸਨੇ ਕਰਨਾ ਸੀ ਪਰ ਅਸੀਂ ਪੰਜਾਬੀਆਂ ਨੇ ਇਕ-ਦੂਜੇ ਨਾਲ ਜੋ ਕੀਤਾ ਉਹ ਨਾਨਕ, ਵਾਰਸ, ਦੁੱਲੇ ਤੇ ਬੁਲ੍ਹੇ ਸਭ ਨੂੰ ਸ਼ਰਮਸਾਰ ਕਰ ਰਿਹਾ ਹੋਵੇਗਾ। ਜੇ ਅਸੀਂ ਇਸ ਗੱਲ ਨੂੰ ਦਿਲੋਂ ਮੰਨ ਲਈਏ ਅਤੇ ਜਿੰਨੀ ਜਲਦੀ ਮੰਨ ਲਈਏ ਤਾਂ ਬੇਘਰ ਹੋਏ ਪੰਖੇਰੂ ਸੌਖੇ ਲੱਭੇ ਜਾ ਸਕਦੇ ਹਨ। ਭਾਵੇਂ ਸ਼ਹਿਰ ਸਰਾਪੇ ਹੋਏ ਹਨ ਪਰ ਅਜੋਕੇ ਯੁੱਗ ਨੇ ਸਾਨੂੰ ਜਿਹੜੇ ਸੰਦ ਦਿੱਤੇ ਹਨ ਉਹ ਲੋਕਾਂ ਨੂੰ ਮੁਲਕਾਂ ਦੀਆਂ ਕਠੋਰ ਸਰਹੱਦਾਂ ਦੇ ਬਾਵਜੂਦ ਬਹੁਤ ਨੇੜੇ ਲਿਆ ਸਕਦੇ ਹਨ। ਸ਼ਨਾਖ਼ਤ ਨੂੰ ਚਮਕਾਉਣ ਵਾਲੇ ਮਜ਼ਹਬੀ ਅਤੇ ਮੁਲਕੀ ਵਖਰੇਵੇਂ ਆਪਣੀ ਥਾਂ ਬਣੇ ਰਹਿਣ ਪਰ ਜੇਕਰ ਉਨ੍ਹਾਂ ਵਖਰੇਵਿਆਂ ਦੀਆਂ ਬਾਜ਼ੀਆਂ ਨਾ ਲਵਾਈਆਂ ਜਾਣ ਅਤੇ ਬੋਲੀ ਤੇ ਸਕਾਫ਼ਤ ਦੀ ਸਾਂਝ ਦੀਆਂ ਗੰਢਾਂ ਨੂੰ ਮੁੜ ਕੇ ਪੱਕਾ ਕੀਤਾ ਜਾਵੇ ਤਾਂ ਸਾਡੀ ਪੰਜਾਬੀ ਨਾ ਸੰਸਕ੍ਰਿਤ ਦੇ ਭਾਰ ਹੇਠ ਆਵੇਗੀ ਤੇ ਨਾ ਹੀ ਫ਼ਾਰਸੀ ਵਿਚ ਗਲੇਫ਼ੀ ਜਾਵੇਗੀ। ਫਿਰ ਮੁਸ਼ਤਾਕ ਦਾ ਇਹ ਵੀ ਸੁਪਨਾ ਜ਼ਰੂਰ ਪੂਰਾ ਹੋਵੇਗਾ:

ਕੋਈ ਖ਼ਾਬ ਪੁਰਾਣੇ ਆਵਣ ਸਾਡੀ ਨਗਰੀ ਨੂੰ
ਗਾ ਸੱਜਰੇ ਬੋਲ ਸੁਣਾਵਣ ਸਾਡੀ ਨਗਰੀ ਨੂੰ।

# ਸਾਮਰਾਜੀ ਦੌਰ ਵਿਚ ਗੁਰਮਤਿ ਤੇ ਮਾਰਕਸਵਾਦ ਦੀ ਪ੍ਰਸੰਗਿਕਤਾ

ਸ. ਹਰਚਰਨ ਸਿੰਘ ਪਰਹਾਰ ਲਿਖਦੇ ਹਨ, '1984 ਤੋਂ ਵੀ ਪਹਿਲਾਂ ਅੱਧੀ ਸਦੀ ਤੋਂ ਕਾਮਰੇਡ ਧਿਰਾਂ ਦੀ ਲੋਕ-ਹਿੱਤਾਂ ਲਈ ਸੰਘਰਸ਼ਾਂ ਦੀ ਆਪਣੀ ਵਿਰਾਸਤ ਸੀ, ਸਮਝ ਸੀ, ਵਿਚਾਰਧਾਰਾ ਸੀ। ਉਹ ਆਪਣੀ ਵਿਚਾਰਧਾਰਾ ਅਨੁਸਾਰ ਵੱਖ-ਵੱਖ ਢੰਗਾਂ ਨਾਲ ਲਗਾਤਾਰ ਸੰਘਰਸ਼ ਕਰ ਰਹੇ ਸਨ। ਉਹ ਆਪਣੇ ਇਸ ਜਮਾਤੀ ਵਿਰਸੇ ਨੂੰ ਛੱਡ ਕੇ ਅਕਾਲੀਆਂ ਦੇ 'ਤਬਕਾਤੀ ਮੰਗਾਂ' ਦੇ ਧਾਰਮਿਕ ਰੰਗ ਵਾਲੇ ਮੋਰਚੇ ਵਿਚ ਕਿੰਝ ਆ ਜਾਂਦੇ? ਕੀ ਅਜਿਹਾ ਸਵਾਲ ਗੁਰਬਚਨ ਸਿੰਘ ਵਰਗੇ ਸਿੱਖ ਚਿੰਤਕਾਂ ਨੂੰ ਨਹੀਂ ਪੁੱਛਿਆ ਜਾਣਾ ਚਾਹੀਦਾ? ਕੀ ਅਜਿਹੇ ਸਵਾਲਾਂ ਨੂੰ ਸੰਬੋਧਨ ਹੋਣਾ ਹਰ ਉਸ ਪੰਜਾਬੀ ਦਾ ਨੈਤਿਕ ਫਰਜ਼ ਨਹੀਂ ਬਣਦਾ ਜੋ ਪੰਜਾਬ ਲਈ ਫਿਕਰਮੰਦ ਹੈ; ਖਾਸਕਰ ਜਿਨ੍ਹਾਂ ਨੇ '84 ਦਾ ਸੰਤਾਪ ਹੰਢਾਇਆ ਸੀ, ਭਾਵੇਂ ਉਹ ਕਿਸੇ ਵੀ ਧਰਮ, ਜਾਤ, ਫ਼ਿਰਕੇ ਨਾਲ ਸਬੰਧਤ ਹੋਵੇ? ਕਹਿਣ ਨੂੰ ਇਹ ਮੋਰਚਾ ਸ਼ਾਂਤਮਈ ਸੀ ਪਰ ਕੀ ਸ਼ਾਂਤਮਈ ਲੜਾਈਆਂ ਇਸ ਤਰ੍ਹਾਂ ਲੜੀਆਂ ਜਾਂਦੀਆਂ ਹਨ?'



ਸ. ਹਰਚਰਨ ਸਿੰਘ ਪਰਹਾਰ ਦਾ ਇਹ ਸੁਆਲ ਅਹਿਮ ਤੇ ਵਾਜਿਬ ਹੈ। ਪਰ ਇਸ ਸੁਆਲ ਦਾ ਜੁਆਬ ਪੰਜਾਬ (ਸਿੱਖ ਲਹਿਰ), ਬਰਤਾਨਵੀ ਸਾਮਰਾਜ ਅਤੇ ਆਲਮੀ ਕਮਿਊਨਿਸਟ ਲਹਿਰ ਦੇ ਇਤਿਹਾਸਕ ਪਿਛੋਕੜ ਵਿਚੋਂ ਲੱਭਿਆ ਜਾ ਸਕਦਾ ਹੈ।

**ਗੁਰਬਚਨ ਸਿੰਘ**
**ਫੋਨ: +91-98156-98451**

ਕਮਿਊਨਿਸਟ ਲਹਿਰ ਦੀ ਸਿਧਾਂਤ ਤੇ ਅਮਲ ਦੇ ਖੇਤਰ ਵਿਚ ਕੀਤੀ ਗਈ ਹੁਣ ਤਕ ਦੀ ਪੜਚੋਲ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮਾਰਕਸ ਦੀ ਤਰਕ-ਵਿਧੀ ਅਤੇ ਉਸਦੇ ਕਮਿਊਨਿਸਟ ਸੰਕਲਪਾਂ ਨੂੰ ਗਹਿਰਾਈ ਨਾਲ ਸਮਝਿਆ ਹੀ ਨਹੀਂ ਗਿਆ। ਕਮਿਊਨਿਸਟ ਲਹਿਰ ਦਾ ਇਤਿਹਾਸ ਦੱਸਦਾ ਹੈ ਕਿ ਮਾਰਕਸ ਦੇ ਬਹੁਤੇ ਪੈਰੋਕਾਰਾਂ ਨੇ ਉਸ ਨੂੰ ਅਧੂਰੇ ਅਤੇ ਮਸ਼ੀਨੀ ਢੰਗ ਨਾਲ ਸਮਝਿਆ। ਸਿੱਟੇ ਵਜੋਂ ਉਹ ਕੁਰਾਹੇ ਪੈ ਕੇ ਬੜੇ ਖਤਰਨਾਕ ਉਲਟ ਇਨਕਲਾਬੀ ਵਿਚਾਰਧਾਰਕ ਸਿੱਟਿਆਂ ਅਤੇ ਅਮਲ ਵੱਲ ਉਲਰ ਗਏ। ਇਸੇ ਉਲਾਰਪੁਣੇ ਦਾ ਸਿੱਟਾ ਰੂਸ ਅਤੇ ਪੱਛਮੀ ਸਾਮਰਾਜ ਵਿਚਕਾਰ ਯੂਕਰੇਨ ਅੰਦਰ ਲੜੀ ਜਾ ਰਹੀ ਜੰਗ ਹੈ।

ਮਾਰਕਸ ਨੂੰ ਇਸ ਗੱਲ ਦਾ ਪਹਿਲਾਂ ਹੀ ਖਦਸ਼ਾ ਸੀ, ''ਅਸੀਂ ਪੂਰੀ ਦ੍ਰਿੜ੍ਹਤਾ ਨਾਲ ਇਸ ਗੱਲ ਦੇ ਕਾਇਲ ਹਾਂ ਕਿ (ਕਮਿਊਨਿਸਟ ਲਹਿਰ ਨੂੰ) ਅਸਲੀ ਖਤਰਾ ਅਮਲੀ ਯਤਨਾਂ ਤੋਂ ਨਹੀਂ ਸਗੋਂ ਕਮਿਊਨਿਸਟ ਸੰਕਲਪਾਂ ਨੂੰ ਸਿਧਾਂਤਕ ਤੌਰ ਉਤੇ ਲਾਗੂ ਕਰਨ ਦਾ ਹੈ। ਕਿਉਂਕਿ ਅਮਲੀ ਯਤਨ, ਇੱਥੋਂ ਤਕ ਕਿ ਵਸੀਹ ਲੋਕ ਯਤਨ ਵੀ ਜਦੋਂ ਖਤਰਨਾਕ ਬਣਦੇ ਹਨ, ਤਾਂ ਉਨ੍ਹਾਂ ਦਾ ਜੁਆਬ ਤੋਪਾਂ ਨਾਲ ਦਿੱਤਾ ਜਾ ਸਕਦਾ ਹੈ, ਪਰ ਜਿਹੜੇ ਸੰਕਲਪ ਸਾਡੀ ਬੌਧਿਕਤਾ ਨੂੰ ਜਿਤ ਲੈਣ ਅਤੇ ਸਾਡੇ ਦ੍ਰਿਸ਼ਟੀਕੋਣ ਨੂੰ ਕਾਬੂ ਕਰ ਲੈਣ, ਜਿਨ੍ਹਾਂ ਦਾ ਤਰਕ ਸਾਡੀ ਅੰਤਰ-ਆਤਮਾ (ਚੇਤੰਨ ਸੋਚ) ਨੂੰ ਜਕੜ ਲਵੇ, ਇਹੋ ਜਿਹੀਆਂ ਬੇੜੀਆਂ ਹਨ, ਜਿਹੜੀਆਂ ਟੁੱਟੇ ਹੋਏ ਦਿਲ ਤੋਂ ਬਿਨਾਂ ਆਪਣੇ-ਆਪ ਖਹਿੜਾ ਨਹੀਂ ਛੱਡਦੀਆਂ। ਇਹ ਸੰਕਲਪ ਇਹੋ ਜਿਹੇ ਦੈਂਤ ਹਨ, ਜਿਨ੍ਹਾਂ ਤੋਂ ਮਨੁੱਖ ਉਨ੍ਹਾਂ ਸਾਹਮਣੇ ਸਿਰਫ ਹਥਿਆਰ ਸੁੱਟ ਕੇ ਹੀ ਆਪਣਾ ਖਹਿੜਾ ਛੁਡਾ ਸਕਦਾ ਹੈ।'' (ਮਾਰਕਸ, ਸਮੂਹਿਕ ਲਿਖਤਾਂ, ਜਿਲਦ 1, ਸਫਾ 220-21)

ਪਹਿਲੀ ਸੰਸਾਰ ਜੰਗ ਵਿਚ ਕਮਿਊਨਿਸਟ ਲਹਿਰ ਤੋਂ ਭਗੌੜੇ ਹੋਏ ਕੌਟਸਕੀ ਦੇ ਚੇਲੇ ਬਾਲਕਿਆਂ ਨੇ ਇਕ ਅਸਲੋਂ ਹੀ ਗਲਤ ਧਾਰਨਾ ਕਮਿਊਨਿਸਟਾਂ ਦੀ ਚੇਤਨਾ ਵਿਚ ਵਸਾ ਦਿੱਤੀ ਕਿ ਜਾਗੀਰਦਾਰੀ ਤੋਂ ਬਾਅਦ ਪੂੰਜੀਵਾਦ ਦਾ ਦੌਰ ਸ਼ੁਰੂ ਹੁੰਦਾ ਹੈ ਤੇ ਪੂੰਜੀਵਾਦ ਨੇ ਆਪਣੇ ਉਚਤਮ ਪੜਾਅ ਸਾਮਰਾਜ ਵਿਚ ਵਿਕਸਿਤ ਹੋ ਕੇ ਹੀ ਸਮਾਜਵਾਦੀ ਸਮਾਜ ਲਈ ਹਾਲਤਾਂ ਪੈਦਾ ਕਰਨੀਆ ਹਨ। ਇਸ ਲਈ ਪਛੜੇ ਮੁਲਕਾਂ ਵਿਚ ਜਾਗੀਰਦਾਰੀ ਤੋਂ ਬਾਅਦ ਪੂੰਜੀਵਾਦੀ ਪੈਦਾਵਾਰੀ ਤਾਕਤਾਂ ਦਾ ਵਿਕਾਸ ਕਰਨਾ ਕਮਿਊਨਿਸਟਾਂ ਦਾ ਮੁੱਖ ਕੰਮ ਹੈ। ਇਸ ਗਲਤ ਧਾਰਨਾ ਨੇ ਕਮਿਊਨਿਸਟਾਂ ਨੂੰ ਪੂੰਜੀਵਾਦ ਤੇ ਅਜੋਕੇ ਯੁੱਗ ਵਿਚ ਇਸ ਦੇ ਵਿਰਾਟ ਰੂਪ ਸਾਮਰਾਜੀ ਮਾਲੀ ਪੂੰਜੀ ਦੇ ਪ੍ਰਸ਼ੰਸਕ ਤੇ ਭੁੱਖੇ ਬਣਾ ਦਿੱਤਾ। ਉਹ ਸਾਮਰਾਜੀ ਰਾਜਪ੍ਰਬੰਧ ਤੇ ਸਾਮਰਾਜੀ ਖਪਤਕਾਰੀ ਤਰਜੇ ਜ਼ਿੰਦਗੀ ਦੇ ਪੈਰੋਕਾਰ ਬਣ ਗਏ। ਉਨ੍ਹਾਂ ਦੀ ਚੇਤਨਾ ਵਿਚ ਇਹ ਧਾਰਨਾ ਵਸੀ ਹੋਈ ਹੈ ਕਿ ਹੋਰ ਵਧੇਰੇ ਪੂੰਜੀਵਾਦੀ ਵਿਕਾਸ ਤੋਂ ਬਿਨਾਂ ਸਾਰੇ ਲੋਕਾਂ ਦੀਆਂ ਪਦਾਰਥਕ ਲੋੜਾਂ ਪੂਰੀਆਂ ਨਹੀਂ ਹੋ ਸਕਦੀਆਂ। ਏਸੇ ਹੀ ਗਲਤ ਧਾਰਨਾ ਨੇ ਨੇਪਾਲ ਦੀ ਮਾਓਵਾਦੀ ਕਮਿਊਨਿਸਟ ਪਾਰਟੀ ਨੂੰ ਹੁਣ ਦੀ ਤਰਸਯੋਗ ਹਾਲਤ ਵਿਚ ਪੁਚਾਇਆ ਹੈ।

ਆਪਣੀ ਸਾਰੀ ਉਮਰ ਮਾਰਕਸ ਤੇ ਏਂਗਲਜ਼ ਬਾਹਰਮੁਖੀ ਹਾਲਤਾਂ ਦੀ ਉਪਜ ਕਿਰਤੀ ਜਮਾਤ ਦੇ ਸੰਘਰਸ਼ਾਂ ਨਾਲ ਕਮਿਊਨਿਸਟ ਚੇਤਨਾ ਦਾ ਸੁਮੇਲ ਕਰਨ ਦੇ ਨਿਰੰਤਰ ਯਤਨ ਕਰਦੇ ਰਹੇ। ਪਰ ਜਦੋਂ ਰੂਸੀ ਕਮਿਊਨਿਸਟਾਂ ਦੇ ਹੱਥ ਹਕੂਮਤ ਆਈ ਤਾਂ ਇਹ ਕਾਰਜ ਵਿਸਰ ਗਿਆ। ਇੱਥੋਂ ਹੀ ਪੂੰਜੀਵਾਦੀ ਆਪ-ਮੁਹਾਰਿਤਾ ਅਤੇ ਸੁਚੇਤ ਕਮਿਊਨਿਸਟ ਅਗਵਾਈ ਵਿਚ ਪਾੜ ਪੈ ਗਿਆ। ਆਪ-ਮੁਹਾਰੇ ਲੋਕ ਤਾਂ ਆਤਮਿਕ ਪੱਖੋਂ ਕੰਗਾਲ ਅਤੇ ਉਜੜ ਪਦਾਰਥਵਾਦ ਤਕ ਹੀ ਪਹੁੰਚ ਸਕਦੇ ਹਨ, ਕਮਿਊਨਿਸਟ ਚੇਤਨਾ ਤਕ ਨਹੀਂ। ਖਾਸ ਕਰਕੇ ਉਦੋਂ, ਜਦੋਂ ਧਰਮ ਦਾ ਕੱਟੜ ਵਿਰੋਧ ਮਨੁੱਖੀ ਚੇਤਨਾ ਵਿਚ ਕਿਸੇ ਕਲਪਿਤ ਰੱਬ ਦੀ ਥਾਂ ਜੀਵੰਤ ਕੁਦਰਤ ਨੂੰ ਦਿੱਤੇ ਬਗੈਰ ਹੋ ਰਿਹਾ ਹੋਵੇ। ਇਹੀ ਘਾਟ ਚੀਨੀ ਕਮਿਊਨਿਸਟ ਪਾਰਟੀ ਦੀ ਰਹੀ। ਮਾਓ-ਜੇ-ਤੁੰਗ ਨੇ 'ਮਹਾਨ ਕਿਰਤੀ ਸਭਿਆਚਾਰਕ ਇਨਕਲਾਬ' ਦੇ ਰੂਪ ਵਿਚ ਇਸ ਘਾਟ ਨੂੰ ਪੂਰਾ ਕਰਨ ਦੇ ਯਤਨ ਕੀਤੇ ਪਰ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਕਮਿਊਨਿਸਟ ਖੁਦ ਹੀ ਸਾਮਰਾਜੀ ਖਪਤਕਾਰੀ ਦੇ ਵਹਿਸ਼ੀ ਜਾਲ ਵਿਚ ਫਸ ਗਏ। ਸਾਮਰਾਜੀ ਰੂਸ, ਚੀਨ ਅਤੇ ਇਹ ਤੀਜੀ ਸੰਸਾਰ ਸਾਮਰਾਜੀ ਜੰਗ ਇਸੇ ਦਾ ਸਿੱਟਾ ਹੈ।

ਗੁਰਮਤਿ ਨਾਲ ਵੀ ਕੁਝ ਇਵੇਂ ਹੀ ਵਾਪਰਿਆ ਹੈ। ਸਿੱਖਾਂ ਦੀ ਮੌਜੂਦਾ ਧਾਰਮਿਕ-ਸਮਾਜੀ-ਰਾਜਸੀ ਮੰਦਹਾਲੀ ਦਾ ਮੁੱਖ ਕਾਰਨ ਸਿੰਘ ਸਭਾ ਲਹਿਰ ਵੇਲੇ ਸਿੱਖੀ ਦੀ ਵਿਆਖਿਆ ਕਰਦਿਆਂ 'ਹਮ ਹਿੰਦੂ ਨਹੀਂ', ਦਾ ਘੜਿਆ ਗਿਆ ਨਕਾਰੀ ਬਿਰਤਾਂਤ (ਨੈਰੇਟਿਵ) ਹੈ। ਜਦੋਂ ਸੋਚ ਦੀ ਨੀਂਹ ਗਲਤ ਰੱਖ ਦਿੱਤੀ ਜਾਏ, ਤਾਂ ਇਮਾਰਤ ਦੀ ਉਸਾਰੀ ਠੀਕ ਕਿਵੇਂ ਹੋ ਸਕਦੀ ਹੈ। ਸਿੱਖੀ ਦੇ ਇਸ ਨਕਾਰੀ ਬਿਰਤਾਂਤ ਨੇ ਗੁਰਮਤਿ ਫਿਲਾਸਫੀ ਦਾ ਕਬਾੜਾ ਕਰ ਦਿੱਤਾ ਹੈ। ਅਜੋਕੇ ਪ੍ਰਸੰਗ ਵਿਚ ਇਹ ਧਾਰਨਾ ਨਾ ਸਿਰਫ ਗੁਰਮਤਿ ਨੂੰ ਛੁਟਿਆਉਣ ਦਾ ਕਾਰਨ ਬਣ ਰਹੀ ਹੈ ਬਲਕਿ ਇਸ ਨੇ ਪੰਜਾਬ ਵਿਚ ਇਕ ਅਜਿਹਾ ਸਮਾਜੀ ਤੇ ਰਾਜਸੀ ਮਾਹੌਲ ਸਿਰਜਿਆ ਹੈ, ਜਿਸ ਨੇ ਦੋ ਪੰਜਾਬੀ ਭਾਈਚਾਰਿਆਂ ਨੂੰ ਇਕ-ਦੂਜੇ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ ਹੈ ਅਤੇ ਤੀਜੇ ਭਾਈਚਾਰੇ ਦੀ ਹੋਂਦ ਨੂੰ ਗ੍ਰਹਿਣ ਲਾ ਦਿੱਤਾ ਹੈ। ਜੂਨ 1984 ਵਿਚ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਨੇ ਸਿੱਖ ਮਨਾਂ ਵਿਚ ਇਹ ਬਿਰਤਾਂਤ ਹੋਰ ਵੀ ਪੀਡਾ ਕਰ ਦਿੱਤਾ ਹੈ। ਦਰਅਸਲ ਇਹ ਸਿੱਖੀ ਦੀ ਵਿਆਖਿਆ ਦਾ ਨਕਾਰੀ ਬਿਰਤਾਂਤ ਹੈ।

ਸਿੱਖੀ ਕਿਸੇ ਵੀ ਭਾਈਚਾਰੇ ਜਾਂ ਧਰਮ ਦੇ ਵਿਰੋਧ ਜਾਂ ਨਿਖੇਧ ਵਿਚ ਪ੍ਰਗਟ ਨਹੀਂ ਹੋਈ। ਗੁਰੂ ਦੇ ਸਿੱਖ ਦੀ ਮਨੁੱਖੀ ਹੋਂਦ ਬ੍ਰਹਿਮੰਡੀ ਹੈ। ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ਇਸੇ ਕਰਕੇ ਸਿੱਖ ਇਕ ਅਕਾਲ ਦਾ ਪੁਜਾਰੀ ਹੈ। ਇਸੇ ਕਰਕੇ ਉਹ ਹਰ ਵੇਲੇ ਸਰਬੱਤ ਦੇ ਭਲੇ ਤੇ ਸਰਬ-ਸਾਂਝੀਵਾਲਤਾ ਦੀ ਅਰਦਾਸ ਕਰਦਾ ਹੈ। ਇਹ ਪਛਾਣ ਧਰਤੀ ਦੇ ਕਿਸੇ ਇਕ ਖਿੱਤੇ ਨਾਲ ਬੱਝੀ ਹੋਈ ਨਹੀਂ ਬਲਕਿ ਸੰਸਾਰ ਭਰ ਦੇ ਲੋਕਾਂ ਦੀ ਆਤਮਿਕ ਮੁਕਤੀ ਵਾਸਤੇ ਸੰਘਰਸ਼ਸ਼ੀਲ ਹੋਣ ਲਈ ਵਚਨਬੱਧ ਹੈ।

'ਆਪ ਮੁਕਤੁ ਮੁਕਤੁ ਕਰੈ ਸੰਸਾਰ' ਦੇ ਸਰਬ-ਵਿਆਪੀ ਨਿਸ਼ਾਨੇ ਨੂੰ ਮੁੱਖ ਰੱਖ ਕੇ ਸਿਰਜਿਆ ਪੰਥ ਜਦੋਂ ਆਪਣੀ ਹੋਂਦ ਦਾ ਨਿਰਣਾ 'ਹਮ ਹਿੰਦੂ ਨਹੀਂ ਹੈਂ' ਦੇ ਬਿਰਤਾਂਤ ਵਿਚੋਂ ਕਰਦਾ ਹੈ, ਤਾਂ ਇਹ ਸਾਰਾ ਕੁਝ ਰਲਗੱਡ ਕਰ ਦੇਂਦਾ ਹੈ। ਸਿੱਖ ਪੰਥ ਵਿਚ ਪੱਸਰੀ ਮੌਜੂਦਾ ਨਿਰਾਸ਼ਾ ਤੇ ਹੀਣ ਭਾਵਨਾ ਦਾ ਇਕ ਕਾਰਨ ਇਹ ਬਿਰਤਾਂਤ ਵੀ ਹੈ। ਕਿਉਂਕਿ ਇਸ ਬਿਰਤਾਂਤ ਅਨੁਸਾਰ ਜਦੋਂ ਸਿੱਖ ਆਪਣਾ ਮੁਕਾਬਲਾ ਹਿੰਦੂ ਭਾਈਚਾਰੇ ਦੀ ਭਾਰੀ ਗਿਣਤੀ ਨਾਲ ਕਰਦੇ ਹਨ ਤੇ ਉਨ੍ਹਾਂ ਦੇ ਮੁਕਾਬਲੇ ਆਪਣੇ ਆਪ ਨੂੰ ਬਹੁਤ ਘੱਟ ਗਿਣਤੀ ਵਿਚ ਵੇਖਦੇ ਹਨ, ਤਾਂ ਉਹ ਸਹਿਮ ਜਾਂਦੇ ਹਨ। ਉਹ ਆਪਣੇ-ਆਪ ਨੂੰ ਹਿੰਦੂ ਬਹੁ-ਗਿਣਤੀ ਦੀ ਕੁੜਿੱਕੀ ਵਿਚ ਫਸਿਆ ਹੋਇਆ ਮਹਿਸੂਸ ਕਰਦੇ ਹਨ। ਜਦੋਂ ਕਿ ਸਿੱਖ ਪੰਥ ਦੀ ਤਾਕਤ ਗਿਣਤੀ ਨਹੀਂ ਸਗੋਂ ਗੁਰਮਤਿ ਵਿਚ ਦਰਜ ਆਤਮਿਕ ਗਿਆਨ ਹੈ, ਜਿਹੜਾ ਮਾੜੀਆਂ ਤੋਂ ਮਾੜੀਆਂ ਹਾਲਤਾਂ ਵਿਚ ਵੀ ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀਕਲ੍ਹਾ ਦਾ ਜਜ਼ਬਾ ਭਰੀ ਰੱਖਦਾ ਹੈ।

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਬਾਅਦ ਹਿੰਦੂ-ਮੁਸਲਮਾਨ ਬਿਰਤਾਂਤ ਬਦਲ ਚੁੱਕਾ ਹੈ। ਇਸ ਬਿਰਤਾਂਤ ਨੂੰ ਅੰਗਰੇਜ਼ ਸਾਮਰਾਜੀਆਂ ਨੇ ਵਿਗਾੜਿਆ ਅਤੇ ਸਿੰਘ ਸਭਾਈਆਂ ਦੀ ਇਕ ਧਿਰ ਨੇ ਉਨ੍ਹਾਂ ਦਾ ਸਾਥ ਦਿੱਤਾ। ਗੁਰਮਤਿ ਦਾ ਇਹ ਗਿਆਨ ਆਪਣੇ ਤੋਂ ਪਹਿਲੀ ਸਾਰੀ ਮਨੁੱਖੀ ਸਿਆਣਪ ਨੂੰ ਆਪਣੇ ਵਿਚ ਆਤਮਸਾਤ ਕਰ ਕੇ ਹੋਂਦ ਵਿਚ ਆਇਆ ਹੈ। ਇਸ ਗਿਆਨ ਵਿਚ ਆਪਣੇ ਤੋਂ ਪਹਿਲੇ ਵਿਕਸਿਤ ਹੋਏ ਸਾਰੇ ਧਰਮਾਂ ਦਾ ਆਤਮਿਕ ਗਿਆਨ ਸ਼ਾਮਲ ਹੈ। ਇਸ ਗਿਆਨ ਨੂੰ ਨਕਾਰ ਕੇ ਇਸ ਤੋਂ ਪਹਿਲੀ ਕਿਸੇ ਵੀ ਫਿਲਾਸਫੀ ਦੀ ਅਜੋਕੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਸਿੱਖ ਹਿੰਦੂ ਨਹੀਂ ਜਾਂ ਸਿੱਖ ਮੁਸਲਮਾਨ ਨਹੀਂ, ਤਾਂ ਅਸੀਂ ਨਾ ਸਿਰਫ ਗੁਰਮਤਿ ਨੂੰ ਛੁਟਿਆ ਰਹੇ ਹੁੰਦੇ ਹਾਂ ਬਲਕਿ ਮਨੁੱਖ ਜਾਤੀ ਨੂੰ ਗੁਰਮਤਿ ਨੇ ਜੋ ਨਵਾਂ ਆਤਮਿਕ ਗਿਆਨ ਦਿੱਤਾ ਹੈ, ਉਸ ਨੂੰ ਵੀ ਅਣਗੌਲਿਆ ਕਰ ਰਹੇ ਹੁੰਦੇ ਹਾਂ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਹਮ ਹਿੰਦੂ ਨਹੀਂ' ਦਾ ਪਿਛੋਕੜ ਇਕ ਸਿੱਖ ਆਰੀਆ ਸਮਾਜੀ ਜਗਤ ਸਿੰਘ ਵਲੋਂ 'ਰਿਸਾਲਾ ਸਤ ਪ੍ਰਕਾਸ਼' ਵਿਚ ਛਪੀ ਇਕ ਲਿਖਤ ਸੀ। ਜਿਸ ਵਿਚ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਸਿੱਖ ਧਰਮ ਆਰੀਆ ਸਮਾਜੀ ਲਹਿਰ ਦਾ ਇਕ ਪੁਰਾਤਨ ਰੂਪ ਹੈ। ਆਰੀਆ ਸਮਾਜੀ ਬਾਵਾ ਨਾਰਾਇਣ ਸਿੰਘ ਤੇ ਲਾਲਾ ਠਾਕਰ ਦਾਸ ਨੇ - 'ਸਿੱਖ ਹਿੰਦੂ ਹੈਂ' ਲਿਖ ਕੇ ਜਗਤ ਸਿੰਘ ਦੇ ਇਸ ਕਥਨ ਦੀ ਹਾਮੀ ਭਰੀ। ਇਸ ਲਿਖਤ ਦੇ ਜੁਆਬ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ 'ਹਮ ਹਿੰਦੂ ਨਹੀਂ ਹੈਂ' ਲਿਖੀ। ਇਹ ਲਿਖਤ ਉਸ ਖਾਸ ਮੌਕੇ ਦੀ ਦੇਣ ਸੀ, ਜਦੋਂ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਆਪੋ ਆਪਣੀ ਗਿਣਤੀ ਵਧਾਉਣ ਦੀ ਹੋੜ ਲੱਗੀ ਹੋਈ ਸੀ। ਪੰਜਾਬ ਵਿਚ ਅੰਗਰੇਜ਼ ਸਾਮਰਾਜੀਆਂ ਦੇ ਆਉਣ ਨਾਲ ਪੱਛਮੀ ਜਮਹੂਰੀਅਤ ਦਾ ਸੰਕਲਪ ਲੋਕ-ਮਨਾਂ ਵਿਚ ਆਪਣੀਆ ਜੜ੍ਹਾਂ ਜਮਾਉਣ ਲੱਗਾ ਸੀ ਤੇ ਜਿਸਦੇ ਲਾਜ਼ਮੀ ਸਿੱਟੇ ਵਜੋਂ ਗੁਣਾਂ ਦੀ ਬਜਾਇ ਸਿਰਾਂ ਦੀ ਗਿਣਤੀ ਜ਼ੋਰ ਫੜ ਰਹੀ ਸੀ। ਇਸ ਬਹੁਗਿਣਤੀ-ਘੱਟਗਿਣਤੀ ਦੀ 'ਸੋਚ' ਨੇ ਆਪਣੀ ਆਪਣੀ ਗਿਣਤੀ ਵਧਾਉਣ ਦੀ ਹੋੜ ਨੂੰ ਹੋਰ ਤੇਜ਼ ਕੀਤਾ।



ਪੰਜਾਬੀ ਹਿੰਦੂਆਂ ਦੀ ਇਕ ਨਵੀਂ, ਆਧੁਨਿਕ ਧਾਰਮਿਕ ਪ੍ਰੰਪਰਾ ਸਿਰਜਣ ਦੇ ਯਤਨਾਂ ਨੇ ਉਨ੍ਹਾਂ ਦੇ ਆਪਣੇ ਸਨਾਤਨੀ ਭਾਈਚਾਰੇ ਤਕ ਸੀਮਤ ਨਾ ਰਹਿ ਕੇ ਪੰਜਾਬ ਅੰਦਰਲੇ ਬਾਕੀ ਭਾਈਚਾਰਿਆਂ - ਮੁਸਲਮਾਨਾਂ ਤੇ ਸਿੱਖਾਂ - ਨਾਲ ਉਨ੍ਹਾਂ ਦੇ ਰਿਸ਼ਤਿਆਂ ਨੂੰ ਵੀ ਬਦਲ ਦਿੱਤਾ। ਇਕ ਅੰਗਰੇਜ਼ੀ ਪੜ੍ਹਿਆ ਲਿਖਿਆ ਸ੍ਰੇਸ਼ਠ ਹਿੰਦੂ ਵਰਗ ਹੋਂਦ ਵਿਚ ਆਇਆ। ਇਹ ਵਰਗ ਸਤਾਨਤੀ ਹਿੰਦੂ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਤੋਂ ਟੁੱਟਿਆ ਹੋਇਆ ਤੇ ਹਿੰਦੂ ਸਮਾਜ ਦੇ ਬਾਹਰਲੇ ਹਾਸ਼ੀਏ ਉਤੇ ਬੈਠਾ ਹੋਇਆ ਸੀ। ਇਸ ਵਰਗ ਨੇ ਪੁਰਾਣੇ ਸੰਸਾਰ ਦੀ ਨਵੀਂ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਤੇ ਇਸ ਤਰ੍ਹਾਂ ਕਰਦਿਆਂ ਨਵਾਂ ਵਿਚਾਰਧਾਰਕ ਸੋਚ ਪ੍ਰਬੰਧ ਸਿਰਜਿਆ। ਜਿਸਦਾ ਮੰਤਵ ਬੀਤੇ ਤੇ ਵਰਤਮਾਨ ਦੀ ਨਵੀਂ ਵਿਆਖਿਆ ਕਰਨਾ ਤੇ ਭਵਿੱਖ ਲਈ ਨਵਾਂ ਦ੍ਰਿਸ਼ਟੀਕੋਣ ਸਿਰਜਣਾ ਸੀ। ਪੁਰਾਣੇ ਵਿਚਾਰਾਂ ਦੀ ਨਵੀਂ ਵਿਆਖਿਆ, ਵਿਸਥਾਰ ਅਤੇ ਪ੍ਰਚਾਰ ਨੇ ਜਿੱਥੇ ਸਮੂਹਿਕ ਚੇਤਨਾ ਪੈਦਾ ਕੀਤੀ, ਉਥੇ ਇਸ ਵਰਗ ਵਿਚ ਆਪਣੇ ਨਿਵੇਕਲੇਪਣ ਦਾ ਅਹਿਸਾਸ ਵੀ ਪੈਦਾ ਕੀਤਾ ਅਤੇ ਇਨ੍ਹਾਂ ਨਵੇਂ ਵਿਸ਼ਵਾਸਾਂ ਨੂੰ ਮੰਨਣ ਤੇ ਨਾ ਮੰਨਣ ਵਾਲੇ ਵਰਗਾਂ ਵਿਚਕਾਰ ਇਕ ਦੂਰੀ ਵੀ ਪੈਦਾ ਕੀਤੀ।

ਆਪਣੀ ਪਛਾਣ ਦੀ ਮੁੜ-ਵਿਆਖਿਆ ਦੇ ਇਸ ਵਰਤਾਰੇ ਨੇ ਉਨੀਵੀਂ ਸਦੀ ਦੇ ਪਿਛਲੇ ਦਹਾਕਿਆਂ ਅੰਦਰ, ਪੰਜਾਬ ਵਿਚ ਇਕ ਐਸੀ ਹਲਚਲ ਮਚਾਈ ਕਿ ਇਸ ਨਾਲ ਵਧੇ ਵਿਚਾਰਧਾਰਕ ਤੇ ਧਾਰਮਿਕ ਤਣਾਅ ਨੇ ਸਾਰੇ ਧਾਰਮਿਕ ਭਾਈਚਾਰਿਆਂ ਵਿਚਕਾਰ ਬਹਿਸਾਂ ਦੇ ਮਾਹੌਲ ਨੂੰ ਭਖਾ ਦਿੱਤਾ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਆਪੋ-ਆਪਣੇ ਧਾਰਮਿਕ ਸੰਕਲਪਾਂ ਨੂੰ ਸਾਹਮਣੇ ਲਿਆਉਣਾ ਆਰੰਭ ਕੀਤਾ, ਜਿਸਨੇ ਦੂਜੇ ਭਾਈਚਾਰਿਆਂ ਨਾਲ ਤੇ ਆਪਣੇ ਭਾਈਚਾਰੇ ਅੰਦਰਲੇ ਵਿਚਾਰਧਾਰਕ ਸੰਘਰਸ਼ ਨੂੰ ਹੋਰ ਤੇਜ਼ ਕੀਤਾ। ਇਸ ਵਰਤਾਰੇ ਨੇ ਪੰਜਾਬੀ ਧਾਰਮਿਕ ਭਾਈਚਾਰਿਆਂ ਵਿਚਲੇ ਰਿਸ਼ਤੇ ਸਥਾਈ ਰੂਪ ਵਿਚ ਬਦਲ ਦਿੱਤੇ। ਇਸ ਤੋਂ ਵੀ ਵਧੇਰੇ ਬੁਨਿਆਦੀ ਤਬਦੀਲੀ ਇਹ ਵਾਪਰੀ ਕਿ ਇਸਨੇ ਬਹੁਤ ਸਾਰੇ ਸਮੂਹਾਂ ਅੰਦਰਲੇ ਆਪਣੇ ਧਾਰਮਿਕ ਸੰਕਲਪਾਂ ਨੂੰ ਵੀ ਬਦਲ ਦਿੱਤਾ। ਅੰਗਰੇਜ਼ੀ ਪੜ੍ਹੇ-ਲਿਖੇ ਤੇ ਪੂੰਜੀਵਾਦੀ ਸਾਮਰਾਜੀ ਆਰਥਿਕ ਰਿਸ਼ਤਿਆਂ ਦੀ ਬਦੌਲਤ ਨਵੇਂ-ਨਵੇਂ ਅਮੀਰ ਬਣੇ ਇਸ ਸ੍ਰੇਸ਼ਠ ਹਿੰਦੂ ਵਰਗ ਰਾਹੀਂ ਪੰਜਾਬ ਅੰਦਰ ਪਹਿਲਾਂ ਬ੍ਰਹਮੋ ਸਮਾਜ ਤੇ ਫਿਰ ਆਰੀਆ ਸਮਾਜ ਦੀ ਆਮਦ ਹੋਈ। ਆਰੀਆ ਸਮਾਜ ਦੀ ਆਮਦ ਨੇ ਪੰਜਾਬ ਅੰਦਰ ਹਿੰਦੂ-ਸਿੱਖ ਤੁਫਰਕਾ ਪੈਦਾ ਕੀਤਾ, ਜਿਸ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਕੀਤਾ ਹੈ।

ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਕਥਨ ਅਨੁਸਾਰ ਪੰਜਾਬ ਅੰਦਰ ਹਿੰਦੂ-ਸਿੱਖ ਤਣਾਅ ਦਾ ਆਰੰਭ ਆਰੀਆ ਸਮਾਜ ਦੇ ਆਉਣ ਨਾਲ ਹੋਇਆ। 'ਪੰਜਾਬ ਬੀਤਿਆ ਤੇ ਵਰਤਮਾਨ' ਦੇ ਅਕਤੂਬਰ 1977 ਦੇ ਅੰਕ ਵਿਚ ਉਨ੍ਹਾਂ ਨੇ ਇਸ ਦੀ ਜਾਣਕਾਰੀ ਦਿੱਤੀ ਹੈ, ''ਸਿੱਖ ਰਾਜ ਤੋਂ ਲੈ ਕੇ ਪਿਛਲੀ (19ਵੀਂ) ਸਦੀ ਦੇ ਅੱਧ ਤਕ ਪੰਜਾਬ ਅੰਦਰ ਹਿੰਦੂ ਸਿੱਖ ਤਣਾਅ ਨਾਂ ਦੀ ਕੋਈ ਚੀਜ਼ ਨਹੀਂ ਸੀ। ... ਇਤਿਹਾਸਕ ਤੌਰ ਉਤੇ ਵੇਖਿਆਂ ਇਸ ਤਣਾਅ ਦਾ ਮੁੱਢ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਵਲੋਂ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ (ਜਿਹੜੀ 1875 ਵਿਚ ਛਪੀ, ਜਿਸ ਸਾਲ 10 ਅਪ੍ਰੈਲ ਨੂੰ ਬੰਬੇ ਵਿਚ ਪਹਿਲੇ ਆਰੀਆ ਸਮਾਜ ਦੀ ਸਥਾਪਨਾ ਹੋਈ) ਗੁਰੂ ਨਾਨਕ ਤੇ ਉਸ ਦੇ ਸ਼ਰਧਾਲੂਆਂ ਪ੍ਰਤੀ ਮਾੜੀ ਭਾਸ਼ਾ ਵਰਤਣ ਕਰਕੇ ਹੋਇਆ।''

ਜੂਨ 1984 ਵਿਚ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਤੋਂ ਬਾਅਦ ਸਿੱਖਾਂ ਦੀ ਵੱਡੀ ਧਿਰ ਆਪਣੀ ਹੋਂਦ ਇਸੇ ਬਿਰਤਾਂਤ ਵਿਚੋਂ ਲੱਭ ਰਹੀ ਹੈ। ਹਿੰਦੂ ਰਾਸ਼ਟਰਵਾਦ ਦੇ ਨਾਅਰੇ ਹੇਠ ਕੇਂਦਰ ਵਿਚ ਨਰਿੰਦਰ ਮੋਦੀ ਦੀ ਸਰਕਾਰ ਬਣਨ ਨਾਲ ਸਿੱਖਾਂ ਦੀ ਇਸ ਧਿਰ ਨੂੰ ਜਾਪਦਾ ਹੈ, ਕਿ ਉਨ੍ਹਾਂ ਦੇ ਮਨਾਂ ਵਿਚ ਬਣੇ ਇਸ ਬਿਰਤਾਂਤ ਦੀ ਪੁਸ਼ਟੀ ਹੋ ਗਈ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ ਗੁਰੂ ਸਾਹਿਬ ਨੇ ਸਿੱਖ ਪੰਥ ਦੀ ਸਿਰਜਣਾ ਇਸ ਤੋਂ ਕਿਤੇ ਵੱਡੇ ਨਿਸ਼ਾਨੇ ਨੂੰ ਮੁੱਖ ਰੱਖ ਕੇ ਕੀਤੀ ਹੈ।

ਇਸ ਲਿਖਤ ਵਿਚ ਹੀ ਦਰਜ ਹੈ - ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾ ਛਾਡੇ ਦੋਊ॥

ਪੰਡਿਤ ਮੁਲਾਂ ਜੋ ਲਿਖ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ (ਭੈਰਉ ਕਬੀਰ ਜੀ)

ਬਾਬੇ ਨੂੰ ਹਾਜੀਆਂ ਨੇ ਪੁੱਛਿਆ, 'ਹੇ ਫਕੀਰ! ਤੂੰ ਹਿੰਦੂ ਹੈ ਕਿ ਮੁਸਲਮਾਨ?' ਤਾਂ ਬਾਬਾ ਬੋਲਿਆ, 'ਮੈਂ ਹਿੰਦੂ ਮੁਸਲਮਾਨ ਦੁਹਾਂ ਦਾ ਗਵਾਹ ਹਾਂ।'' (ਭਾਈ ਮਨੀ ਸਿੰਘ ਜੀ ਗਯਾਨ ਰਤਨਾਵਲੀ)

ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ। (ਰਹਿਤਨਾਮਾ ਭਾਈ ਦਯਾ ਸਿੰਘ)

ਏਨੀ ਸਪੱਸ਼ਟਤਾ ਦੇ ਬਾਵਜੂਦ 120 ਸਾਲ ਬਾਅਦ ਵੀ ਇਹ ਬਿਰਤਾਂਤ ਸਿੱਖ ਮਨਾਂ ਵਿਚ ਆਪਣੀ ਥਾਂ ਬਣਾਈ ਬੈਠਾ ਹੈ। ਇਸ ਧਾਰਨਾ ਨੇ ਪੰਜਾਬ ਦੇ ਦੋ ਭਾਈਚਾਰਿਆਂ ਦੇ ਮਨਾਂ ਵਿਚ ਦਰਾਰ ਪੈਦਾ ਕੀਤੀ ਹੈ ਅਤੇ ਤੀਜਾ ਭਾਈਚਾਰਾ ਸਾਰੇ ਦ੍ਰਿਸ਼ ਵਿਚੋਂ ਹੀ ਅਲੋਪ ਹੋ ਗਿਆ ਹੈ। ਸਿੱਖੀ ਵਿਰੋਧੀ ਧਿਰਾਂ ਨੂੰ ਇਹ ਦਰਾਰ ਰਾਜਸੀ ਤੌਰ ਉਤੇ ਬਹੁਤ ਰਾਸ ਆਉਂਦੀ ਹੈ। ਪਰ ਸਿੱਖਾਂ ਦੀ ਨਾ ਸਿਰਫ ਇਹ ਰਾਜਸੀ ਬਲਕਿ ਸਿਧਾਂਤਕ ਲੋੜ ਹੈ ਕਿ ਉਹ ਮੌਜੂਦਾ ਪ੍ਰਸੰਗ ਵਿਚ ਗੁਰਮਤਿ ਦੇ ਇਸ ਤੋਂ ਵੀ ਕਿਤੇ ਵੱਡੇ ਅਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰਨ। ਗੁਰਮਤਿ ਦੇ ਵੱਡੇ ਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰ ਕੇ ਹੀ ਸਿੱਖ ਪੰਜਾਬ ਨੂੰ ਕੋਈ ਨਵੀਂ ਰਾਜਸੀ ਦਿਸ਼ਾ ਦੇਣ ਦੇ ਯੋਗ ਹੋ ਸਕਦੇ ਹਨ।

ਪੁੱਛਿਆ ਜਾ ਸਕਦਾ ਹੈ ਕਿ ਸਿੱਖਾਂ ਨੂੰ ਇਹ ਬਿਰਤਾਂਤ ਬਦਲਣ ਦੀ ਹੁਣ ਹੀ ਲੋੜ ਕਿਉਂ ਆਣ ਪਈ ਹੈ? ਇਸ ਦਾ ਕਾਰਨ ਦਿੱਲੀ ਵਿਚ ਮੋਦੀ ਸਰਕਾਰ ਦਾ ਬਣਨਾ ਹੈ। ਦੁਨੀਆ ਭਰ ਦੇ ਬਹੁਗਿਣਤੀ ਲੋਕਾਂ ਨੂੰ ਪਤਾ ਹੈ ਕਿ ਮੋਦੀ ਸਰਕਾਰ 'ਹਿੰਦੂ ਰਾਸ਼ਟਰਵਾਦ' ਦੇ ਜਾਅਲੀ ਨਾਹਰੇ ਹੇਠ ਦੇਸ਼ ਭਰ ਦੇ ਲੋਕਾਂ ਨੂੰ ਗੁਮਰਾਹ ਕਰ ਕੇ ਹੋਂਦ ਵਿਚ ਆਈ ਹੈ। ਹਿੰਦੂ ਰਾਸ਼ਟਰਵਾਦ ਦੇ ਸੰਕਲਪ ਦਾ ਕੋਈ ਇਤਿਹਾਸਕ ਆਧਾਰ ਨਹੀਂ ਹੈ ਅਤੇ ਜਿਸ ਸੰਕਲਪ ਦਾ ਕੋਈ ਇਤਿਹਾਸਕ ਆਧਾਰ ਨਾ ਹੋਵੇ, ਉਸਦਾ ਅੰਤ ਯਕੀਨੀ ਹੈ। ਹਿੰਦੂ ਰਾਸ਼ਟਰਵਾਦ ਦਾ ਅਖੌਤੀ ਇਤਿਹਾਸ ਸਿਰਫ ਕੁਝ ਦਹਾਕੇ ਪੁਰਾਣਾ ਹੈ, ਜਦੋਂ ਕਿ ਹਿੰਦੂ ਇਸ ਦੇਸ ਵਿਚ ਹਜ਼ਾਰਾਂ ਸਾਲਾਂ ਤੋਂ ਰਹਿੰਦੇ ਆ ਰਹੇ ਹਨ। ਹਿੰਦੂ ਸ਼ਬਦ ਵੀ ਮਹਿਜ਼ 6-7 ਸੌ ਸਾਲ ਪੁਰਾਣਾ ਹੈ। ਇਹ ਨਾਂ ਵੀ ਇਸ ਦੇਸ ਦੇ ਲੋਕਾਂ ਨੂੰ ਮੁਸਲਮਾਨਾਂ ਨੇ ਦਿੱਤਾ ਹੈ। ਹਿੰਦੂ ਰਾਸ਼ਟਰਵਾਦ 18-19 ਵੀਂ ਸਦੀ ਵਿਚ ਪੱਛਮ ਅੰਦਰ ਪੈਦਾ ਹੋਏ ਕੌਮਵਾਦ ਤੇ 20ਵੀਂ ਸਦੀ ਵਿਚ ਦੂਜੀ ਸੰਸਾਰ ਸਾਮਰਾਜੀ ਜੰਗ ਤੋਂ ਪਹਿਲਾਂ ਜਰਮਨੀ ਵਿਚ ਪੈਦਾ ਹੋਏ ਹਿਟਲਰਵਾਦ ਦਾ ਰਲੇਵਾਂ ਹੈ। ਜਿਵੇਂ ਹਿਟਲਰ ਨੇ ਪੂੰਜੀਵਾਦੀ ਆਰਥਿਕ ਸੰਕਟ ਦੀ ਮਾਰ ਹੇਠ ਆਏ ਜਰਮਨ ਲੋਕਾਂ ਨੂੰ ਸੰਕਟ ਦੇ ਅਸਲ ਕਾਰਨ ਦੱਸਣ ਦੀ ਬਜਾਇ, ਉਨ੍ਹਾਂ ਨੂੰ ਯਹੂਦੀ ਭਾਈਚਾਰੇ ਵਿਰੁੱਧ ਲਾਮਬੰਦ ਕਰ ਕੇ ਸਾਮਰਾਜੀ ਜੰਗ ਦੀ ਭੇਟ ਚੜ੍ਹਾਇਆ ਸੀ, ਐਨ ਉਸੇ ਤਰ੍ਹਾਂ ਅਤੇ ਉਸ ਤੋਂ ਵੀ ਕਿਤੇ ਵੱਡੇ ਆਰਥਿਕ ਅਤੇ ਪ੍ਰਬੰਧਕੀ ਸੰਕਟ ਦੀ ਮਾਰ ਝੱਲ ਰਹੇ ਦੇਸ ਦੇ ਲੋਕਾਂ ਨੂੰ ਮੋਦੀ ਨੇ ਮੁਸਲਮਾਨਾਂ ਵਿਰੁੱਧ ਗੁੰਮਰਾਹ ਕਰਨ ਦਾ ਯਤਨ ਕੀਤਾ ਹੈ। ਜੇ ਇੰਦਰਾ ਗਾਂਧੀ ਦਾ ਹਿੰਦੂ ਰਾਸ਼ਟਰਵਾਦ ਸਿੱਖਾਂ ਵਿਰੁੱਧ ਸੇਧਤ ਸੀ ਤਾਂ ਨਰਿੰਦਰ ਮੋਦੀ ਨੇ ਇਸ ਦੀ ਧਾਰ ਮੁਸਲਮਾਨਾਂ ਵਿਰੁੱਧ ਸੇਧਤ ਕਰ ਦਿੱਤੀ ਹੈ।

ਸਿੱਖਾਂ ਕੋਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕ ਅਜਿਹਾ ਸਿਧਾਂਤ ਮੌਜੂਦ ਹੈ, ਜਿਹੜਾ ਵੈਦਿਕ ਫਿਲਾਸਫੀ ਤੇ ਇਸਲਾਮ ਵਿਚਕਾਰ ਪੁਲ ਦਾ ਕੰਮ ਕਰ ਸਕਦਾ ਹੈ। ਇਸੇ ਕਰਕੇ ਗੁਰੂ ਸਾਹਿਬ ਸਿੱਖੀ ਨੂੰ ਦੋਹਾਂ ਧਰਮਾਂ ਤੋਂ ਨਿਆਰਾ ਤੇ ਦੋਹਾਂ ਧਰਮਾਂ ਵਿਚਲੀ ਕਾਣ ਮੇਟਣ ਵਾਲੇ ਧਰਮ ਵਜੋਂ ਪੇਸ਼ ਕੀਤਾ ਹੈ। ਪੱਛਮ ਵਿਚ ਧਰਮ ਬਾਰੇ ਵਰਤੇ ਜਾਂਦੇ ਸ਼ਬਦ ਰਿਲੀਜਨ ਤੇ ਪੂਰਬ ਵਿਚਲੇ ਸ਼ਬਦ ਧਰਮ ਦੇ ਸੰਕਲਪ ਵੱਖੋ-ਵੱਖਰੇ ਹਨ ਤੇ ਵੈਦਿਕ ਫਿਲਾਸਫੀ ਤੇ ਬੁੱਧ ਮਤਿ ਵਿਚ ਵਰਤੇ ਗਏ ਧਰਮ ਸ਼ਬਦ ਦੇ ਸੰਕਲਪ ਦੀ ਸਭ ਤੋਂ ਵਧੇਰੇ ਸਪੱਸ਼ਟ ਵਿਆਖਿਆ ਗੁਰਮਤਿ ਨੇ ਕੀਤੀ ਹੈ। ਧਰਮ ਦਾ ਇਹੀ ਸੰਕਲਪ ਹਿੰਦੂਆਂ, ਮੁਸਲਮਾਨਾਂ ਸਮੇਤ ਪੰਜਾਬ ਦੇ ਸਾਰੇ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਸਕਦਾ ਹੈ। ਵੱਡੀ ਉਥਲ ਪੁਥਲ ਵਿਚੋਂ ਲੰਘ ਰਹੇ ਸੰਸਾਰ ਨੂੰ ਸਹੀ ਦਿਸ਼ਾ ਦਿਖਾਉਣ ਲਈ ਸਿੱਖਾਂ ਨੂੰ ਆਪਣੀ ਇਹ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

# ਲਾਹੌਰ: ਹਿੰਦੁਸਤਾਨ ਦਾ ਪੈਰਿਸ-2

***ਦੀਨਾ ਨਾਥ ਮਲਹੋਤਰਾ ਦਾ ਪ੍ਰਕਾਸ਼ਨ ਅਤੇ ਸਮਾਜਿਕ ਜਗਤ ਵਿਚ ਬੜਾ ਵਿਲੱਖਣ ਸਥਾਨ ਹੈ। ਉਹ ਭਾਰਤ ਵਿਚ ਪੇਪਰਬੈਕ ਪ੍ਰਕਾਸ਼ਨ ਦੇ ਮੋਢੀ ਗਿਣੇ ਜਾਂਦੇ ਹਨ। ਇਸ ਲੰਮੇ ਲੇਖ ਵਿਚ ਉਨ੍ਹਾਂ ਪੰਜਾਬ ਦੇ ਮਸ਼ਹੂਰ ਸ਼ਹਿਰ ਲਾਹੌਰ ਬਾਰੇ ਕਿੱਸਾ ਛੇੜਿਆ ਹੈ ਜਿਸ ਦੀ ਦੂਜੀ ਕਿਸ਼ਤ ਪੇਸ਼ ਹੈ।***

ਲਾਹੌਰੀ ਦਰਵਾਜ਼ੇ ਅੰਦਰ ਦਾਖਲ ਹੋਣ ਤੋਂ ਪਹਿਲੋਂ ਉਥੇ ਫਲਾਂ ਨਾਲ ਸਜੀਆਂ ਬਹੁਤ ਸਾਰੀਆਂ ਦੁਕਾਨਾਂ ਸਨ ਤੇ ਦੂਜੇ ਪਾਸੇ ਫੁੱਲਾਂ ਨਾਲ ਸਜੀਆਂ ਹੋਈਆਂ। ਪਟੜੀ 'ਤੇ ਦਾਤਣਾਂ ਵੇਚਣ ਵਾਲੇ ਬੈਠੇ ਹੁੰਦੇ ਸਨ। ਲਾਹੌਰੀ ਦਰਵਾਜ਼ੇ ਦੇ ਅੰਦਰ ਕਿਤਾਬਾਂ ਦੀਆਂ ਦੋ ਵੱਡੀਆਂ ਦੁਕਾਨਾਂ ਸਨ। ਇਕ ਸੀ ਲਾਜਪਤ ਰਾਇ ਐਂਡ ਸੰਨਜ਼ ਅਤੇ ਦੂਜੀ ਨਰਾਇਣ ਦੱਤ ਸਹਿਗਲ। ਅਸਲ 'ਚ ਲਾਹੌਰ ਉੱਤਰੀ ਭਾਰਤ 'ਚ ਕਿਤਾਬਾਂ ਦਾ ਬਹੁਤ ਵੱਡਾ ਕੇਂਦਰ ਸੀ। ਇਥੇ ਉਰਦੂ, ਹਿੰਦੀ, ਅੰਗਰੇਜ਼ੀ ਤੇ ਪੰਜਾਬੀ ਕਿਤਾਬਾਂ ਦੀ ਭਰਮਾਰ



ਹੁੰਦੀ ਸੀ। ਹਰ ਤਰ੍ਹਾਂ ਦੀ ਕਿਤਾਬ ਇਥੇ ਲੱਭੀ ਜਾ ਸਕਦੀ ਸੀ। ਇਸ ਤੋਂ ਬਿਨਾ ਸ਼ਹਿਰ ਦੇ ਅੰਦਰ ਹੀ ਚੌਕ ਮੱਤੀ ਦੇ ਕੋਲ ਜੇ.ਐਸ. ਸੰਤ ਸਿੰਘ ਦੀ ਦੁਕਾਨ ਸੀ ਜਿਸ ਦੀ

**ਦੀਨਾ ਨਾਥ ਮਲਹੋਤਰਾ**
**ਅਨੁਵਾਦ: ਐੱਸ. ਬਲਵੰਤ**

ਖ਼ਾਸ ਗੱਲ ਇਹ ਸੀ ਕਿ ਉਥੇ ਹਿੰਦੂਆਂ ਤੇ ਸਿੱਖਾਂ ਦੀਆਂ ਧਾਰਮਿਕ ਕਿਤਾਬਾਂ ਤੋਂ ਬਿਨਾ ਉਹ ਮੁਸਲਮਾਨਾਂ ਦੇ ਕੁਰਾਨ ਸ਼ਰੀਫ਼ ਦੇ ਵੀ ਬਹੁਤ ਅਹਿਮ ਸਟਾਕਿਸਟ ਸਨ ਤੇ ਪੂਰੇ ਸੰਸਾਰ 'ਚ ਪਵਿਤਰ ਕੁਰਾਨ ਸ਼ਰੀਫ ਐਕਸਪੋਰਟ ਕਰਦੇ ਸਨ।

ਪੁਰਾਣੇ ਲਾਹੌਰ ਦੇ ਤੇਰਾਂ ਦਰਵਾਜ਼ੇ ਗਿਣੇ ਜਾਂਦੇ ਸਨ ਜਿਨ੍ਹਾਂ 'ਚ ਖ਼ਾਸ ਲਾਹੌਰੀ, ਸ਼ਾਹ ਆਲਮੀ, ਮੋਰੀ, ਮੋਚੀ, ਭਾਟੀ, ਟਕਸਾਲੀ ਤੇ ਦਿੱਲੀ ਦਰਵਾਜ਼ੇ ਆਦਿ ਸਨ ਜੋ ਪੁਰਾਣੇ ਸਮੇਂ ਦਾ ਇਤਿਹਾਸ ਦਰਸਾਉਂਦੇ ਸਨ। ਹਰ ਦਰਵਾਜ਼ੇ ਅੰਦਰ ਹੋਣ ਵਾਲੇ ਵਪਾਰਾਂ ਦੀ ਆਪਣੀ-ਆਪਣੀ ਪਛਾਣ ਬਣ ਗਈ ਸੀ। ਇਸੇ ਤਰ੍ਹਾਂ ਲਾਹੌਰ ਦੀ ਸੁਨਹਿਰੀ ਮਸਜਿਦ, ਬਾਦਸ਼ਾਹੀ ਮਸਜਿਦ ਅਤੇ ਗੁਰਦੁਆਰਾ ਸ਼ਹੀਦ ਗੰਜ ਮਸ਼ਹੂਰ ਸਨ। ਸ਼ਹਿਰ ਦੇ ਬਾਹਰ ਕੁਝ ਦੂਰੀ 'ਤੇ ਸ਼ਾਲੀਮਾਰ ਬਾਗ ਸੀ ਜੋ ਮੁਗਲਾਂ ਦਾ ਸਮਾਂ ਚੇਤੇ ਕਰਾਉਂਦਾ ਸੀ। ਸ਼ਹਿਰ ਦੇ ਕੁਝ ਦੂਰ ਹੀ ਰਾਵੀ ਦਰਿਆ ਸੀ ਜੋ ਲਾਹੌਰ ਦੀ ਖਾਸ ਪਛਾਣ ਸੀ। ਰਾਹ 'ਚ ਕਈ ਅਖਾੜੇ ਤੇ ਵਰਜਿਸ਼ ਵਾਲੀਆਂ ਥਾਵਾਂ ਸਨ। ਸ਼ਹਿਰ ਦੇ ਦਰਵਾਜ਼ਿਆਂ ਅੰਦਰ ਕਈ ਸਾਰੇ ਬਾਜ਼ਾਰ ਸਨ ਜਿਥੇ ਖ਼ਾਸ ਕਿਸਮ ਦੇ ਵਪਾਰਾਂ ਦੀਆਂ ਦੁਕਾਨਾਂ ਤੇ ਉਨ੍ਹਾਂ ਦੇ ਪਿੱਛੇ ਗਲੀਆਂ ਤੇ ਕੂਚੇ। ਇਨ੍ਹਾਂ 'ਚੋਂ ਜਿਵੇਂ ਡੱਬੀ ਬਾਜ਼ਾਰ ਥੋਕ ਸੌਦੇ ਲਈ, ਕਸੇਰਾ ਬਾਜ਼ਾਰ ਬਰਤਨਾਂ ਲਈ, ਪਾਪੜ ਮੰਡੀ 'ਚ ਕਦੇ ਪਾਪੜ ਦੀਆਂ ਖ਼ਾਸ ਦੁਕਾਨਾਂ ਹੋਣਗੀਆਂ।

ਨਿਸਬਤ ਰੋਡ 'ਤੇ ਜਿਥੇ ਅਸੀਂ ਰਹਿੰਦੇ ਸਾਂ, ਕਈ ਮਸ਼ਹੂਰ ਲੋਕ ਰਹਿੰਦੇ ਸਨ। ਉਨ੍ਹਾਂ 'ਚ ਕਈ ਨਾਂ ਐਸੇ ਹਨ ਜੋ ਭੁਲਾਏ ਨਹੀਂ ਜਾ ਸਕਦੇ। ਮਸਲਨ, ਉਸ ਵੇਲੇ ਪੰਜਾਬ ਕਾਂਗਰਸ ਦੇ ਪ੍ਰਸਿੱਧ ਨੇਤਾ ਡਾ. ਸਤਿਆਪਾਲ ਵੀ ਉਥੇ ਹੀ ਰਹਿੰਦੇ ਸਨ। ਉਹ ਹਰ ਰਾਜਨੀਤਕ ਅੰਦੋਲਨ 'ਚ ਸ਼ਾਮਲ ਹੁੰਦੇ ਸਨ। ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ 'ਚ ਹੋਏ ਹੱਤਿਆ ਕਾਂਡ ਬਾਰੇ ਪੁਸਤਕ ਵੀ ਲਿਖੀ ਜੋ ਅਸੀਂ ਪ੍ਰਕਾਸ਼ਤ ਕੀਤੀ ਸੀ। ਉਸ 'ਚ ਉਨ੍ਹਾਂ ਬਹੁਤ ਹੀ ਦਿਲ ਹਿਲਾ ਦੇਣ ਵਾਲੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਸੀ। ਇਸ ਕਿਤਾਬ ਦਾ ਨਾਂ ਸੀ 'ਪੰਜਾਬ ਜਾਂ ਪੰਜਾਬ ਹੱਤਿਆਕਾਂਡ ਬੀਤੀ'। ਮਗਰੋਂ ਅੰਗਰੇਜ਼ੀ ਸਰਕਾਰ ਨੇ ਇਹ ਕਿਤਾਬ ਕੁਝ ਸਮੇਂ ਲਈ ਜ਼ਬਤ ਵੀ ਕਰ ਲਈ ਸੀ। ਸਾਡੇ ਘਰ ਦੇ ਨਾਲ ਹੀ ਹਿੰਦੀ ਦੇ ਮਸ਼ਹੂਰ ਅਖ਼ਬਾਰ ਰੋਜ਼ਾਨਾ 'ਵੀਰ ਭਾਰਤ' ਦਾ ਦਫਤਰ ਸੀ। ਇਸ ਦੇ ਅੱਗੇ ਮਸ਼ਹੂਰ ਉਰਦੂ ਅਖ਼ਬਾਰ 'ਪ੍ਰਤਾਪ' ਦੇ ਮਾਲਕ ਮਹਾਸ਼ੇ ਕ੍ਰਿਸ਼ਨ ਦੀ ਕੋਠੀ ਸੀ। ਅੱਗੇ ਐਕਸਰੇ ਦੇ ਮਸ਼ਹੂਰ ਡਾਕਟਰ ਦੀਵਾਨ ਚੰਦ ਅਗਰਵਾਲ ਦੀ ਕੋਠੀ ਸੀ। ਦੇਸ ਵੰਡ ਮਗਰੋਂ ਉਹ ਵੀ ਦਿੱਲੀ ਆ ਕੇ ਟਿਕ ਗਏ ਸਨ।

ਉਥੋਂ ਦੇ ਰਈਸ ਕਦੇ-ਕਦੇ ਮਸਤ ਘੋੜਿਆਂ 'ਤੇ ਸ਼ਾਮ ਵੇਲੇ ਸੈਰ ਲਈ ਨਿਕਲਦੇ ਸਨ। ਗਰਮੀਆਂ ਦੇ ਮਹੀਨਿਆਂ 'ਚ ਚੰਗੇ ਹਿੰਦੂ ਪਰਿਵਾਰਾਂ ਦੇ ਲੋਕ ਕਿਓੜੇ ਨਾਲ ਸੁਗੰਧਤ ਪਾਣੀ ਨਾਲ ਭਰੇ ਹੱਥ-ਠੇਲ੍ਹਿਆਂ ਨੂੰ ਆਪ ਧੱਕ ਕੇ ਚਲਾਉਂਦੇ ਤੇ ਬਹੁਤ ਪ੍ਰੇਮ ਨਾਲ ਲੋਕਾਂ ਨੂੰ ਬੁਲਾ ਕੇ ਚਾਂਦੀ ਦੇ ਗਲਾਸਾਂ 'ਚ ਪਾਣੀ ਪਿਲਾਉਂਦੇ ਸਨ। ਗਰਮੀਆਂ ਦੇ ਦਿਨਾਂ 'ਚ ਇਹ ਬਹੁਤ ਹੀ ਆਨੰਦਦਾਈ ਸੀ ਪਰ ਉਥੇ ਇਕ ਦੁਖਦਾਈ ਅਹਿਸਾਸ ਵੀ ਸੀ ਕਿ ਜਦੋਂ ਕੋਈ ਮੁਸਲਮਾਨ ਉਥੇ ਪਾਣੀ ਪੀਣ ਆਉਂਦਾ ਤਾਂ ਉਸ ਨੂੰ ਚਾਂਦੀ ਦੀ ਥਾਂ ਅਲਮੂਨੀਅਮ ਦੇ ਗਲਾਸ 'ਚ ਪਾਣੀ ਦਿੱਤਾ ਜਾਂਦਾ ਸੀ ਤੇ ਉਹ ਪਾਣੀ ਵੀ ਸਿੱਧਾ ਨਹੀਂ ਸੀ ਪਾਇਆ ਜਾਂਦਾ ਸਗੋਂ ਬਾਂਸ ਦੀ ਨਾਲੀ 'ਚੋਂ ਪਾ ਕੇ ਪਰ੍ਹੇ ਰੱਖ ਦਿੱਤਾ ਜਾਂਦਾ ਸੀ। ਇਹ ਕੁਝ ਐਸਾ ਅਹਿਸਾਸ ਸੀ ਕਿ ਜਿਵੇਂ ਕਿਸੇ ਮੁਸਲਮਾਨ ਵੱਲੋਂ ਗਲਾਸ ਛੂਹਣ 'ਤੇ ਪਾਣੀ ਗੰਦਾ ਹੋ ਜਾਏਗਾ ਜਾਂ ਅਪਵਿੱਤਰ ਹੋ ਜਾਏਗਾ। ਮੁਸਲਮਾਨ ਭਾਵੇਂ ਸੂਟ ਕੋਟ ਪਹਿਨਿਆ ਉੱਤਮ ਸ਼੍ਰੇਣੀ ਦਾ ਵਿਅਕਤੀ ਹੀ ਕਿਉਂ ਨਾ ਹੋਵੇ, ਉਹਦੇ ਨਾਲ ਵੀ ਅਜਿਹਾ ਹੀ ਵਰਤਾਅ ਕੀਤਾ ਜਾਂਦਾ ਪਰ ਹਿੰਦੂ ਭਾਵੇਂ ਗਰੀਬ ਜਾਂ ਗੰਦਾ ਜਾਂ ਭਾਵੇਂ ਮਿੱਟੀ ਨਾਲ ਲਿਬੜਿਆ ਹੋਵੇ, ਉਸ ਨੂੰ ਚਾਂਦੀ ਦੇ ਗਲਾਸ ਵਿਚ ਪਾਣੀ ਦਿੱਤਾ ਜਾਂਦਾ। ਇਹ ਦੁਖਦਾਈ ਹੀ ਨਹੀਂ, ਮੇਰੇ ਲਈ ਹਉਕੇ ਭਰਿਆ ਦ੍ਰਿਸ਼ ਸੀ। ਹੁਣ ਜਦ ਚੇਤੇ ਆਉਂਦਾ ਹੈ ਤਾਂ ਸੋਚਦਾ ਹਾਂ ਕਿ ਉਸ ਵੇਲੇ ਉਨ੍ਹਾਂ ਮੁਸਲਮਾਨਾਂ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ? ਸ਼ਾਇਦ ਇਸੇ ਕਾਰਨ ਦੋਹਾਂ ਧਿਰਾਂ 'ਚ ਆਪਸੀ ਦੂਰੀ ਦੀ ਡੂੰਘ ਹੋਰ ਵਧਦੀ ਗਈ। ਸ਼ਾਇਦ ਮੁਸਲਮਾਨ ਇਹ ਵੀ ਸੋਚਦੇ ਹੋਣ ਕਿ ਜਦੋਂ ਉਨ੍ਹਾਂ ਦੇ ਹਾਕਮਾਂ ਹਿੰਦੁਸਤਾਨ 'ਤੇ ਸੱਤ ਸੌ ਸਾਲ ਰਾਜ ਕੀਤਾ ਤਾਂ ਇਹੀ ਹਿੰਦੂ ਉਨ੍ਹਾਂ ਨੂੰ ਝੁਕ-ਝੁਕ ਕੇ ਸਲਾਮਾਂ ਕਰਦੇ ਸਨ। ਉਂਝ ਉਦੋਂ ਜੇ ਕੋਈ ਉੱਚ ਕੋਟੀ ਦਾ ਮੁਸਲਮਾਨ ਕਿਸੇ ਉੱਚ ਕੋਟੀ ਦੇ ਹਿੰਦੂ ਦੇ ਘਰ ਵੀ ਚਲਾ ਜਾਂਦਾ ਤਾਂ ਉਹਦੇ ਲਈ ਅਲੱਗ ਰੱਖੇ ਬਰਤਨਾਂ 'ਚ ਖਾਣਾ ਪਰੋਸਿਆ ਜਾਂਦਾ ਤੇ ਫਿਰ ਬਰਤਨ ਮਾਂਜ ਕੇ ਗਰਮ ਕਰ ਕੇ ਸ਼ੁੱਧ ਕਰ ਕੇ ਵੱਖਰੇ ਹੀ ਰੱਖ ਦਿੱਤੇ ਜਾਂਦੇ।

ਵੱਖੋ-ਵੱਖਰੇ ਰੇਲਵੇ ਸਟੇਸ਼ਨਾਂ 'ਤੇ ਚਾਹ ਵੇਚਣ ਵਾਲੇ ਵੀ ਦੋ ਸਟਾਲ ਹੁੰਦੇ। ਇਕ ਹੋਕਾ ਲਾਉਂਦਾ- 'ਹਿੰਦੂ ਚਾਹ' ਤੇ ਦੂਜਾ ਕਹਿੰਦਾ- 'ਮੁਸਲਿਮ ਚਾਹ'; ਜਿਵੇਂ ਇਹ ਵਿਸ਼ਵਾਸ ਹੀ ਕਰ ਲਿਆ ਗਿਆ ਹੋਵੇ ਕਿ ਇਹ ਦੋਵੇਂ ਅਲੱਗ ਕੌਮਾਂ ਹਨ ਤੇ ਇਕ ਦੂਜੇ ਨੂੰ ਛੂਹਣ ਲਈ ਮਨਾਹੀ ਹੈ। ਇਸ ਦਾ ਨਤੀਜਾ ਜੋ ਹੋਇਆ, ਉਹ ਭਾਰਤੀ ਇਤਿਹਾਸ ਦੇ ਪੰਨਿਆਂ 'ਚ ਖ਼ੂਨ ਨਾਲ ਲਿਖਿਆ ਦਰਜ ਹੈ। ਇਨ੍ਹਾਂ ਕਾਰਨਾਂ ਕਰ ਕੇ ਹੀ ਮੁਹੰਮਦ ਅਲੀ ਜਿਨਾਹ ਦੀ ਦੋ ਕੌਮਾਂ ਅਤੇ ਦੋ ਦੇਸ਼ਾਂ ਦੀ ਥਿਊਰੀ ਕਾਮਯਾਬ ਹੋਈ; ਲੱਗਦਾ, ਇਸ ਦੇ ਬੀਅ ਇਨ੍ਹਾਂ ਗੱਲਾਂ ਕਾਰਨ ਹੀ ਬੀਜੇ ਗਏ ਸਨ। ਕਿਸੇ ਨੇ ਕਿਆਸ ਨਹੀਂ ਕੀਤਾ ਹੋਣਾ ਕਿ ਛੋਟੀਆਂ-ਛੋਟੀਆਂ ਗੱਲਾਂ ਦੇ ਭਿਆਨਕ ਨਤੀਜੇ ਨਿਕਲ ਸਕਦੇ ਹਨ।

ਨਿਸਬਤ ਰੋਡ 'ਤੇ ਹੀ ਬਹੁਤ ਵੱਡੀ ਅਤੇ ਸ਼ਾਨਦਾਰ ਇਮਾਰਤ ਸੀ ਜਿਥੇ ਉਸ ਵੇਲੇ ਦੀ ਮਸ਼ਹੂਰ ਦਿਆਲ ਸਿੰਘ ਲਾਇਬਰੇਰੀ ਸੀ ਜੋ ਦਿਆਲ ਸਿੰਘ ਮਜੀਠੀਆ ਦੇ ਨਾਂ 'ਤੇ ਬਣਾਈ ਗਈ ਸੀ। ਅੱਗੇ ਚੱਲ ਕੇ ਇਥੇ ਹੀ ਦਿਆਲ ਸਿੰਘ ਕਾਲਜ ਸੀ ਜੋ ਪਾਕਿਸਤਾਨ ਬਣਨ ਮਗਰੋਂ ਦਿੱਲੀ ਦੇ ਲੋਧੀ ਰੋਡ 'ਤੇ ਲੈ ਆਂਦਾ ਗਿਆ। ਅਜਿਹੀਆਂ ਲਾਇਬਰੇਰੀਆਂ ਤੇ ਕਾਲਜ ਸਥਾਪਤ ਕਰਨਾ ਸਮਾਜ ਨੂੰ ਬਹੁਤ ਹੀ ਅੱਛੀ ਸੇਧ ਦੇਣ ਵਾਲੀ ਮਿਸਾਲ ਸੀ ਜਿਸ ਦਾ ਅੱਜ ਵੀ ਪ੍ਰਚਾਰ ਅਤੇ ਉਸ 'ਤੇ ਅਮਲ ਹੋਣਾ ਚਾਹੀਦਾ। ਜਿਥੇ ਲੋਕ ਮੰਦਰ, ਗੁਰਦੁਆਰੇ, ਬਰਾਤ ਘਰ ਦੀ ਉਸਾਰੀ ਕਰਦੇ ਸਨ, ਉਥੇ ਲਾਇਬਰੇਰੀਆਂ ਜਾਂ ਜ਼ਰੂਰਤਮੰਦ ਲੋਕਾਂ ਲਈ ਵਿੱਦਿਆਕ ਅਦਾਰੇ ਕਿਉਂ ਨਹੀਂ ਬਣਾਏ ਜਾ ਸਕਦੇ? ਇਹ ਐਸੀ ਸੇਵਾ ਮੰਨੀ ਜਾਏਗੀ ਜਿਸ ਨਾਲ ਸਿਰਫ ਇਨਸਾਨੀਅਤ ਦਾ ਹੀ ਨਹੀਂ ਸਗੋਂ ਦੇਸ਼ ਅਤੇ ਮਨੁੱਖਤਾ ਦੇ ਨਿਰਮਾਣ 'ਚ ਯੋਗਦਾਨ ਪਾਇਆ ਜਾ ਸਕਦੈ।

ਅੱਜ ਸਾਡੇ ਦੇਸ਼ 'ਚ ਲਾਇਬਰੇਰੀਆਂ ਦੀ ਬਹੁਤ ਜ਼ਰੂਰਤ ਹੈ। ਇਥੇ ਸਾਖ਼ਰਤਾ ਤਾਂ ਪੈਂਹਟ ਫੀਸਦੀ ਤੱਕ ਪਹੁੰਚ ਗਈ ਹੈ ਤੇ ਹਰ ਸਾਲ ਚੌਵੀ ਭਾਸ਼ਾਵਾਂ 'ਚ ਲਗਭਗ ਅੱਸੀ ਹਜ਼ਾਰ ਨਵੀਆਂ ਪੁਸਤਕਾਂ ਰਾਹੀਂ ਨਵੇਂ ਵਿਚਾਰ ਵੀ ਪ੍ਰਕਾਸ਼ਤ ਹੁੰਦੇ ਹਨ ਪਰ ਪਾਠਕਾਂ ਦੇ ਪੜ੍ਹਨ ਲਈ ਇਹ ਪੁਸਤਕਾਂ ਆਸਾਨੀ ਨਾਲ ਉਪਲਬਧ ਹੀ ਨਹੀਂ ਹੁੰਦੀਆਂ ਤੇ ਨਾਲੇ ਕਾਗਜ਼, ਛਪਾਈ, ਡਾਕ ਖਰਚ ਤੇ ਹੋਰ ਕੀਮਤਾਂ ਦੇ ਵਾਧੇ ਛਪੀਆਂ ਕਿਤਾਬਾਂ ਦੀਆਂ ਕੀਮਤਾਂ ਨੇ ਲੋਕਾਂ ਦੇ ਹੱਥ ਕਿਤਾਬਾਂ ਖਰੀਦਣ ਤੋਂ ਤਾਂ ਰੋਕੇ ਹੀ ਹਨ ਪਰ ਸਰਕਾਰ ਜਾਂ ਧਨਾਢ ਲੋਕ ਇਸ ਪਾਸੇ ਲੋਕਾਂ ਨੂੰ ਲਾਇਬਰੇਰੀਆਂ ਖੋਲ੍ਹ ਕੇ ਉਤਸ਼ਾਹਤ ਤਾਂ ਕਰ ਹੀ ਸਕਦੇ ਹਨ।

ਇਤਿਹਾਸ ਗਵਾਹ ਹੈ ਕਿ ਅੱਜ ਤੱਕ ਵਿਦਵਾਨਾਂ ਨੇ ਹੀ ਆਪੋ-ਆਪਣੇ ਦੇਸ਼ ਤੇ ਸਮਾਜ ਦਾ ਨਾਂ ਅੱਗੇ ਵਧਾਇਆ ਹੈ। ਉਸ ਨੂੰ ਭਰਪੂਰ ਵਿਸ਼ਾਲ ਕੀਤਾ ਹੈ। ਆਪਣਾ ਸਿੱਕਾ ਉਨ੍ਹਾਂ ਲੋਕਾਂ ਨੇ ਹੀ ਜਮਾਇਆ ਹੈ ਤੇ ਜਮਾਉਂਦੇ ਰਹਿਣਗੇ। ਕਿਤਾਬਾਂ ਤੋਂ ਤਾਕਤਵਰ ਕੋਈ ਹੋਰ ਹਥਿਆਰ ਨਹੀਂ ਜੋ ਮਾਨਵ ਚੇਤਨਾ ਨੂੰ ਵਿਕਸਿਤ ਕਰ ਸਕੇ। ਇਹੀ ਸਭ ਤੋਂ ਸਸਤਾ ਤੇ ਕਾਰਗਰ ਸਾਧਨ ਹੈ। ਕਿਤਾਬਾਂ ਰਾਹੀਂ ਮਨੁੱਖ ਦੀ ਬੁੱਧੀ ਨੂੰ ਰੂਹ ਮਿਲਦੀ ਹੈ। ਗਿਆਨ ਮਿਲਦਾ ਹੈ। ਅਗਲੀ ਸੂਝ ਤੱਕ ਉਹਨੂੰ ਪਹੁੰਚ ਕਰਨ ਦੀ ਯੋਗਤਾ ਮਿਲਦੀ ਹੈ। ਵਿਚਾਰ ਦੀ ਸ਼ਕਤੀ ਹੀ ਮਨੁੱਖਤਾ ਦਾ ਆਧਾਰ ਹੈ ਤੇ ਪੁਸਤਕ ਦੇ ਪਾਠਕ ਨੂੰ ਉਤਪੰਨ ਕਰਨ ਲਈ ਹਰ ਹੀਲੇ ਪਹੁੰਚ ਦੀ ਜ਼ਰੂਰਤ ਹੈ।



*ਲਾਹੌਰ ਦਾ ਅੰਬਰੀ ਨਜ਼ਾਰਾ।*

ਲਾਹੌਰ 'ਚ ਕੁਝ ਮੇਲੇ ਅਤੇ ਤਿਉਹਾਰ ਬਹੁਤ ਸ਼ੌਕ ਨਾਲ ਮਨਾਏ ਜਾਂਦੇ ਸਨ। ਇਨ੍ਹਾਂ ਮੇਲਿਆਂ 'ਚੋਂ ਸਾਲ ਦੇ ਸ਼ੁਰੂ 'ਚ ਹੀ ਇਕ ਤਾਂ ਲੋਹੜੀ ਦਾ ਮੇਲਾ ਸੀ ਜੋ ਹਰ ਸਾਲ ਤੇਰਾਂ ਜਨਵਰੀ ਨੂੰ ਮਨਾਇਆ ਜਾਂਦਾ। ਉਸ ਦਿਨ ਸ਼ਹਿਰ ਦੀਆਂ ਅੰਦਰਲੀਆਂ ਸੜਕਾਂ 'ਤੇ ਵੱਡੀਆਂ-ਵੱਡੀਆਂ ਲੱਕੜੀਆਂ ਨਾਲ ਅੱਗ ਬਾਲੀ ਜਾਂਦੀ ਤੇ ਲੋਕ ਉਸ ਦੁਆਲੇ ਬੈਠ ਕੇ ਉਸ ਦੇ ਸੇਕ ਦਾ ਆਨੰਦ ਮਾਣਦੇ ਤੇ ਨਾਲ ਕਵਿਤਾਵਾਂ ਤੇ ਕਈ ਹੋਰ ਕਹਾਵਤਾਂ ਸੁਣਾਉਂਦੇ। ਇਹ ਤੇਜ਼ ਸਰਦੀ ਦਾ ਮੌਸਮ ਹੁੰਦਾ। ਲਾਹੌਰ ਦੀ ਸਰਦੀ ਦਿੱਲੀ ਨਾਲੋਂ ਕਿਤੇ ਵੱਧ ਹੁੰਦੀ ਤੇ ਲੋਕ ਆਪਣੇ ਆਪ ਨੂੰ ਗਰਮ ਕੱਪੜਿਆਂ 'ਚ ਲਪੇਟੀ ਅੱਗ ਸੇਕਦੇ ਤੇ ਚਿੜਬੇ ਤੇ ਰਿਉੜੀਆਂ ਖਾਂਦੇ ਤੇ ਵੰਡਦੇ।

ਇਸ ਤੋਂ ਮਗਰੋਂ ਫਰਵਰੀ 'ਚ ਬਸੰਤ ਦਾ ਤਿਉਹਾਰ ਆਉਂਦਾ। ਉਹ ਸਰਦੀ ਦੇ ਖਾਤਮੇ ਦਾ ਸੁਨੇਹਾ ਦਿੰਦਾ। ਕਈ ਇਸ ਨੂੰ 'ਬੱਸ ਅੰਤ', ਭਾਵ ਸਰਦੀ ਦਾ ਅੰਤ ਮੰਨਦੇ। ਲੋਕ ਪੀਲੇ ਰੰਗ ਦੀਆਂ ਪੱਗਾਂ ਪਹਿਨਦੇ ਤੇ ਔਰਤਾਂ ਪੀਲੇ ਰੰਗ ਦਾ ਦੁਪੱਟਾ ਸਾਰਾ ਸ਼ਹਿਰ ਪੀਲਾ ਤੇ ਰੰਗ ਬਰੰਗਾ ਲੱਗਦਾ ਪਰ ਇਸ ਤਿਉਹਾਰ ਦਾ ਅਸਲੀ ਰੂਪ ਉਦੋਂ ਖਿੜਦਾ ਜਦੋਂ ਲੋਕ ਰੰਗ-ਬਰੰਗੀਆਂ ਪਤੰਗਾਂ ਆਸਮਾਨ ਵੱਲ ਛੱਡਦੇ। ਉਨ੍ਹਾਂ 'ਚੋਂ ਕਈਆਂ ਦੀਆਂ ਡੋਰਾਂ ਇਕ ਦੂਜੇ ਨਾਲ ਆਪਸੀ ਮੁਕਾਬਲੇ 'ਚ ਬੋ-ਕਾਟਾ ਹੋ ਜਾਂਦੀਆਂ। ਪਤੰਗਬਾਜ਼ੀ ਦਾ ਇਹ ਖ਼ਾਸ ਦ੍ਰਿਸ਼ ਹੁੰਦਾ ਤੇ ਲੋਕ ਢਾਣੀਆਂ ਬਣਾ ਪਤੰਗਾਂ ਦੇ ਮੁਕਾਬਲੇ ਦਾ ਆਨੰਦ ਮਾਣਦੇ। ਨੌਜੁਆਨ ਆਪੋ-ਆਪਣੇ ਘਰਾਂ ਦੀਆਂ ਛੱਤਾਂ 'ਤੇ ਖੜ੍ਹ ਪਤੰਗ ਸ਼ੌਕ ਨਾਲ ਉਡਾਉਂਦੇ ਤੇ ਮੁਕਾਬਲੇ ਕਰਦੇ ਇਕ ਦੂਜੇ ਨਾਲ ਪੇਚ ਲੜਾਉਂਦੇ। ਜਦੋਂ ਦੋ ਪਤੰਗਾਂ ਦੀ ਡੋਰ ਇਕ ਦੂਜੇ ਨਾਲ ਖਹਿ ਕੇ ਟੁੱਟ ਜਾਂਦੀ ਤਾਂ ਜਿੱਤਣ ਵਾਲੇ ਦੀ ਖੁਸ਼ੀ ਦਾ ਇਜ਼ਹਾਰ ਕਰਨ ਲਈ ਉਹ ਬਿਗੁਲ ਵਜਾ ਕੇ ਉੱਚੀ-ਉੱਚੀ ਕਹਿੰਦੇ, 'ਬੋ-ਕਾਟਾ ਬਈ ਬੋ-ਕਾਟਾ।'

ਕਈ ਵਾਰ ਸਵੇਰ ਦੇ ਛੁਟਪੁਟੇ ਹਨੇਰੇ 'ਚ ਵੀ ਕੋਈ ਐਸੀ ਪਤੰਗ ਤਿਆਰ ਕਰਦੇ ਜਿਸ 'ਚ ਰੌਸ਼ਨੀ ਲਈ ਬਲਦੀ ਹੋਈ ਮੋਮਬੱਤੀ ਦੀ ਥਾਂ ਰੱਖੀ ਜਾਂਦੀ। ਜਦ ਇਹ ਪਤੰਗ ਉੱਪਰ ਜਾਂਦੀ ਤਾਂ ਇਹਦੀ ਚਮਕ ਦਾ ਬਹੁਤ ਹੀ ਸ਼ਾਨਦਾਰ ਨਜ਼ਾਰਾ ਹੁੰਦਾ। ਬਹੁਤ ਹੀ ਮਨਮੋਹਕ ਤੇ ਦਿਲਕਸ਼ ਨਜ਼ਾਰਾ। ਇਸ 'ਚ ਛੋਟੇ ਵੱਡੇ ਸਭ ਸ਼ਾਮਲ ਹੁੰਦੇ ਸਨ। ਅਜਿਹੀਆਂ ਪਤੰਗਾਂ ਵੇਚਣ ਵਾਲਿਆਂ ਦੀਆਂ ਖਾਸ ਦੁਕਾਨਾਂ ਹੁੰਦੀਆਂ ਤੇ ਇਹ ਲੋਕ ਮਹੀਨਾ ਪਹਿਲਾਂ ਹੀ ਕਈ ਖ਼ਾਸ ਕਿਸਮ ਦੀਆਂ ਪਤੰਗਾਂ ਤਿਅਰ ਕਰਨ ਲੱਗ ਪੈਂਦੇ ਤੇ ਨਾਲ ਹੀ ਡੋਰ ਨੂੰ ਖ਼ਾਸ ਕਿਸਮ ਦੀ ਪੇਸਟ (ਲੁਗਦੀ) ਨਾਲ ਤਿਆਰ ਕੀਤਾ ਜਾਂਦਾ ਜਿਸ ਨੂੰ 'ਮਾਂਝਾ' ਕਿਹਾ ਜਾਂਦਾ। ਇਹਦੇ 'ਚ ਬਹੁਤ ਬਾਰੀਕ ਪੀਸਿਆ ਹੋਇਆ ਕੱਚ ਦਾ ਬੂਰਾ ਮਿਲਾਇਆ ਜਾਂਦਾ ਤਾਂ ਕਿ ਉਹਦੀ ਤੇਜ਼ ਧਾਰ ਬਣ ਸਕੇ ਤੇ ਮੁਕਾਬਲੇ 'ਚ ਉੱਡ ਰਹੇ ਪਤੰਗ ਦੀ ਡੋਰ ਤੇਜ਼ੀ ਨਾਲ ਘਸਾ ਕੇ ਕੱਟ ਸਕੇ। ਕਈ ਬਾਜ਼ਾਰਾਂ ਦੇ ਪਿਛਲੇ ਪਾਸੇ ਲੰਮੀਆਂ-ਲੰਮੀਆਂ ਕਤਾਰਾਂ 'ਚ ਡੋਰਾਂ ਦੀਆਂ ਲਾਈਨਾਂ ਹੁੰਦੀਆਂ ਜਿਨ੍ਹਾਂ ਉੱਪਰ ਦੁਕਾਨਦਾਰਾਂ ਦੇ ਆਦਮੀ ਮਾਂਝਾ ਲਗਾ ਕੇ ਉਸ ਡੋਰ ਨੂੰ ਮਜ਼ਬੂਤ ਕਰਨ ਲਈ ਕੱਚ ਦੇ ਬੂਰ ਨਾਲ ਰਗੜਦੇ। ਬਸੰਤ ਦੇ ਇਸ ਨਜ਼ਾਰੇ ਸਮੇਂ ਪਤੰਗਾਂ ਦਾ ਆਸਮਾਨ 'ਚ ਉੱਡਣਾ ਬਹੁਤ ਹੀ ਮਨਮੋਹਕ ਹੁੰਦਾ ਪਰ ਇਸ ਨਜ਼ਾਰੇ ਜਾਂ ਮੁਕਾਬਲਿਆਂ 'ਚ ਮਸਤ ਕਈ ਵਾਰ ਕਈ ਲੋਕ ਆਪਣੀ ਸੁੱਧ-ਬੁੱਧ ਹੀ ਖੋਹ ਬੈਠਦੇ ਤੇ ਛੱਤ ਤੋਂ ਹੇਠਾਂ ਡਿੱਗ ਪੈਂਦੇ। ਉਨ੍ਹਾਂ 'ਚੋਂ ਕਈ ਤਾਂ ਅੰਤ ਮਰ ਵੀ ਜਾਂਦੇ।

ਇਸ ਮਗਰੋਂ ਹੋਲੀ ਦਾ ਤਿਉਹਾਰ ਆਉਂਦਾ। ਜਦ ਪਿਚਕਾਰੀਆਂ 'ਚ ਰੰਗ ਭਰ ਕੇ ਲੋਕ ਇਕ ਦੂਸਰੇ 'ਤੇ ਉਲੱਦਦੇ। ਇਕ ਦੂਜੇ ਨੂੰ ਮਠਿਆਈ ਵੀ ਖਵਾਉਂਦੇ ਤੇ ਸਾਰਾ ਕੁਝ ਆਪਸੀ ਮਿਠਾਸ ਦੇ ਰੰਗਾਂ ਨਾਲ ਭਰ ਜਾਂਦਾ। ਆਸੇ ਪਾਸੇ ਰੰਗ ਹੀ ਰੰਗ, ਮੂੰਹ 'ਤੇ ਮਨਾਂ 'ਚ ਮਿਠਾਸ। ਆਪਸੀ ਰਿਸ਼ਤਿਆਂ ਦੀ ਰੰਗਤ 'ਚ ਗੂੜ੍ਹਾਪਣ। ਕਿਆ ਬਾਤ ਸੀ ਉਸ ਵੇਲੇ ਦੀ। ਮੁਹੱਬਤ ਤੇ ਖੁਸ਼ੀਆਂ ਲਿਆਉਂਦਾ ਸੀ ਇਹ ਤਿਉਹਾਰ। ਇਕ ਮੁਹੱਲੇ ਦੀ ਟੋਲੀ ਦੂਜੇ ਮੁਹੱਲੇ ਜਾਂਦੀ ਤੇ ਰੰਗਾਂ ਅਤੇ ਜੱਫੀਆਂ ਰਾਹੀਂ ਆਪਸੀ ਮਿਲਣ ਹੁੰਦਾ। ਜੱਫੀ ਪਾ-ਪਾ ਦਿਲ ਨਾਲ ਦਿਲ ਮਿਲਦਾ ਤੇ ਰੂਹ ਨਾਲ ਰੂਹ। ਅਪਣੱਤ ਤੇ ਆਪਸੀ ਸਾਂਝ ਦਾ ਇਹ ਅਨੋਖਾ ਦ੍ਰਿਸ਼ ਹੁੰਦਾ ਪਰ ਕਦੇ ਕਦੇ ਜਦ ਕੋਈ ਇਕ ਮਜ਼ਹਬ ਦਾ ਵਿਅਕਤੀ ਦੂਸਰੇ ਮਜ਼ਹਬ ਦੇ ਵਿਅਕਤੀ 'ਤੇ ਜ਼ਬਰਦਸਤੀ ਰੰਗ ਪਾ ਦਿੰਦਾ ਤਾਂ ਲੜਾਈ ਵੀ ਹੋ ਜਾਂਦੀ। ਇਸੇ ਕਾਰਨ ਸ਼ਹਿਰ ਦੇ ਕੁਝ ਨਾਜ਼ੁਕ ਇਲਾਕਿਆਂ 'ਚ ਪੁਲਿਸ ਵੀ ਗਸ਼ਤ ਲਗਾਉਂਦੀ ਰਹਿੰਦੀ। ਧਾਰਮਿਕ ਖ਼ਿਆਲਾਂ ਦੇ ਲੋਕ ਬ੍ਰਜ ਦੀ ਹੋਲੀ ਦਾ ਤਿਉਹਾਰ ਦੇਖਣ ਮਥੁਰਾ ਤੇ ਬ੍ਰਿੰਦਾਬਨ ਵੀ ਜਾਂਦੇ। ਇਹ ਬਹੁਤ ਹੀ ਖੁਸ਼ੀ ਤੇ ਆਪਸੀ ਮੇਲ ਤੇ ਭਾਈਚਾਰੇ ਦੀ ਸਾਂਝ ਦਾ ਤਿਉਹਾਰ ਮੰਨਿਆ ਜਾਂਦਾ।

ਅਪਰੈਲ ਦੀ ਤੇਰਾਂ ਤਾਰੀਖ਼ ਨੂੰ ਵਿਸਾਖੀ ਦੀ ਰੌਣਕ ਰਾਵੀ ਦੇ ਕੰਢੇ ਬਹੁਤ ਵੱਡੇ ਮੇਲੇ 'ਚ ਲੱਗਦੀ। ਬਹੁਤ ਲੋਕ ਰਾਵੀ 'ਚ ਨਹਾਉਂਦੇ ਤੇ ਰਾਹ 'ਚ ਗੁਰਦੁਆਰੇ ਮੱਥਾ ਟੇਕਦੇ। ਮੇਲੇ ਦੀ ਰੌਣਕ 'ਚ ਪਿੰਡਾਂ 'ਚੋਂ ਆਏ ਜੱਟਾਂ ਦੇ ਜੱਥੇ ਗੀਤ ਗਾਉਂਦੇ ਤੇ ਨੱਚਦੇ ਹੋਏ ਤੁਰਦੇ। ਉੱਚੀ-ਉੱਚੀ ਟੱਪ ਉਹ 'ਆਈ ਵਸਾਖੀ, ਆਈ ਵਿਸਾਖੀ' ਗਾਉਂਦੇ। ਰਾਵੀ ਕੰਢੇ ਇੰਨੀ ਭੀੜ ਹੁੰਦੀ ਕਿ ਕਈ ਵਾਰ ਇਕ ਦੂਜੇ ਨੂੰ ਵੱਜ ਰਹੇ ਧੱਕਿਆਂ ਕਾਰਨ ਲੋਕ ਇਕ ਦੂਸਰੇ ਤੋਂ ਵਿਛੜ ਕੇ ਗੁਆਚ ਵੀ ਜਾਂਦੇ। ਵਿਸਾਖੀ ਦਾ ਤਿਉਹਾਰ ਪੰਜਾਬੀਆਂ, ਖ਼ਾਸਕਰ ਕਿਸਾਨਾਂ ਲਈ ਇਸ ਕਰ ਕੇ ਵੀ ਉਤਸ਼ਾਹ ਭਰਪੂਰ ਹੁੰਦਾ ਕਿ ਉਸੇ ਦਿਨ ਉਹਨਾਂ ਦੀ ਫਸਲ ਦੀ ਕਟਾਈ ਸ਼ੁਰੂ ਹੋਣੀ ਹੁੰਦੀ ਤੇ ਕਿਸਾਨ ਦੀ ਮਿਹਨਤ ਦਾ ਫਲ ਮਿਲਣ ਲਈ ਭਾਗਾਂ ਭਰਿਆ ਦਿਨ ਹੁੰਦਾ। ਪੁਰਾਣੇ ਲੋਕ ਨਵੇਂ ਸਾਲ, ਭਾਵ ਵਿਕ੍ਰਮੀ ਸੰਮਤ ਦੇ ਸਾਲ ਦੀ ਸ਼ੁਰੂਆਤ ਵਾਲੇ ਪਹਿਲੇ ਦਿਨ ਤੋਂ ਆਪਣੇ ਹਿਸਾਬ ਕਿਤਾਬ ਦੇ ਨਵੇਂ ਵਹੀ ਖਾਤੇ ਤੇ ਰਜਿਸਟਰ ਸ਼ੁਰੂ ਕਰ ਲੈਂਦੇ ਸਨ।

ਇਨ੍ਹਾਂ ਦਿਨਾਂ 'ਚ ਈਸਾਈਆਂ ਦਾ ਈਸਟਰ ਵੀ ਆਉਂਦਾ। ਮੁਸਲਮਾਨ ਸਾਲ 'ਚ ਦੋ ਵਾਰ ਈਦ ਦਾ ਤਿਉਹਾਰ ਵੀ ਮਨਾਉਂਦੇ ਸਨ। ਉਨ੍ਹਾਂ ਵਲੋਂ ਮਨਾਇਆ ਜਾਂਦਾ ਮੁਹੱਰਮ ਦਾ ਤਿਉਹਾਰ ਬਹੁਤ ਦਿਲਚਸਪ ਹੁੰਦਾ। ਮਾਤਮ ਕਰਨ ਵਾਲੇ ਆਪਣੇ ਆਪ ਨੂੰ ਜ਼ੰਜੀਰਾਂ ਨਾਲ ਮਾਰ-ਮਾਰ ਕੇ ਜ਼ਖ਼ਮੀ ਕਰ ਲੈਂਦੇ ਤੇ ਅਖੀਰ ਬੇਹੋਸ਼ ਹੋ ਜਾਂਦੇ। ਖੁਸ਼ੀ ਦਾ ਤਿਉਹਾਰ ਈਦ ਦਾ ਹੁੰਦਾ। ਉਦੋਂ ਲੋਕ ਇਕ ਦੂਜੇ ਨੂੰ ਗਲ ਲਾ ਮਿਲਦੇ ਤੇ ਨਵੇਂ ਕੱਪੜੇ ਪਾਉਂਦੇ। ਬੱਚੇ ਤੇ ਘਰ ਦੇ ਬਾਕੀ ਜੀਅ ਵੀ ਉਸ ਦਿਨ ਨਵੇਂ ਕੱਪੜੇ ਹੀ ਪਹਿਨਦੇ। ਕਈ ਲੋਕ ਸਿਰ 'ਤੇ ਨਵੀਆਂ ਟੋਪੀਆਂ ਵੀ ਪਹਿਨਦੇ। ਈਦ ਤੋਂ ਪਹਿਲਾਂ ਰਮਜ਼ਾਨ ਦੇ ਮਹੀਨੇ ਲੋਕ ਰੋਜ਼ੇ ਰੱਖਦੇ, ਜਿਵੇਂ ਹਿੰਦੂਆਂ 'ਚ ਵਰਤ ਰੱਖਿਆ ਜਾਂਦਾ ਹੈ। ਸਵੇਰੇ ਕੁਝ ਖਾ ਕੇ ਸਾਰਾ ਦਿਨ ਵਰਤ 'ਚ ਗੁਜ਼ਾਰਦੇ ਤੇ ਫਿਰ ਸ਼ਾਮ ਵੇਲੇ ਨਮਾਜ਼ ਅਤਾ ਕਰਦੇ ਤੇ ਖਾਂਦੇ। ਇਹ ਉਨ੍ਹਾਂ ਦੇ ਵਰਤ ਅਤੇ ਬਾਅਦ 'ਚ ਮਿਲਾਪ ਦੇ ਤਿਉਹਾਰ ਸਨ।

ਅਕਤੂਬਰ-ਨਵੰਬਰ 'ਚ ਹਿੰਦੂਆਂ ਦੇ ਦੋ ਵੱਡੇ ਤਿਉਹਾਰ ਦਸਹਿਰਾ ਤੇ ਦੀਵਾਲੀ ਮਨਾਏ ਜਾਂਦੇ। ਦੁਸਹਿਰੇ ਦਾ ਦਿਨ ਉਤਸ਼ਾਹ ਨਾਲ ਮਨਾਇਆ ਜਾਂਦਾ, ਉਸ ਦਿਨ ਸ੍ਰੀ ਰਾਮ ਚੰਦਰ ਨੇ ਰਾਵਣ ਦੀ ਲੰਕਾ 'ਤੇ ਜਿੱਤ ਪ੍ਰਾਪਤ ਕੀਤੀ ਸੀ। ਇਸੇ ਲਈ ਰਾਵਣ ਦੇ ਵੱਡੇ-ਵੱਡੇ ਪੁਤਲੇ ਸਾੜੇ ਜਾਂਦੇ। ਸਭ ਤੋਂ ਵੱਡਾ ਪੁਤਲਾ ਰਾਵੀ ਰੋਡ ਦੇ ਪਰੇਡ ਮੈਦਾਨ 'ਚ ਸਾੜਿਆ ਜਾਂਦਾ। ਕਾਰੀਗਰ ਕਈ ਦਿਨ ਪਹਿਲਾਂ ਪੁਤਲਾ ਤਿਆਰ ਕਰਨਾ ਸ਼ੁਰੂ ਕਰ ਦਿੰਦੇ ਤੇ ਉਸ ਅੰਦਰ ਕਾਫ਼ੀ ਪਟਾਕੇ ਭਰ ਦਿੰਦੇ ਤਾਂ ਕਿ ਜਿਉਂ ਹੀ ਸ੍ਰੀ ਰਾਮ ਦਾ ਤੀਰ ਰਾਵਣ ਦੀ ਧੁੰਨੀ 'ਚ ਲੱਗੇ, ਸਾਰੇ ਪਟਾਕੇ ਠਾਹ-ਠਾਹ ਵੱਜਣ ਤੇ ਪੂਰੇ ਦਾ ਪੂਰਾ ਰਾਵਣ ਸੜ ਕੇ ਸੁਆਹ ਹੋ ਜਾਵੇ। ਇਸ ਤਿਉਹਾਰ ਬਾਰੇ ਸੱਯਦ ਮੀਰ ਅਲੀ 'ਮੀਰ ਨੇ ਸੁੰਦਰ ਕਵਿਤਾ ਲਿਖੀ:

ਆ ਗਿਆ ਪਿਆਰਾ ਦੁਸਹਿਰਾ,
ਛਾਅ ਗਿਆ ਉਤਸ਼ਾਹ ਬਲ
ਮਾਤ ਪੂਜਾ, ਸ਼ਕਤੀ ਪੂਜਾ,
ਬੀਰ ਪੂਜਾ ਹੈ ਬਿਮਲ।

ਇਹ ਕਵਿਤਾ ਬਹੁਤ ਚਰਚਿਤ ਹੋਈ। ਹਿੰਦੀ 'ਚ ਲਿਖਣ ਵਾਲੇ ਕਈ ਮੁਸਲਮਾਨ ਕਵੀ ਹੋਏ ਹਨ ਜਿਨ੍ਹਾਂ ਨੇ ਚੰਗੀਆਂ ਕਵਿਤਾਵਾਂ ਲਿਖੀਆਂ। ਦੁਸਹਿਰੇ ਮਗਰੋਂ ਦੀਵਾਲੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਜਾਂਦਾ। ਹਰ ਘਰ ਦੀ ਛੱਤ ਤੇ ਦਰਵਾਜ਼ਿਆਂ ਮੂਹਰੇ ਦੀਵੇ ਜਗਾ ਕੇ ਰੱਖੇ ਜਾਂਦੇ। ਉਦੋਂ ਮੋਮਬੱਤੀਆਂ ਜਗਾਉਣ ਦਾ ਰਿਵਾਜ਼ ਨਹੀਂ ਸੀ। ਹਾਂ, ਅਨਾਰਕਲੀ ਬਾਜ਼ਾਰ 'ਚ ਕਈ ਵੱਡੇ ਦੁਕਾਨਦਾਰ ਬਿਜਲੀ ਦੀਆਂ ਲੜੀਆਂ ਉੱਪਰ ਲੱਗੇ ਬਲਬ ਜਗਾ ਲੈਂਦੇ ਸਨ। ਇਸ ਰਾਤ ਲੋਕ ਖ਼ਾਸਕਰ ਬੱਚੇ ਤੇ ਨੌਜੁਆਨ ਪਟਾਕੇ ਤੇ ਫੁਲਝੜੀਆਂ ਚਲਾਉਂਦੇ। ਇਨ੍ਹਾਂ 'ਚ ਆਤਿਸ਼ਬਾਜ਼ੀ, ਅਨਾਰ ਤੇ ਹਵਾ 'ਚ ਉੱਡਣ ਵਾਲੀਆਂ ਹਵਾਈਆਂ ਵੀ ਹੁੰਦੀਆਂ। ਲੋਕ ਨਵੇ ਕੱਪੜੇ ਪਾਉਂਦੇ। ਮਿਠਾਈਆਂ ਵੰਡਦੇ। ਇਸ ਦਿਨ ਸ੍ਰੀ ਰਾਮ ਚੰਦਰ, ਸੀਤਾ, ਲਛਮਣ ਆਪਣੇ ਹੋਰ ਸਾਥੀਆਂ ਨਾਲ ਚੌਦਾਂ ਸਾਲ ਦੇ ਬਨਵਾਸ ਮਗਰੋਂ ਅਯੌਧਿਆ ਪਰਤੇ ਸਨ।

ਨਵੰਬਰ 'ਚ ਪੂਰਨਮਾਸ਼ੀ ਦੇ ਦਿਨ ਗੁਰੂ ਨਾਨਕ ਦੇਵ ਦਾ ਜਨਮ ਦਿਨ ਮਨਾਇਆ ਜਾਂਦਾ। ਲੋਕ ਦੀਵੇ ਜਗਾ ਕੇ ਦੀਵਾਲੀ ਵਰਗਾ ਮਾਹੌਲ ਬਣਾ ਦਿੰਦੇ। ਗਰਮੀਆਂ 'ਚ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਨ ਮਨਾਉਂਦੇ, ਹਰ ਪਾਸੇ ਛਬੀਲਾਂ ਲਗਾਈਆਂ ਜਾਂਦੀਆਂ। ਰਾਹ ਜਾਂਦੇ ਰਾਹੀਆਂ ਨੂੰ ਰੋਕ ਕੇ ਠੰਢਾ ਸ਼ਰਬਤ ਪਿਲਾਇਆ ਜਾਂਦਾ। ਇਸ 'ਚ ਗਰੀਬ ਜਾਂ ਅਮੀਰ ਦਾ ਕੋਈ ਫਰਕ ਨਹੀਂ ਸੀ ਕੀਤਾ ਜਾਂਦਾ। ਸਿੱਖਾਂ 'ਚ ਭਾਈਚਾਰਕ ਮੇਲ ਬਹੁਤ ਵਧੇਰੇ ਹੁੰਦਾ।

ਦਸੰਬਰ 'ਚ ਕ੍ਰਿਸਮਸ ਦਾ ਜਸ਼ਨ ਸਿਰਫ ਇਸਾਈ ਹੀ ਨਹੀਂ ਸਨ ਮਨਾਉਂਦੇ, ਸਭ ਲੋਕ ਇਸ 'ਚ ਹਿੱਸਾ ਲੈਂਦੇ। ਪੱਚੀ ਦਸੰਬਰ ਈਸਾ ਮਸੀਹ ਦਾ ਜਨਮ ਦਿਨ ਹੁੰਦਾ ਹੈ। ਲਾਹੌਰ 'ਚ ਤਾਂ ਸਾਰੇ ਸ਼ਹਿਰ, ਖ਼ਾਸਕਰ ਬਾਹਰ ਦੀਆਂ ਸੜਕਾਂ ਜਿਵੇਂ ਮਾਲ ਰੋਡ, ਮੈਕਲੋਡ ਰੋਡ ਆਦਿ 'ਤੇ ਖ਼ੂਬ ਸਜਾਵਟ ਕੀਤੀ ਜਾਂਦੀ। ਫਲਾਂ ਦੀਆਂ ਦੁਕਾਨਾਂ ਖਾਸ ਚਾਂਦਨੀਆਂ ਦੀ ਛਾਂ ਹੇਠ ਤਖ਼ਤਪੋਸ਼ ਵਿਛਾ ਕੇ ਸਜਾਈਆਂ ਜਾਂਦੀਆਂ। ਉਥੇ ਲੋਕ 'ਡਲੀਆਂ' ਬਣਵਾ ਕੇ ਅੰਗਰੇਜ਼ ਅਫਸਰਾਂ ਨੂੰ ਪਹੁੰਚਾਉਂਦੇ। ਕਿਤੇ-ਕਿਤੇ ਕਾਰਨੀਵਾਲ ਵੀ ਲੱਗੀ ਹੁੰਦੀ ਜਿਥੇ ਕਈ ਪ੍ਰਕਾਰ ਦੇ ਖੇਲ-ਤਮਾਸ਼ੇ ਦਿਖਾਏ ਜਾਂਦੇ। ਲਾਹੌਰ ਦੀ ਹਰ ਚੀਜ਼ 'ਚ ਜੋਸ਼-ਓ-ਖਰੋਸ਼ ਭਰਿਆ ਹੁੰਦਾ। ***(ਚੱਲਦਾ)***

# ਮਾਂ ਬੋਲੀ ਨੂੰ ਸਮਰਪਿਤ ਕਵਿਤਾਵਾਂ

## ਇਹਦੀ ਸ਼ਾਨ ਨਵਾਬੀ

ਪੜ੍ਹ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ ਯਾਰ
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।

ਗੁਰੂਆਂ-ਭਗਤਾਂ ਦਾ ਗ੍ਰੰਥ, ਜੋ ਲਿਖਿਆ ਵਿਚ ਪੰਜਾਬੀ
ਏਸੇ ਗੁਰੂ ਗ੍ਰੰਥ ਤੋਂ ਮਿਲਦੀ, ਸਾਨੂੰ ਸਮਝ ਖ਼ੁਦਾ ਦੀ
ਪੰਜਾਬੀ ਇਨਸਾਨ ਬਣਾਇਆ, ਸਾਨੂੰ ਸਿਰਜਣਹਾਰ।
ਮਾਤ-ਭਾਸ਼ਾ ਦਾ...।

ਇਸ ਭਾਸ਼ਾ ਵਿਚ ਫ਼ਰੀਦ, ਕਬੀਰ ਜੀ,
ਰਚੇ ਨੇ ਕਈ ਸ਼ਲੋਕ
ਦੇਸ਼-ਵਿਦੇਸ਼ 'ਚ ਲੱਖਾਂ, ਏਹੋ ਬੋਲੀ ਬੋਲਣ ਲੋਕ
ਉਨ੍ਹਾਂ ਦਰਵੇਸ਼ਾਂ ਜਿਹਾ ਹੋਵੇ, ਸਾਡਾ ਵੀ ਕਿਰਦਾਰ।
ਮਾਤ-ਭਾਸ਼ਾ ਦਾ...।

ਗੁਰਬਾਣੀ ਤੇ ਸੂਫ਼ੀ ਕਵਿਤਾ, ਵਾਰਾਂ-ਕਿੱਸੇ-ਦੋਹੇ
ਇਸ ਭਾਸ਼ਾ ਵਿਚ ਵਾਰਿਸ ਸ਼ਾਹ ਨੇ,
ਇਸ਼ਕ ਦੇ ਨਗ਼ਮੇ ਛੋਹੇ
ਵਿਚ ਪੰਜਾਬੀ ਲਿਖਿਆ ਪੀਲੂ, ਮੁਕਬਲ, ਅਹਿਮਦ ਯਾਰ।
ਮਾਤ-ਭਾਸ਼ਾ ਦਾ...।

ਹਾਸ਼ਮ ਸ਼ਾਹ ਤੇ ਸ਼ਿਵ ਕੁਮਾਰ ਨੇ, ਲਿਖੇ ਨੇ ਬਿਰਹਾ ਗੀਤ
ਏਸੇ ਭਾਸ਼ਾ ਵਿਚ ਲਿਖਦਾ ਹੈ, ਕਵਿਤਾ 'ਨਵ ਸੰਗੀਤ'
ਸਾਰੇ ਨੇ ਪੰਜਾਬੀ, ਹਿੰਦੂ-ਮੁਸਲਿਮ ਤੇ ਸਰਦਾਰ।
ਮਾਤ-ਭਾਸ਼ਾ ਦਾ...।

ਕਦੇ ਏਸਨੂੰ ਸਮਝ ਗੰਵਾਰੂ, ਪੈਰਾਂ ਵਿਚ ਹੈ ਰੋਲੀ
ਬੋਲ ਕੇ ਵੇਖ ਪੰਜਾਬੀ ਭਾਸ਼ਾ, ਹੈ ਨਾ ਮਿਸ਼ਰੀ ਘੋਲੀ
ਮਾਂ-ਬੋਲੀ ਬੋਲਣ ਵਾਲੇ ਨੂੰ, ਨਾ ਪਾਈਏ ਫਿਟਕਾਰ।
ਮਾਤ-ਭਾਸ਼ਾ ਦਾ...।

ਪਿਉ-ਦਾਦੇ ਦਾ ਖੋਲ੍ਹ ਵੇਖੀਏ, ਇਹ ਅਨਮੋਲ ਖ਼ਜ਼ਾਨਾ
ਆਪਸ ਵਿਚ ਪੰਜਾਬੀ ਬੋਲੋ, ਕੋਈ ਨਾ ਦਿਸੇ ਬੇਗਾਨਾ
ਮਾਂ-ਬੋਲੀ ਦਾ ਉੱਚਾ ਰੁਤਬਾ, ਵਿਰਸਾ, ਸਭਿਆਚਾਰ।
ਮਾਤ-ਭਾਸ਼ਾ ਦਾ...।

ਜਨਮ-ਮਰਨ ਤੇ ਵਿਆਹ ਦੇ ਮੌਕੇ,
ਜਾਂ ਫਿਰ ਖ਼ੁਸ਼ੀ-ਗ਼ਮੀ ਵਿਚ
ਇਹੋ ਭਾਸ਼ਾ ਤ੍ਰਿਪਤੀ ਦੇਵੇ, ਸਾਨੂੰ ਖ਼ੁਸ਼ਕ-ਨਮੀ ਵਿਚ
ਗਿਣੇ ਨਾ ਜਾਵਣ ਮਾਂ-ਬੋਲੀ ਦੇ, ਕਿੰਨੇ ਨੇ ਉਪਕਾਰ।
ਮਾਤ-ਭਾਸ਼ਾ ਦਾ...।

ਵਿਚ ਸੰਸਾਰ ਦੇ ਇਸ ਭਾਸ਼ਾ ਨੂੰ, ਮਿਲਿਆ ਉੱਚਾ ਦਰਜਾ
ਮੰਨੀਏ ਖ਼ੁਦ ਨੂੰ ਜੇ ਪੰਜਾਬੀ, ਬਿਨ ਇਹਦੇ ਨਾ ਸਰਦਾ
ਰਫ਼ਤਾ-ਰਫ਼ਤਾ ਕਰਕੇ ਇਸ ਦੀ, ਤੇਜ਼ ਹੋਈ ਰਫ਼ਤਾਰ।
ਮਾਤ-ਭਾਸ਼ਾ ਦਾ...।

ਕੁਝ ਪੜ੍ਹਦੇ ਅਖ਼ਬਾਰ ਰਸਾਲੇ, ਪੜ੍ਹਨ ਕਈ ਗੁਰਬਾਣੀ
ਮਾਂ-ਬੋਲੀ ਪੰਜਾਬੀ ਸਾਡੀ, ਗੱਲ ਇਹ ਸੱਚੀ ਜਾਣੀ
ਦੇਸ਼-ਵਿਦੇਸ਼ੀਂ ਬੋਲਣ, ਮੰਦਿਰ-ਮਸਜਿਦ-ਗੁਰ ਦਰਬਾਰ।
ਮਾਤ-ਭਾਸ਼ਾ ਦਾ...।
ਸਮਝੋ-ਸਿੱਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ
'ਰੂਹੀ' ਉੱਚੀ ਆਖ ਸੁਣਾਵੇ: ਇਹਦੀ ਸ਼ਾਨ ਨਵਾਬੀ
ਮਾਂ-ਬੋਲੀ ਸੁਣ ਕੇ ਹੈ ਛਿੜਦੀ,
ਕਣ ਕਣ ਵਿਚ ਝੁਣਕਾਰ।
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।

***-ਪ੍ਰੋ. ਨਵ ਸੰਗੀਤ ਸਿੰਘ***

---

## 'ਮਾਂ ਬੋਲੀ ਪੰਜਾਬੀ'

ਮਿੱਠੀ ਮਿੱਠੀ ਪਿਆਰੀ ਪਿਆਰੀ,
ਮਾਂ ਬੋਲੀ ਪੰਜਾਬੀ ਬੜੀ ਨਿਆਰੀ,
ਇਹ ਬੋਲੀ ਮੇਰੀ ਮਾਂ ਸਿਖਾਈ,
ਵਿਰਸੇ 'ਚੋਂ ਮੇਰੇ ਹਿੱਸੇ ਆਈ,
ਲਗਾਂ ਮਾਤਰਾ ਨਾਲ ਸ਼ਿੰਗਾਰੀ,
ਮਿੱਠੀ ਮਿੱਠੀ...।

ਸਭ ਬੋਲੀਆਂ ਤੋਂ ਮਿੱਠੀ ਬੋਲੀ,
ਜਾਪੇ ਖੰਡ ਮਿਸ਼ਰੀ ਵਿਚ ਘੋਲੀ,
ਮੈਂ ਇਸ ਤੋਂ ਜਾਵਾਂ ਬਲਿਹਾਰੀ,
ਮਿੱਠੀ ਮਿੱਠੀ...।

ਬੇਸ਼ੱਕ ਵਿਚ ਪ੍ਰਦੇਸਾਂ ਜਾਵਾਂ,
ਮਾਂ ਬੋਲੀ ਨਾ ਕਦੇ ਭੁਲਾਵਾਂ,
ਪੰਜਾਬੀ ਨਾਲ ਸਾਡੀ ਸਰਦਾਰੀ,
ਮਿੱਠੀ ਮਿੱਠੀ...।
ਫਰੀਦ, ਬੁੱਲ੍ਹਾ ਤੇ ਨਾਨਕ ਬੋਲਣ,
ਦਿਲ ਦੀਆਂ ਗੁੱਝੀਆਂ ਘੁੰਢੀਆਂ ਖੋਲ੍ਹਣ,
ਇਹ ਸਭਨਾਂ ਧਰਮਾਂ ਸਤਿਕਾਰੀ,
ਮਿੱਠੀ ਮਿੱਠੀ...।

ਰਾਵੀ ਦੇ ਦੋ ਪਾਸੀਂ ਬੋਲਣ,
ਪੰਜਾਬੀ ਦਿਲ ਦੇ ਦੁਖੜੇ ਫੋਲਣ,
ਇਸ ਦੇ ਬੜੇ ਵਿਦਵਾਨ ਲਿਖਾਰੀ,
ਮਿੱਠੀ ਮਿੱਠੀ...।

ਹਿੰਦੂ ਮੁਸਲਮ ਸਿੱਖ ਈਸਾਈ,
ਸਭ ਦੀ ਸਾਂਝੀ ਸਭ ਦੀ ਮਾਈ,
ਸਭ ਨੇ ਮੁੱਖੋਂ ਇਹ ਉਚਾਰੀ,
ਮਿੱਠੀ ਮਿੱਠੀ...।

ਬੋਲ ਪੰਜਾਬੀ ਦੇ ਮਿੱਠੇ ਲੱਗਦੇ,
ਸਭ ਦੇ ਮੂੰਹੋਂ ਸੋਹਣੇ ਫੱਬਦੇ,
ਇਸ ਨੂੰ ਰੱਖੋ ਸਦਾ ਸੁਆਰੀ,
ਮਿੱਠੀ ਮਿੱਠੀ...।

ਮਾਂ ਬੋਲੀ ਨੂੰ ਕਰੋ ਪਿਆਰ,
'ਪਸਨਾਵਾਲੀਆ' ਜੇ ਲੈਣਾ ਸਤਿਕਾਰ,
ਸਾਂਭੋ ਇਹ ਫੁੱਲਾਂ ਦੀ ਕਿਆਰੀ,
ਮਿੱਠੀ ਮਿੱਠੀ ਪਿਆਰੀ ਪਿਆਰੀ,
**ਮਾਂ ਬੋਲੀ ਪੰਜਾਬੀ ਬੜੀ ਨਿਆਰੀ।**

***-ਸੁੱਚਾ ਸਿੰਘ ਪਸਨਾਵਾਲ,***
***ਫੋਨ: 99150-33740***

---

## ਓਸ ਮਾਂ ਬੋਲੀ ਪੰਜਾਬੀ ਨੂੰ ਅੱਜ ਦਿਲੋਂ ਸਲਾਮ ਏ...

ਜਿਸ ਦੇ ਮਿੱਠੇ ਬੋਲਾਂ ਨੂੰ ਮਾਂ ਦੀ ਗੋਦ 'ਚ ਬੈਠ
ਲੋਰੀਆਂ ਦੀ ਸ਼ਕਲ 'ਚ ਸੁਣਿਆ ਏ।
ਤੇ ਜਿਸ 'ਚ ਅਸੀਂ ਨੇ ਬੁੱਧੀਜੀਵੀਆਂ ਦੀਆਂ ਅਕਲਾਂ ਨੂੰ
ਉਨ੍ਹਾਂ ਦੀਆਂ ਕਿਤਾਬਾਂ ਰਾਹੀਂ ਪੜ੍ਹਿਆ ਏ।
ਤੇ ਆਪਣੇ ਦਿਮਾਗ਼ ਵਿਚਲੇ ਹਨ੍ਹੇਰੇ ਨੂੰ ਰੌਸ਼ਨ ਕਰਿਆ ਏ।
ਓਸ ਮਾਂ ਬੋਲੀ ਪੰਜਾਬੀ ਨੂੰ ਅੱਜ ਦਿਲੋਂ ਸਲਾਮ ਏ...

ਜਿਸ ਦੀ ਮਿਠੜੀ ਬੋਲੀ 'ਚ
ਸੁਰਤ ਸੰਭਲਦਿਆਂ ਈ
ਬਾਬੇ ਫਰੀਦ ਦੇ ਸ਼ਲੋਕਾਂ ਨੂੰ ਸੁਣਿਆ ਏ।
ਤੇ ਬਾਬੇ ਨਾਨਕ ਦੀਆਂ ਸਾਖੀਆਂ ਸੁਣ,
ਅਕਸਰ ਸਿਰ ਧੁਣਿਆ ਏ।
ਤੇ ਕਦੀ ਕਦਾਈਂ ਵਾਰਸ ਦੀ ਹੀਰ ਨੂੰ
ਸੱਥਾਂ 'ਚ ਬਹਿ ਸੁਣਿਆ ਏ।
ਓਸ ਮਾਂ ਬੋਲੀ ਪੰਜਾਬੀ ਨੂੰ ਅੱਜ ਦਿਲੋਂ ਸਲਾਮ ਏ...।
ਜਿਸ 'ਚ ਜੰਗਨਾਮਾ ਸਿੰਘਾਂ ਤੇ ਫਰੰਗੀਆਂ ਰਚਿਆ ਏ।
ਤੇ ਜਿਸ 'ਚ ਹਾਸ਼ਮ ਨੇ ਸੱਸੀ ਦਾ ਸਾਰਾ ਦੁੱਖ ਕਹਿ ਧਰਿਆ ਏ।
ਭਾਈ ਵੀਰ ਨੇ ਜਿਸ ਚ ਆਪਣਾ ਕਲਾਮ ਲਿਖ ਭਰਿਆ ਏ।
ਓਸ ਮਾਂ ਬੋਲੀ ਪੰਜਾਬੀ ਨੂੰ ਅੱਜ ਦਿਲੋਂ ਸਲਾਮ ਏ...।

ਜਿਸ ਵਿਚ ਬਚਪਨ ਤੋਂ ਲੈ ਹੁਣ ਤੱਕ
ਕੰਵਲ ਤੇ ਗੁਰਦਿਆਲ ਪੜ੍ਹਿਆ ਏ।
ਤੇ ਜਿਸ 'ਚ ਸ਼ਿਵ ਦੀ ਲੂਣਾ ਦਾ ਕਿਰਦਾਰ ਜੜਿਆ ਏ।
ਤੇ ਪਰਸਾ ਜਿਸ 'ਚ ਇੱਕ ਸੁਰਜੀਤ ਪਾਤਰ ਬਣ
ਹਾਲੇ ਤਾਈਂ ਖੜਿਆ ਏ।
ਤੇ ਅੱਜ ਵੀ ਚੇਤੇ ਹੈ ਉਹ ਜੋ ਦਸਵੀਂ 'ਚ
ਨਾਵਲ 'ਤੂਤਾਂ ਵਾਲਾ ਖੂਹ' ਪੜ੍ਹਿਆ ਏ।
ਓਸ ਮਾਂ ਬੋਲੀ ਪੰਜਾਬੀ ਨੂੰ ਅੱਜ ਦਿਲੋਂ ਸਲਾਮ ਏ...।

ਜਿਸ 'ਚ ਮੈਂ ਇੱਕ ਵਿਦਿਆਰਥੀ ਤੋਂ ਲੈ ਹੁਣ ਤੱਕ
ਇੱਕ ਪਾਠਕ ਤੋਂ ਲੇਖਕ ਬਣਨ ਤੱਕ ਦਾ
ਸਫਰ ਤੈਅ ਕਰਿਆ ਏ।
ਤੇ ਜਿਸ ਬੋਲੀ ਸਦਕਾ ਪਾਠਕਾਂ ਦੇ ਮਨਾਂ ਅੰਦਰ
ਆਪਣਾ ਇੱਕ ਘਰ ਕਰਿਆ ਏ।
ਓਸ ਮਾਂ ਬੋਲੀ ਪੰਜਾਬੀ ਨੂੰ ਅੱਜ ਦਿਲੋਂ ਸਲਾਮ ਏ...।

***-ਮੁਹੰਮਦ ਅੱਬਾਸ ਧਾਲੀਵਾਲ***
***ਫੋਨ: 98552-59650***

# ਭਾਸ਼ਾ ਜਾਂ ਲਿਪੀ: ਸੰਕਟ ਤੇ ਚੁਣੌਤੀ ਕੀ?

**ਡਾ. ਸਤਿਨਾਮ ਸਿੰਘ ਸੰਧੂ**

ਲਿਪੀ ਦਾ ਵਿਕਾਸ ਜਾਂ ਭਾਸ਼ਾ ਦਾ; ਇਹ ਆਪਣੇ ਆਪ ਵਿਚ ਬਹੁਤ ਗੁੰਝਲਦਾਰ ਸਵਾਲ ਹੈ? ਅੱਜ ਕੱਲ੍ਹ ਪੰਜਾਬੀ ਦੇ ਵਿਕਾਸ ਨੂੰ ਲੈ ਕੇ ਬਹੁਤ ਸਾਰੀਆਂ ਥਾਵਾਂ 'ਤੇ ਬਹੁਤ ਸਾਰੀ ਚਰਚਾ ਹੋ ਰਹੀ ਹੈ। ਲਿਪੀ ਅਤੇ ਭਾਸ਼ਾ ਦੋ ਵੱਖ-ਵੱਖ ਵਰਤਾਰੇ ਹਨ। ਭਾਸ਼ਾ ਤੁਹਾਡੀ ਰੂਹ ਵਾਂਗ ਹੈ। ਭਾਸ਼ਾ ਵਿਚ ਤੁਹਾਡੇ ਵਿਚਾਰ ਹਨ। ਭਾਸ਼ਾ ਵਿਚ ਤੁਹਾਡੀ ਦ੍ਰਿਸ਼ਟੀ ਹੈ। ਭਾਸ਼ਾ ਵਿਚ ਤੁਹਾਡਾ ਗਿਆਨ, ਵਿਗਿਆਨ ਅਤੇ ਦਰਸ਼ਨ ਹੈ। ਜੋ ਤੁਸੀਂ ਬੋਲਦੇ ਹੋ; ਤੁਹਾਡਾ ਸੱਭਿਆਚਾਰ ਵੀ ਭਾਸ਼ਾ ਹੀ ਹੈ। ਤੁਹਾਡੀ ਜ਼ੁਬਾਨ ਵਿਚੋਂ ਹਰ ਨਿਕਲਿਆ ਹੋਇਆ ਸ਼ਬਦ; ਜੋ ਦੂਸਰੇ ਦੇ ਕੰਨਾਂ ਤੱਕ ਵਿਚਾਰਾਂ ਦਾ ਸੰਚਾਰ ਕਰਦਾ ਹੈ ਉਹ ਹੀ ਭਾਸ਼ਾ ਹੈ। ਮਨੁੱਖ ਦੀ ਸੰਪੂਰਨ ਸ਼ਖ਼ਸੀਅਤ ਦਾ ਬਿੰਬ ਭਾਸ਼ਾ ਰਾਹੀਂ ਉਸਰਦਾ ਹੈ। ਕਿਸੇ ਵੀ ਬੋਲੀ ਦਾ ਸਮੂਹਿਕ ਵਿਹਾਰ ਅਤੇ ਸੰਚਾਰ; ਭਾਸ਼ਾ ਹੀ ਹੈ। ਨਿਰਅਰਥ ਵਰਣ ਤੋਂ ਅਰਥ ਭਰਪੂਰ ਸ਼ਬਦ ਦੀ ਸਿਰਜਣਾ ਭਾਸ਼ਾ ਵਿਚ ਹੁੰਦੀ ਹੈ। ਸ਼ਬਦਾਂ ਤੋਂ ਵਾਕ ਬਣ ਕੇ ਵਿਚਾਰਾਂ ਨੂੰ ਸਥੂਲ ਰੂਪ ਪ੍ਰਦਾਨ ਕਰਨਾ ਵੀ ਭਾਸ਼ਾ ਦਾ ਹੀ ਕੰਮ ਹੈ। ਜੋ ਵਰਤਾਰਾ ਭਾਸ਼ਾ ਅਤੇ ਬੋਲੀ ਦੇ ਬਾਹਰੀ ਸਰੂਪ; ਆਵਾਜ਼ ਦੇ ਨਸ਼ਵਰ ਬੋਧ ਨੂੰ ਦਿੱਖ ਪ੍ਰਦਾਨ ਕਰਦਾ ਹੈ; ਉਸ ਨੂੰ ਲਿਪੀ ਕਿਹਾ ਜਾਂਦਾ ਹੈ। ਲਿਖਤ ਅੱਖਰ ਵਿਅਕਤੀ ਦੀ ਪੁਸ਼ਾਕ ਵਾਂਗ ਹਨ। ਲਿਖਤੀ ਭਾਸ਼ਾ ਵਿਚ ਬੋਲੇ ਗਏ ਸ਼ਬਦਾਂ ਨੂੰ ਸੰਗ੍ਰਹਿ ਕਰਨ ਦਾ ਇਤਿਹਾਸ ਹੀ ਲਿਪੀ ਹੈ। ਸੰਪੂਰਨ ਭਾਸ਼ਾ ਦੀਆਂ ਇਕ ਤੋਂ ਵਧੇਰੇ ਲਿੱਪੀਆਂ ਹੋ ਸਕਦੀਆਂ ਹਨ। ਇਹ ਵੀ ਸੱਚ ਹੈ ਕਿ ਇੱਕ ਲਿਪੀ ਵਿਚ ਇਕ ਤੋਂ ਵਧੇਰੇ ਭਾਸ਼ਾਵਾਂ ਵੀ ਲਿਖੀਆਂ ਜਾ ਸਕਦੀਆਂ ਹਨ। ਰੋਮਨ ਲਿਪੀ ਵਿਚ ਯੂਰਪ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨੂੰ ਲਿਖਿਆ ਜਾਂਦਾ ਹੈ। ਸ਼ਾਹਮੁਖੀ ਲਿਪੀ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਲਿਖੀਆਂ ਜਾਂਦੀਆਂ ਹਨ। ਦੇਵਨਾਗਰੀ ਲਿਪੀ ਵਿਚ ਇਕ ਤੋਂ ਵੱਧ ਭਾਸ਼ਾਵਾਂ ਦੀ ਲਿਖਤ ਸਾਹਮਣੇ ਆਉਂਦੀ ਹੈ।

ਜੇਕਰ ਹੋਰ ਵਿਸਤ੍ਰਿਤ ਰੂਪ ਵਿਚ ਗੱਲ ਕਰਨੀ ਹੋਵੇ ਤਾਂ ਬੋਲੀ ਤਾਂ ਕਿਸੇ ਵੀ ਭਾਸ਼ਾ ਦਾ ਉਚਾਰ ਵਾਲਾ ਰੂਪ ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਜ਼ੁਬਾਨੀ ਰੂਪ ਵਿਚ ਕਿਸੇ ਨਾਲ ਸੰਚਾਰ ਕਰਦੇ ਹਾਂ ਤਾਂ ਸਾਡੇ ਮੂੰਹ ਵਿਚੋਂ ਨਿਕਲੇ ਸ਼ਬਦ; ਦੂਸਰੇ ਦੇ ਕੰਨਾਂ ਤੱਕ ਜਾਂਦੇ ਹਨ ਉਸਨੂੰ ਉਚਾਰ ਹੀ ਕਿਹਾ ਜਾਂਦਾ ਹੈ। ਬੋਲੀ ਕੰਨਾਂ ਤੱਕ ਜਾ ਕੇ; ਭਾਵ ਨੂੰ ਦੂਸਰੇ ਤਕ ਸੰਚਾਰਿਤ ਕਰ ਕੇ ਖਤਮ ਹੋ ਜਾਂਦੀ ਹੈ। ਬੋਲੀ ਦੇ ਸਹੀ ਪ੍ਰਬੰਧ ਨੂੰ ਨਿਯਮਤ ਕਰਨ ਵਾਲੇ ਵਰਤਾਰੇ ਨੂੰ ਵਿਆਕਰਣ ਕਿਹਾ ਜਾਂਦਾ ਹੈ। ਬੋਲੀ ਤੋਂ ਭਾਸ਼ਾ ਤੱਕ ਜਾਣ ਲਈ; ਜਿਨ੍ਹਾਂ ਨੇਮਾਂ ਅਤੇ ਪ੍ਰਬੰਧਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸਨੂੰ ਵਿਆਕਰਣ ਹੀ ਸੇਧ ਦਿੰਦੀ ਹੈ। ਬੋਲੀ ਵਿਚ ਨਾਮ ਕਿਵੇਂ ਵਰਤਣਾ ਹੈ। ਬੋਲੀ ਵਿਚ ਕਿਰਿਆ ਕਿਵੇਂ ਵਰਤਣੀ ਹੈ। ਬੋਲੀ ਵਿਚ ਪੜਨਾਂਵ ਨੂੰ ਕਿਸ ਪ੍ਰਕਾਰ ਪੇਸ਼ ਕਰਨਾ ਹੈ। ਬੋਲੀ ਵਿਚ ਕਾਲ ਨੂੰ ਕਿਸ ਪ੍ਰਕਾਰ ਦੇਖਿਆ ਜਾਂਦਾ ਹੈ। ਬੋਲੀ ਵਿਚ ਇਕ ਵਚਨ ਅਤੇ ਬਹੁਵਚਨ ਕਿਵੇਂ ਪੇਸ਼ ਹੁੰਦੇ ਹਨ। ਬੋਲੀ ਵਿਚ ਲਿੰਗ ਪੁਲਿੰਗ ਕਿਸ ਤਰ੍ਹਾਂ ਸਮਝੇ ਜਾਂਦੇ ਹਨ। ਇਹ ਸਭ ਵਰਤਾਰੇ ਵਿਆਕਰਣ ਦੇ ਖੇਤਰ ਵਿਚ ਆ ਜਾਂਦੇ ਹਨ। ਬੋਲੀ ਦੇ ਵਿਆਕਰਣ ਵਾਲੇ ਨਿਯਮਾਂ ਅਨੁਸਾਰ ਘੜੇ ਹੋਏ ਸਥੂਲ ਸਰੀਰ ਨੂੰ ਹੀ ਭਾਸ਼ਾ ਆਖਦੇ ਹਨ।



ਬੋਲੀ ਨੂੰ ਸਥੂਲ ਰੂਪ ਪ੍ਰਦਾਨ ਕਰਨ ਅਤੇ ਸੰਗ੍ਰਹਿ ਕਰਨ ਵਾਲੇ ਵਰਤਾਰਿਆਂ ਨੂੰ ਲਿੱਪੀ ਆਖਿਆ ਜਾਂਦਾ ਹੈ। ਤੁਹਾਡੇ ਹਵਾ ਵਿਚ ਬੋਲੇ ਹੋਏ ਸ਼ਬਦ; ਕੁਝ ਪਲਾਂ ਬਾਅਦ ਅਲੋਪ ਹੋ ਜਾਂਦੇ ਹਨ। ਤੁਹਾਡੇ ਬੋਲੇ ਹੋਏ ਸ਼ਬਦ ਨਸ਼ਵਰ ਹਨ। ਤੁਹਾਡੇ ਸ਼ਬਦਾਂ ਨੂੰ ਸਥੂਲ, ਠੋਸ ਅਤੇ ਚਿਰ ਸਥਾਈ ਰੂਪ ਪ੍ਰਦਾਨ ਕਰਨ ਵਿਚ ਲਿਪੀ ਦਾ ਯੋਗਦਾਨ ਹੈ। ਲਿਪੀ ਆਪਣੇ ਸਮੇਂ ਦੀ ਉਸ ਤਕਨਾਲੋਜੀ ਨੂੰ ਕਿਹਾ ਜਾਂਦਾ ਹੈ ਜਿਸ ਨੇ ਇੱਕ ਸਮੇਂ ਦੇ ਸ਼ਬਦਾਂ ਦੇ ਗਿਆਨ ਨੂੰ ਦੂਸਰੇ ਸਮੇਂ ਤੱਕ ਪਹੁੰਚਣ ਲਈ ਇਤਿਹਾਸ ਸਿਰਜਿਆ ਹੈ। ਜੇਕਰ ਲਿਪੀ ਨਾ ਹੁੰਦੀ ਤਾਂ ਸਾਡੀ ਸਭਿਅਤਾ ਨਹੀਂ ਉਸਰ ਸਕਦੀ ਸੀ। ਲਿਪੀ ਮਨੁੱਖ ਦੁਆਰਾ ਵਾਹੀਆਂ ਹੋਈਆਂ ਲਕੀਰਾਂ ਨੂੰ ਹੀ ਸਾਰਥਿਕ ਵਿਚਾਰ ਦਾ ਆਧਾਰ ਬਣਾਉਂਦੀ ਹੈ; ਜਿਸ ਨੂੰ ਅਵਾਜ਼ਾਂ ਦੇ ਸਮਾਨਅਰਥਕ ਰੂਪ ਵਿਚ ਦੇਖਿਆ ਜਾਂਦਾ ਹੈ।

ਲਿਖਤ ਜਾਂ ਲਿਪੀ; ਭਾਸ਼ਾ ਦਾ ਸਥਾਈ ਰੂਪ ਕਿਹਾ ਜਾ ਸਕਦਾ ਹੈ। ਕੀ ਭਾਸ਼ਾ ਨੂੰ ਕੇਵਲ ਇੱਕ ਲਿਪੀ ਵਿਚ ਲਿਖ ਕੇ ਹੀ ਬਚਾਇਆ ਜਾ ਸਕਦਾ ਹੈ? ਇਹ ਆਪਣੇ ਆਪ ਵਿਚ ਬਹੁਤ ਗੁੰਝਲਦਾਰ ਪ੍ਰਸ਼ਨ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬੀ ਦੀਆਂ ਦੋ ਪ੍ਰਚੱਲਤ ਅਤੇ ਪ੍ਰਮਾਣਕ ਲਿਪੀਆਂ ਹਨ। ਭਾਰਤੀ ਪੰਜਾਬ ਵਿਚ ਵਰਤੀ ਜਾਣ ਵਾਲੀ ਲਿਪੀ ਨੂੰ ਗੁਰਮੁਖੀ ਅਤੇ ਪਾਕਿਸਤਾਨੀ ਪੰਜਾਬ ਵਿਚ ਵਰਤੀ ਜਾਣ ਵਾਲੀ ਲਿਪੀ ਸ਼ਾਹਮੁਖੀ ਕਿਹਾ ਜਾਂਦਾ ਹੈ। ਪੰਜਾਬ ਦੀਆਂ ਕਈ ਸੰਸਥਾਵਾਂ ਲਗਾਤਾਰ ਕੋਸ਼ਿਸ਼ ਕਰ ਰਹੀਆਂ ਹਨ ਕਿ ਪੰਜਾਬੀ ਲਿਪੀ ਨੂੰ ਬਚਾਇਆ ਜਾਵੇ। ਲਿਪੀ ਨੂੰ ਬਚਾਉਣਾ ਜ਼ਰੂਰੀ ਹੈ ਕਿ ਭਾਸ਼ਾ ਨੂੰ; ਬਹੁਤੀ ਵਾਰ ਅਸੀਂ ਇਸ ਸਮੱਸਿਆ ਦਾ ਸ਼ਿਕਾਰ ਹੋ ਰਹੇ ਹਾਂ। ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਅਸੀਂ ਬੋਲੀ ਅਤੇ ਭਾਸ਼ਾ ਨੂੰ ਬਚਾਉਣਾ ਚਾਹੁੰਦੇ ਹਾਂ ਲਿਪੀ ਨੂੰ। ਲਿਪੀ ਨੂੰ ਵੀ ਬਚਾਉਣਾ ਜ਼ਰੂਰੀ ਹੈ ਪਰ ਭਾਸ਼ਾ ਦੀ ਕੀਮਤ 'ਤੇ ਨਹੀਂ। ਭਾਸ਼ਾ ਅਤੇ ਲਿਪੀ ਨੂੰ ਬਚਾਉਣ ਦੀਆਂ ਵਿਧੀਆਂ ਅਲੱਗ-ਅਲੱਗ ਹਨ। ਭਾਸ਼ਾ ਨੂੰ ਸਾਹਿਤ ਸਿਰਜਣਾ ਰਾਹੀਂ ਬਚਾਇਆ ਜਾ ਸਕਦਾ ਹੈ। ਭਾਸ਼ਾ ਵਿਚਾਰਾਂ ਦੀ ਅਮੀਰੀ ਨਾਲ ਬਚਦੀ ਹੈ। ਭਾਸ਼ਾ ਸਾਡੇ ਅੰਦਰੂਨੀ ਵਿਕਾਸ ਦੀ ਸੂਚਕ ਬਣਦੀ ਹੈ ਜਦੋਂ ਕਿ ਲਿਪੀ ਸਾਡੇ ਬਾਹਰੀ ਸੁਹਜ ਬਾਰੇ ਜਾਣਕਾਰੀ ਦਿੰਦੀ ਹੈ।

ਜ਼ਰੂਰੀ ਨਹੀਂ ਹੁੰਦਾ ਕਿ ਲਿਪੀ ਦੇ ਨਾ ਰਹਿਣ ਨਾਲ ਭਾਸ਼ਾ ਵੀ ਨਹੀਂ ਬਚੇਗੀ। ਜੇਕਰ ਸੰਸਕ੍ਰਿਤ ਭਾਸ਼ਾ ਸਮੇਂ ਰਹਿੰਦੇ ਆਧੁਨਿਕ ਲਿਪੀਆਂ ਨੂੰ ਅਪਣਾ ਲੈਂਦੀ ਤਾਂ ਅੱਜ ਉਹ ਮਰੀ ਹੋਈ ਭਾਸ਼ਾ ਨਹੀਂ ਹੋਣੀ ਸੀ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੇਕਰ ਤੁਸੀਂ ਆਪਣੀ ਬੋਲੀ ਅਤੇ ਭਾਸ਼ਾ ਨੂੰ ਅਤੇ ਸਮੇਂ ਦੀ ਤੋਰ ਦੇ ਨਾਲ ਚੱਲਦੇ ਰੱਖਣਾ ਹੈ ਤਾਂ ਹਮੇਸ਼ਾਂ ਧਿਆਨ ਦੇ ਨਾਲ ਹੀ ਰਹਿਣਾ ਪਵੇਗਾ। ਜਿਵੇਂ ਅਸੀਂ ਲੰਡਿਆਂ ਤੋਂ ਗੁਰਮੁਖੀ ਬਣੇ; ਲੜੀਵਾਰ ਸ਼ਬਦਾਂ ਨੂੰ ਅਲੱਗ ਕੀਤਾ; ਸੰਸਕ੍ਰਿਤ ਲਈ ਪੈਰ ਅੱਖਰ ਸ਼ਾਮਲ ਕੀਤੇ; ਫਾਰਸੀ ਲਈ ਪੈਰਾਂ ਵਿਚ ਬਿੰਦੀਆਂ ਪਾਈਆਂ; ਭਾਵ ਲਿਪੀ ਲਗਾਤਾਰ ਵਿਕਾਸ ਕਰਦੀ ਆਈ ਹੈ। ਜਿਸ ਪ੍ਰਕਾਰ ਸਾਡੇ ਰਹਿਣ-ਸਹਿਣ ਦੇ ਵਸੀਲੇ ਬਦਲ ਗਏ ਹਨ ਅਤੇ ਢੰਗ ਬਦਲ ਗਿਆ ਹੈ; ਲਿਖਣ ਦੀ ਕਲਾ ਬਦਲ ਗਈ ਹੈ ਇਸ ਪ੍ਰਕਾਰ ਲਿਪੀ ਨੇ ਸਦਾ ਬਦਲਦੇ ਰਹਿਣਾ ਹੈ।

ਇਸ ਲਈ ਆਉਣ ਵਾਲੇ ਸਮੇਂ ਵਿਦਵਾਨਾਂ ਨੂੰ ਇਸ ਬਾਰੇ ਫੈਸਲਾ ਲੈਣਾ ਪਵੇਗਾ ਕਿ ਕੀ ਉਹ ਕੇਵਲ ਲਿਪੀ ਨੂੰ ਬਚਾਉਣਾ ਚਾਹੁੰਦੇ ਹਨ ਜਾਂ ਪੰਜਾਬੀ ਭਾਸ਼ਾ ਨੂੰ ਬਚਾਉਣਾ ਚਾਹੁੰਦੇ ਹਨ? ਕੀ ਉਹ ਪੰਜਾਬੀ ਨੂੰ ਬਚਾਉਣ ਲਈ ਕਿਸੇ ਹੋਰ ਲਿਪੀ ਦੀ ਵੀ ਵਰਤੋਂ ਕਰ ਸਕਦੇ ਹਨ; ਇਹ ਭਵਿੱਖ ਦੇ ਪ੍ਰਸ਼ਨ ਹਨ।

# ਮਾਤ-ਭਾਸ਼ਾ: ਆਤਮ-ਨਿਰਭਰਤਾ ਵਾਲਾ ਰਾਹ

***ਪਿਛਲੇ ਕੁਝ ਸਾਲਾਂ ਵਿਚ ਵੀ ਮਾਂ-ਬੋਲੀ ਦੇ ਮਹੱਤਵ ਨੂੰ ਲੈ ਕੇ ਵਿਚਾਰ-ਚਰਚਾ ਵਿਚ ਵਧੇਰੇ ਗਤੀਸ਼ੀਲਤਾ ਆਈ ਹੈ। ਭਾਸ਼ਾ ਵਿਗਿਆਨੀਆਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਚਿੰਤਾ ਹੈ ਕਿ ਮਾਂ-ਬੋਲੀਆਂ ਬੜੀ ਤੇਜ਼ੀ ਨਾਲ ਲੋਪ ਹੋ ਰਹੀਆਂ ਹਨ। ਅੱਜ ਦੇਸ਼ 'ਚ ਅਜਿਹੀਆਂ ਕਈ ਮਾਂ-ਬੋਲੀਆਂ ਹਨ ਜਿਨ੍ਹਾਂ ਦੇ ਬੋਲਣ ਵਾਲਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਅੱਜ ਜਦੋਂ ਧਰਤੀ ਨੂੰ ਵਿਸ਼ਵ-ਵਿਆਪੀ ਪਿੰਡ ਵਜੋਂ ਸਵੀਕਾਰ ਕੀਤਾ ਜਾ ਰਿਹਾ ਹੈ ਤਾਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇ ਸਿਰਫ਼ ਕੁਝ ਭਾਸ਼ਾਵਾਂ ਹੀ ਰਹਿ ਜਾਣਗੀਆਂ ਤਾਂ ਕੋਈ ਫ਼ਰਕ ਨਹੀਂ ਪਵੇਗਾ ਪਰ ਅਜਿਹਾ ਸੋਚਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਕਿਸੇ ਭਾਸ਼ਾ ਵਿਸ਼ੇਸ਼ ਦਾ ਵਿਨਾਸ਼ ਅਸਲ ਵਿਚ ਸਮੁੱਚੇ ਸੱਭਿਆਚਾਰ ਅਤੇ ਜੀਵਨ-ਦ੍ਰਿਸ਼ਟੀ ਦਾ ਵਿਨਾਸ਼ ਹੁੰਦਾ ਹੈ।***



**ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ**
**ਅਨੁਵਾਦ: ਡਾ. ਰਮਨਪ੍ਰੀਤ ਕੌਰ**
**ਡਾ. ਅਮਨਦੀਪ ਸਿੰਘ**

ਮਨੁੱਖ ਨੇ ਆਦਿ ਕਾਲ ਤੋਂ ਹੀ ਵਿਕਾਸ ਦੇ ਅਨੇਕਾਂ ਮਾਪਦੰਡ ਸਥਾਪਿਤ ਕੀਤੇ ਹਨ। ਉਸ ਦੀਆਂ ਸ੍ਰੇਸ਼ਠ ਪ੍ਰਾਪਤੀਆਂ ਵਿਚੋਂ ਭਾਸ਼ਾ ਦੀ ਕਾਢ, ਇਸ ਦੀ ਸੁਧਾਈ ਅਤੇ ਇਸ ਦੀ ਕਦੇ ਨਾ ਮੁੱਕਣ ਵਾਲੀ ਨਿਰੰਤਰ ਯਾਤਰਾ ਇੱਕ ਵੱਡੀ ਪ੍ਰਾਪਤੀ ਹੈ। ਭਾਸ਼ਾ ਦੇ ਮਹੱਤਵ ਬਾਰੇ ਸੰਸਕ੍ਰਿਤ ਅਚਾਰੀਆ ਦੰਡੀ ਦਾ ਵਿਚਾਰ ਸੀ ਕਿ ਜੇ ਭਾਸ਼ਾ ਨਾਂ ਦੀ ਜੋਤੀ ਜਾਂ ਸ਼ਬਦ ਪ੍ਰਕਾਸ਼ ਨਾ ਹੁੰਦਾ ਤਾਂ ਇਹ ਸੰਸਾਰ ਹਨੇਰੇ ਵਿਚ ਰਹਿਣਾ ਸੀ। ਇਸ ਬਾਰੇ ਉਨ੍ਹਾਂ ਦਾ ਪ੍ਰਸਿੱਧ ਕਥਨ ਹੈ- ਇਦਮੰਧਮ ਤਮਹ ਕ੍ਰਿਤਸਨਮ ਜਯਤ ਭੁਵੰਤ੍ਰਯਾਮ। ਯਦਿ ਸ਼ਬਦਹ੍ਵਯਮ ਜੋਤਿਰਾਸੰਸਾਰਮ ਨ ਦੀਪਯਤੇ॥ ਇਸ ਦਾ ਭਾਵ ਹੈ ਕਿ ਅਸੀਂ ਸ਼ਬਦ ਜਾਂ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਬ੍ਰਹਿਮੰਡ ਅਤੇ ਇਸ ਦੇ ਵਿਭਿੰਨ ਹਿੱਸਿਆਂ ਨੂੰ ਜਾਣਨ ਅਤੇ ਇਨ੍ਹਾਂ ਦੀ ਸੁਯੋਗ ਵਰਤੋਂ ਕਰਨ ਦੀ ਪ੍ਰੇਰਨਾ ਹਾਸਿਲ ਕਰਦੇ ਹਾਂ।

ਇਸ ਵਿਚਾਰ ਨੂੰ ਗੈਬਰੀਅਲ ਗਾਰਸ਼ੀਆ ਮਾਰਖੇਜ਼ ਦੇ ਨਾਵਲ 'ਸੌ ਸਾਲ ਦਾ ਇਕਲਾਪਾ' ਵਿਚਲੇ ਉਸ ਪ੍ਰਸੰਗ ਤੋਂ ਸਮਝਿਆ ਜਾ ਸਕਦਾ ਹੈ ਜਿਸ ਵਿਚ ਇੱਕ ਪਿੰਡ ਦੇ ਲੋਕ ਹੌਲੀ-ਹੌਲੀ ਵਸਤੂਆਂ ਅਤੇ ਜੀਵਾਂ ਦੇ ਨਾਮ ਭੁੱਲਣ ਲੱਗਦੇ ਹਨ। ਪਿੰਡ ਦਾ ਇੱਕ ਪਰਿਵਾਰ ਸਵੇਰੇ ਉੱਠਣ ਸਮੇਂ ਦੇਖਦਾ ਹੈ ਕਿ ਉਨ੍ਹਾਂ ਦੇ ਦਰਵਾਜ਼ੇ ਨੇੜੇ ਚਾਰ ਲੱਤਾਂ ਵਾਲਾ ਜਾਨਵਰ ਬੰਨ੍ਹਿਆ ਹੋਇਆ ਹੈ। ਪਿੰਡ ਦੇ ਲਗਭਗ ਸਾਰੇ ਲੋਕ ਇਸ ਦਾ ਨਾਮ ਅਤੇ ਉਪਯੋਗਤਾ ਭੁੱਲ ਚੁੱਕੇ ਹਨ। ਇਸ ਸਮੇਂ ਇੱਕ ਵਿਅਕਤੀ ਦੱਸਦਾ ਹੈ ਕਿ ਇਹ ਗਾਂ ਹੈ ਅਤੇ ਦੁੱਧ ਦਿੰਦੀ ਹੈ। ਹੌਲੀ-ਹੌਲੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦਾ ਦੁੱਧ ਮਨੁੱਖੀ ਜੀਵਨ ਲਈ ਬਹੁਤ ਲਾਭਦਾਇਕ ਹੈ। ਉਹ ਇਹ ਸਾਰੀਆਂ ਗੱਲਾਂ ਗੱਤੇ 'ਤੇ ਲਿਖ ਕੇ ਗਾਂ ਦੇ ਗਲੇ 'ਚ ਲਟਕਾ ਦਿੰਦੇ ਹਨ ਤਾਂ ਜੋ ਇਹ ਗੱਲਾਂ ਭੁੱਲ ਨਾ ਜਾਣ। ਇਸ ਉਦਾਹਰਨ ਨਾਲ ਆਚਾਰੀਆ ਦੰਡੀ ਦਾ ਕਥਨ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਜੇਕਰ ਸ਼ਬਦ ਨਾਮ ਦਾ ਪ੍ਰਕਾਸ਼ ਨਾ ਹੋਵੇ ਤਾਂ ਇਹ ਬ੍ਰਹਿਮੰਡ ਹਨੇਰੇ ਵਿਚ ਹੀ ਡੁੱਬਿਆ ਰਹੇ।

ਸ਼ਬਦ ਜਾਂ ਭਾਸ਼ਾ ਨਾਲ ਸਾਡੀ ਜਾਣ-ਪਛਾਣ ਬਚਪਨ ਵਿਚ ਹੀ ਹੋ ਜਾਂਦੀ ਹੈ। ਬੱਚੇ ਦੇ ਮਾਤਾ-ਪਿਤਾ ਅਤੇ ਪਰਿਵਾਰਕ ਜੀਅ ਉਸ ਨਾਲ ਬਚਪਨ ਤੋਂ ਹੀ ਗੱਲਾਂ ਕਰਦੇ ਰਹਿੰਦੇ ਹਨ। ਬੱਚਾ ਆਰੰਭ ਵਿਚ ਤਾਂ ਇਨ੍ਹਾਂ ਸ਼ਬਦਾਂ ਨੂੰ ਨਹੀਂ ਸਮਝਦਾ ਪਰ ਉਹ ਧੁਨੀਆਂ ਨੂੰ ਪਛਾਣਨ ਲੱਗਦਾ ਹੈ ਅਤੇ ਇਨ੍ਹਾਂ ਬਾਰੇ ਆਪਣੇ ਹਾਵ-ਭਾਵ ਪ੍ਰਗਟ ਕਰਦਾ ਹੈ। ਹੌਲੀ-ਹੌਲੀ ਉਹ ਉਨ੍ਹਾਂ ਸ਼ਬਦਾਂ ਦੇ ਅਰਥਾਂ ਨੂੰ ਸਮਝਦਾ ਹੋਇਆ ਇਨ੍ਹਾਂ ਨੂੰ ਅਮਲ ਵਿਚ ਲਿਆਉਂਦਾ ਹੈ। ਉਸ ਲਈ ਪਰਿਵਾਰ ਅਤੇ ਆਂਢ-ਗੁਆਂਢ ਦਾ ਵਾਤਾਵਰਨ ਹੀ ਭਾਸ਼ਾ ਸਿੱਖਣ ਦੀ ਪਹਿਲੀ ਪਾਠਸ਼ਾਲਾ ਹੈ। ਬਚਪਨ ਦੇ ਮਾਹੌਲ ਵਿਚ ਬੱਚਾ ਜਿਹੜੀ ਭਾਸ਼ਾ ਸਿੱਖਦਾ ਹੈ, ਉਹ ਉਸ ਦੀ ਮਾਂ-ਬੋਲੀ ਹੁੰਦੀ ਹੈ। ਇਸ ਲਈ ਮਾਂ-ਬੋਲੀ ਨੂੰ ਸਿਰਫ਼ ਮਾਂ ਦੀ ਭਾਸ਼ਾ ਤੱਕ ਹੀ ਸੀਮਤ ਨਹੀਂ ਰੱਖਣਾ ਚਾਹੀਦਾ ਸਗੋਂ ਇਸ ਨੂੰ ਬੱਚੇ ਦੇ ਮੁੱਢਲੇ ਵਾਤਾਵਰਨ ਦੇ ਪ੍ਰਸੰਗ ਵਿਚ ਦੇਖਿਆ ਜਾਣਾ ਚਾਹੀਦਾ ਹੈ। 'ਸ਼ਬਦਾਂ ਦਾ ਸਫ਼ਰ' ਪੁਸਤਕ ਲਿਖਣ ਵਾਲੇ ਲੇਖਕ ਅਜੀਤ ਵਡਨੇਰਕਰ ਦਾ ਕਥਨ ਹੈ, "ਮੇਰਾ ਸਪੱਸ਼ਟ ਵਿਚਾਰ ਹੈ ਕਿ ਮਾਂ-ਬੋਲੀ ਵਿਚ 'ਮਾਂ' ਸ਼ਬਦ ਉਸ ਵਾਤਾਵਰਨ, ਸਥਾਨ ਤੇ ਸਮੂਹ ਵਿਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਦਰਸਾਉਂਦਾ ਹੈ ਜਿਸ ਵਿਚ ਰਹਿ ਕੇ ਕੋਈ ਵਿਅਕਤੀ ਆਪਣੇ ਬਚਪਨ ਵਿਚ ਦੁਨੀਆ ਦੇ ਸੰਪਰਕ ਵਿਚ ਆਉਂਦਾ ਹੈ।"




ਪਿਛਲੇ ਕੁਝ ਸਾਲਾਂ ਵਿਚ ਵੀ ਮਾਂ-ਬੋਲੀ ਦੇ ਮਹੱਤਵ ਨੂੰ ਲੈ ਕੇ ਵਿਚਾਰ-ਚਰਚਾ ਵਿਚ ਵਧੇਰੇ ਗਤੀਸ਼ੀਲਤਾ ਆਈ ਹੈ। ਭਾਸ਼ਾ ਵਿਗਿਆਨੀਆਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਚਿੰਤਾ ਹੈ ਕਿ ਮਾਂ-ਬੋਲੀਆਂ ਬੜੀ ਤੇਜ਼ੀ ਨਾਲ ਲੋਪ ਹੋ ਰਹੀਆਂ ਹਨ। ਅੱਜ ਦੇਸ਼ 'ਚ ਅਜਿਹੀਆਂ ਕਈ ਮਾਂ-ਬੋਲੀਆਂ ਹਨ ਜਿਨ੍ਹਾਂ ਦੇ ਬੋਲਣ ਵਾਲਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਅੱਜ ਜਦੋਂ ਧਰਤੀ ਨੂੰ ਵਿਸ਼ਵ-ਵਿਆਪੀ ਪਿੰਡ ਵਜੋਂ ਸਵੀਕਾਰ ਕੀਤਾ ਜਾ ਰਿਹਾ ਹੈ ਤਾਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇ ਸਿਰਫ਼ ਕੁਝ ਭਾਸ਼ਾਵਾਂ ਹੀ ਰਹਿ ਜਾਣਗੀਆਂ ਤਾਂ ਕੋਈ ਫ਼ਰਕ ਨਹੀਂ ਪਵੇਗਾ ਪਰ ਅਜਿਹਾ ਸੋਚਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਕਿਸੇ ਭਾਸ਼ਾ ਵਿਸ਼ੇਸ਼ ਦਾ ਵਿਨਾਸ਼ ਅਸਲ ਵਿਚ ਸਮੁੱਚੇ ਸੱਭਿਆਚਾਰ ਅਤੇ ਜੀਵਨ-ਦ੍ਰਿਸ਼ਟੀ ਦਾ ਵਿਨਾਸ਼ ਹੁੰਦਾ ਹੈ। ਇਸ ਬਾਰੇ ਭਾਸ਼ਾ ਅਤੇ ਸਾਹਿਤ ਦੇ ਪ੍ਰਬੁੱਧ ਵਿਦਵਾਨ ਪ੍ਰੋ. ਰਾਧਾਵੱਲਭ ਤ੍ਰਿਪਾਠੀ ਦਾ ਕਹਿਣਾ ਹੈ ਕਿ "ਹਰ ਵਾਤਾਵਰਨ ਦੀ ਆਪਣੀ ਸ਼ਬਦਾਵਲੀ ਹੁੰਦੀ ਹੈ ਜਿਸ ਵਿਚ ਉਸ ਦੇ ਆਲੇ-ਦੁਆਲੇ ਦੀਆਂ ਵਸਤੂਆਂ ਅਤੇ ਜੀਵਾਂ ਦਾ ਨਾਮ ਰੱਖਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦੇ ਗੁਆਚਣ ਨਾਲ ਇੱਕ ਸੰਸਾਰ ਲੋਪ ਹੋ ਰਿਹਾ ਹੈ, ਇੱਕ ਵਿਰਾਸਤ ਤਬਾਹ ਹੋ ਰਹੀ ਹੈ।"

ਆਜ਼ਾਦੀ ਤੋਂ ਪਹਿਲਾਂ ਦੀ ਬਸਤੀਵਾਦੀ ਅੰਗਰੇਜ਼ ਸਰਕਾਰ ਨੇ ਆਪਣੇ ਕੰਮ ਦੀ ਸੌਖ ਲਈ ਅੰਗਰੇਜ਼ੀ ਨੂੰ ਸਰਕਾਰੀ ਭਾਸ਼ਾ ਦਾ ਮਾਧਿਅਮ ਬਣਾਇਆ। ਸਿੱਟੇ ਵਜੋਂ ਪ੍ਰਬੰਧ ਦੇ ਸਾਰੇ ਕੰਮ ਅੰਗਰੇਜ਼ੀ ਭਾਸ਼ਾ ਵਿਚ ਕੀਤੇ ਜਾਣ ਲੱਗੇ। ਅੰਗਰੇਜ਼ੀ ਭਾਸ਼ਾ ਦਾ ਗਿਆਨ ਲਾਜ਼ਮੀ ਹੋ ਗਿਆ ਅਤੇ ਸਾਡੇ ਸਕੂਲਾਂ ਵਿਚ ਅੰਗਰੇਜ਼ੀ ਦੀ ਜੜ੍ਹ ਲੱਗ ਗਈ। ਫਲਸਰੂਪ ਸਾਡੀ ਸਦੀਆਂ ਪੁਰਾਣੀ ਆਤਮ-ਨਿਰਭਰ ਗਿਆਨ ਪਰੰਪਰਾ ਅਤੇ ਆਰਥਿਕਤਾ ਤਬਾਹੀ ਦੇ ਕੰਢੇ 'ਤੇ ਆ ਗਈ। ਅਜਿਹੀ ਸਥਿਤੀ ਵਿਚ ਭਾਰਤੀਆਂ ਨੂੰ ਰੋਜ਼ੀ-ਰੋਟੀ ਲਈ ਨੌਕਰੀਆਂ 'ਤੇ ਨਿਰਭਰ ਹੋਣਾ ਪਿਆ ਅਤੇ ਮਜਬੂਰੀ ਵਸ ਅੰਗਰੇਜ਼ੀ ਸਿੱਖਣੀ ਪਈ। ਇਸ ਤਰ੍ਹਾਂ ਹੌਲੀ-ਹੌਲੀ ਅੰਗਰੇਜ਼ੀ ਭਾਸ਼ਾ ਸੱਤਾ ਅਤੇ ਸਰਵਉੱਚਤਾ ਦਾ ਯੰਤਰ ਬਣ ਗਈ। ਆਜ਼ਾਦੀ-ਅੰਦੋਲਨ ਦੇ ਅਣਗਿਣਤ ਨਾਇਕ ਅਤੇ ਨਾਇਕਾਵਾਂ ਦਾ ਇਹ ਸੁਪਨਾ ਸੀ ਕਿ ਵਿਦੇਸ਼ੀ ਵਿਵਸਥਾ ਦੇ ਖ਼ਾਤਮੇ ਮਗਰੋਂ ਦੇਸ਼ ਵਿਚ ਹਰ ਪੱਧਰ 'ਤੇ ਇੱਥੋਂ ਦੀ ਆਪਣੀ ਭਾਸ਼ਾ ਦੀ ਵਰਤੋਂ ਕੀਤੀ ਜਾਵੇਗੀ। ਵਿਡੰਬਨਾ ਇਹ ਹੈ ਕਿ ਇਹ ਸੁਫਨਾ ਆਜ਼ਾਦੀ ਦੇ 75 ਸਾਲ ਮਗਰੋਂ ਵੀ ਸੁਫਨਾ ਹੀ ਹੈ। ਅੱਜ ਵੀ ਨਾ ਤਾਂ ਆਪਣੀ ਮਾਂ-ਬੋਲੀ ਵਿਚ ਸਿੱਖਿਆ ਹੈ, ਨਾ ਸਿਹਤ ਅਤੇ ਨਾ ਹੀ ਨਿਆਂ ਦੀ ਵਿਵਸਥਾ। ਮੁੱਢਲੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਤੱਕ ਅੰਗਰੇਜ਼ੀ ਦਾ ਹੀ ਦਬਦਬਾ ਹੈ। ਸਾਡੀ ਨਿਆਂ ਪ੍ਰਣਾਲੀ ਵਿਚ ਅਜੇ ਵੀ ਭਾਰਤੀ ਭਾਸ਼ਾਵਾਂ ਦਾ ਸਥਾਨ ਨਾ ਹੋਣ ਦੇ ਬਰਾਬਰ ਹੈ। ਬਿਮਾਰੀਆਂ ਅਤੇ ਦਵਾਈਆਂ ਦੇ ਨਾਵਾਂ ਸਮੇਤ ਨੁਸਖੇ ਵੀ ਅੰਗਰੇਜ਼ੀ ਵਿਚ ਲਿਖੇ ਜਾਂਦੇ ਹਨ। ਭਾਰਤ ਵਰਗੇ ਲੋਕਤੰਤਰੀ ਦੇਸ਼ ਲਈ ਇਹ ਬੜਾ ਜ਼ਰੂਰੀ ਹੈ ਕਿ ਸ਼ਾਸਨ-ਪ੍ਰਸ਼ਾਸਨ ਅਤੇ ਜੀਵਨ ਸ਼ੈਲੀ ਵਿਚ ਆਮ ਨਾਗਰਿਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਹੋਵੇ। ਇਹ ਤਾਂ ਹੀ ਸੰਭਵ ਹੈ ਜੇ ਮਾਂ-ਬੋਲੀ ਦੀ ਵਰਤੋਂ ਜੀਵਨ ਦੇ ਹਰ ਖੇਤਰ ਵਿਚ ਕੀਤੀ ਜਾਵੇ।

ਸਿੱਖਿਆ ਦੇ ਖੇਤਰ ਵਿਚ ਜੇਕਰ ਦੇਖਿਆ ਜਾਵੇ ਤਾਂ ਮਾਤ ਭਾਸ਼ਾ ਵਿਚ ਵਿਗਿਆਨਕ ਅਤੇ ਤਕਨੀਕੀ ਸਿੱਖਿਆ ਮੁਹੱਈਆ ਕਰਵਾ ਕੇ ਹੀ ਸਿੱਖਿਆ ਨੂੰ ਸਹੀ ਅਰਥਾਂ ਵਿਚ ਸਮਾਵੇਸ਼ੀ ਬਣਾਇਆ ਜਾ ਸਕਦਾ ਹੈ। ਸਾਡੀ ਦੁਰਦਸ਼ਾ ਦੀ ਹੱਦ ਇਹ ਹੈ ਕਿ ਭਾਸ਼ਾ ਦੇ ਕਾਰਨ ਵਿਦਿਆਰਥੀਆਂ ਵਿਚ ਭੇਦ-ਭਾਵ ਵਧ ਰਿਹਾ ਹੈ। ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਰਤੀ ਭਾਸ਼ਾ ਵਿਚ ਪੜ੍ਹੇ-ਲਿਖੇ ਵਿਅਕਤੀ ਨੂੰ ਨੀਵਾਂ ਸਮਝਿਆ ਜਾਂਦਾ ਹੈ। ਸਿੱਟੇ ਵਜੋਂ ਮਾਪੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਭੇਜਣ ਲਈ ਆਪਣੀ ਸਾਰੀ ਜਮ੍ਹਾਂ-ਪੂੰਜੀ ਦਾਅ 'ਤੇ ਲਾ ਦਿੰਦੇ ਹਨ। ਇਸ ਦੇ ਨਾਲ ਹੀ ਬੱਚੇ ਆਪਣੀ ਸਾਰੀ ਊਰਜਾ ਵਿਦੇਸ਼ੀ ਭਾਸ਼ਾ ਸਿੱਖਣ ਵਿਚ ਬਰਬਾਦ ਕਰ ਦਿੰਦੇ ਹਨ। ਅੱਜ ਬਹੁਤ ਸਾਰੀਆਂ ਖੋਜਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜੇਕਰ ਵਿਦਿਆਰਥੀ ਨੂੰ ਉਸ ਦੀ ਮਾਂ-ਬੋਲੀ ਵਿਚ ਪੜ੍ਹਾਇਆ ਜਾਂਦਾ ਹੈ ਤਾਂ ਉਹ ਇਸ ਵਿਸ਼ੇ ਨੂੰ ਤੇਜ਼ੀ ਨਾਲ ਸਿੱਖਦਾ ਅਤੇ ਸਮਝਦਾ ਹੈ। ਜਪਾਨ, ਫਰਾਂਸ, ਜਰਮਨੀ ਵਰਗੇ ਕਈ ਦੇਸ਼ ਆਪਣੀ ਮਾਂ-ਬੋਲੀ ਦੀ ਸਰਬਪੱਖੀ ਵਰਤੋਂ ਕਰਕੇ ਆਤਮ-ਨਿਰਭਰ ਹੋ ਗਏ ਹਨ। ਭਾਰਤ ਵਰਗੇ ਬਹੁ-ਭਾਸ਼ਾਈ ਦੇਸ਼ ਨੂੰ ਆਪਣੀ ਮਾਂ-ਬੋਲੀ ਦੀ ਸੁਰੱਖਿਆ ਅਤੇ ਵਿਕਾਸ ਲਈ ਇਨ੍ਹਾਂ ਦੇਸ਼ਾਂ ਵੱਲੋਂ ਅਪਣਾਈਆਂ ਨੀਤੀਆਂ ਅਤੇ ਢੰਗਾਂ ਨੂੰ ਸਮਝਣਾ ਅਤੇ ਲਾਗੂ ਕਰਨਾ ਚਾਹੀਦਾ ਹੈ।

ਇਨ੍ਹਾਂ ਹਾਲਤਾਂ ਵਿਚ 'ਰਾਸ਼ਟਰੀ ਸਿੱਖਿਆ ਨੀਤੀ-2020' ਵਿਚ ਸ਼ਾਮਲ ਭਾਸ਼ਾ ਤਜਵੀਜ਼ਾਂ ਤੋਂ ਇੱਕ ਨਵੀਂ ਉਮੀਦ ਦੀ ਕਿਰਨ ਉੱਭਰ ਕੇ ਸਾਹਮਣੇ ਆਈ ਹੈ। ਇਸ ਨੀਤੀ ਵਿਚ ਇਹ ਪ੍ਰਸਤਾਵ ਦਿੱਤਾ ਗਿਆ ਹੈ ਕਿ ਅਸੀਂ ਅਜਿਹਾ ਪ੍ਰਬੰਧ ਤਿਆਰ ਕਰੀਏ ਜਿਸ ਵਿਚ ਘੱਟੋ-ਘੱਟ ਪੰਜਵੀਂ ਜਮਾਤ ਤੱਕ ਬੱਚਾ ਆਪਣੀ ਮਾਂ-ਬੋਲੀ ਵਿਚ ਸਿੱਖਿਆ ਹਾਸਿਲ ਕਰੇ। ਇਸ ਦੇ ਨਾਲ ਹੀ ਕੋਸ਼ਿਸ਼ ਕੀਤੀ ਜਾਵੇ ਕਿ ਜੇਕਰ ਬੱਚਾ ਆਪਣੀ ਮਾਂ-ਬੋਲੀ ਵਿਚ ਪੜ੍ਹਾਈ ਜਾਰੀ ਰੱਖਣੀ ਚਾਹੁੰਦਾ ਹੈ ਤਾਂ ਉਸ ਲਈ ਸੁਖਾਵਾਂ ਮਾਹੌਲ ਸਿਰਜਿਆ ਜਾਵੇ। ਦੇਸ਼-ਵਿਦੇਸ਼ ਵਿਚ ਕੀਤੀ ਗਈ ਖੋਜ ਤੋਂ ਪਤਾ ਲੱਗਦਾ ਹੈ ਕਿ ਤਿੰਨ ਸਾਲ ਦੀ ਉਮਰ ਤੱਕ ਬੱਚਾ ਆਪਣੇ ਆਲੇ-ਦੁਆਲੇ ਤੋਂ ਕਰੀਬ ਇੱਕ ਹਜ਼ਾਰ ਸ਼ਬਦ ਸਿੱਖ ਲੈਂਦਾ ਹੈ। ਇਨ੍ਹਾਂ ਸ਼ਬਦਾਂ ਨੂੰ ਆਪਣੀ ਸਿੱਖਿਆ ਵਿਚ ਸ਼ਾਮਲ ਕਰਨ ਨਾਲ ਉਸ ਦਾ ਸਿੱਖਣ ਦਾ ਰਾਹ ਸੌਖਾ ਅਤੇ ਸਾਰਥਕ ਹੋ ਜਾਵੇਗਾ।

ਹਾਲ ਹੀ ਵਿਚ ਇੰਗਲੈਂਡ ਵਿਚ ਯੂਨੀਵਰਸਿਟੀ ਆਫ ਰੀਡਿੰਗ ਦੇ ਖੋਜਕਰਤਾਵਾਂ ਨੇ ਦੇਖਿਆ ਕਿ ਜਿਹੜੇ ਬੱਚੇ ਰੋਜ਼ਾਨਾ ਜ਼ਿੰਦਗੀ ਵਿਚ ਕਈ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੇ ਮੁਕਾਬਲੇ ਵਿਚ ਉਨ੍ਹਾਂ ਬੱਚਿਆਂ ਨਾਲੋਂ ਬੁੱਧੀ ਦੇ ਟੈਸਟਾਂ ਵਿਚ ਬਿਹਤਰ ਅੰਕ ਪ੍ਰਾਪਤ ਕੀਤੇ ਜੋ ਸਿਰਫ਼ ਗੈਰ-ਮਾਂ-ਬੋਲੀਆਂ ਨੂੰ ਜਾਣਦੇ ਸਨ। ਅਜਿਹੀ ਖੋਜ ਤੋਂ ਪ੍ਰੇਰਨਾ ਲੈ ਕੇ ਸਾਨੂੰ ਬੱਚਿਆਂ ਨੂੰ ਆਪਣੀ ਮਾਂ-ਬੋਲੀ ਵਿਚ ਵਿਹਾਰ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਦੂਜੀਆਂ ਭਾਸ਼ਾਵਾਂ ਦਾ ਗਿਆਨ ਕਿਸੇ ਕਿਸਮ ਦਾ ਕੋਈ ਔਗੁਣ ਨਹੀਂ ਬਲਕਿ ਵਾਧੂ ਹੁਨਰ ਹੈ ਪਰ ਆਪਣੀ ਮਾਂ-ਬੋਲੀ ਨੂੰ ਨੁਕਸਾਨ ਪਹੁੰਚਾ ਕੇ ਕਿਸੇ ਵਿਦੇਸ਼ੀ ਭਾਸ਼ਾ ਦੀ ਵਰਤੋਂ ਕਰਨਾ ਤਰਕਸੰਗਤ ਅਤੇ ਜਾਇਜ਼ ਨਹੀਂ ਹੈ।

---

# ਪਾਕਿਸਤਾਨ ਦੀ ਸ਼ਾਹ-ਖਰਚੀ

**ਟੀ.ਐੱਨ. ਨੈਨਾਨ**

ਕੀ ਇਹ ਪਾਕਿਸਤਾਨ ਦੇ ਦੀਰਘਕਾਲੀ ਪਤਨ ਦਾ ਫ਼ੈਸਲਾਕੁਨ ਪਲ ਹੈ? ਕੌਮਾਂਤਰੀ ਮਾਲੀ ਫੰਡ (ਆਈ.ਐੱਮ.ਐੱਫ.) ਦੀ ਟੀਮ ਪਾਕਿਸਤਾਨ ਦੇ ਦੌਰੇ 'ਤੇ ਆਈ ਹੋਈ ਹੈ ਜੋ ਇਹ ਸਮਝੌਤਾ ਤੈਅ ਪਾਉਣ ਲਈ ਗੱਲਬਾਤ ਕਰ ਰਹੀ ਹੈ ਕਿ ਕਰਜ਼ਾ ਜਾਰੀ ਕਰਨ ਦੇ ਇਵਜ਼ ਵਿਚ ਸੰਕਟ ਵਿਚ ਘਿਰੇ ਮੁਲਕ ਦੇ ਅਰਥਚਾਰੇ ਨੂੰ ਕਿਵੇਂ ਸੰਭਾਲਿਆ ਜਾਵੇ। ਅਜੇ ਤੱਕ ਸਮਝੌਤਾ ਸਿਰੇ ਨਹੀਂ ਚੜ੍ਹ ਸਕਿਆ ਤੇ ਜਿਵੇਂ ਆਈ.ਐੱਮ.ਐੱਫ. ਦੇ ਜਾਰੀ ਕੀਤੇ ਅਧਿਕਾਰਤ ਬਿਆਨ ਵਿਚ ਦੱਸਿਆ ਗਿਆ ਹੈ, ਇਸ ਲਈ ਅਜੇ ਹੋਰ ਲੰਮੇ ਚੌੜੇ ਵਿਚਾਰ-ਵਟਾਂਦਰੇ ਦੀ ਉਡੀਕ ਕਰਨੀ ਪਵੇਗੀ। ਆਈ.ਐੱਮ.ਐੱਫ. ਦੇ ਬੋਰਡ ਨੇ ਫਿਲਹਾਲ ਅਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਹੈ।

ਕਰਜ਼ਾ ਭਾਵੇਂ ਜਾਰੀ ਹੁੰਦਾ ਹੈ ਜਾਂ ਨਹੀਂ, ਤਾਂ ਵੀ ਪਾਕਿਸਤਾਨ ਦੀਆਂ ਮੁਸ਼ਕਿਲਾਂ ਰਹਿਣਗੀਆਂ। ਇਕ ਪਾਸੇ ਸ੍ਰੀਲੰਕਾ ਦੀ ਤਰਜ਼ 'ਤੇ ਕਰਜ਼ਾ ਨਾ ਮੋੜ ਸਕਣ ਅਤੇ ਅਫਰਾ-ਤਫਰੀ, ਦੂਜੇ ਪਾਸੇ ਸਖ਼ਤ ਕਦਮਾਂ ਦਾ ਰਾਹ ਜਿਸ ਵਿਚੋਂ ਕਿਸੇ ਇਕ ਦੀ ਚੋਣ ਕਰਨੀ ਪਵੇਗੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਬੇਤਹਾਸ਼ਾ ਤੇਲ ਤੇ ਗੈਸ ਕੀਮਤਾਂ, ਬਿਜਲੀ ਬਿੱਲ, ਉਚੇਰੀਆਂ ਟੈਕਸ ਦਰਾਂ, ਸਬਸਿਡੀਆਂ ਵਿਚ ਕਟੌਤੀ ਅਤੇ ਮਹਿੰਗਾਈ ਦਰ (ਜੋ ਪਹਿਲਾਂ ਹੀ 27 ਫ਼ੀਸਦ ਹੈ) ਵਾਲਾ ਰਾਹ ਅਪਨਾਉਣ ਤੋਂ ਟਾਲ-ਮਟੋਲ ਕਰ ਰਹੇ ਹਨ ਕਿਉਂਕਿ ਇਨ੍ਹਾਂ ਕਦਮਾਂ ਨਾਲ ਪਾਕਿਸਤਾਨੀ ਅਵਾਮ ਦਾ ਜਿਊਣਾ ਮੁਹਾਲ ਹੋ ਜਾਵੇਗਾ। ਇਸ ਤੋਂ ਇਲਾਵਾ ਪਾਕਿਸਤਾਨੀ ਰੁਪਏ ਦੀ ਕੀਮਤ ਵਿਚ ਇੱਕੋ ਵਾਰ 15 ਫ਼ੀਸਦ ਗਿਰਾਵਟ ਆ ਗਈ; ਪਿਛਲੇ ਇਕ ਸਾਲ ਵਿਚ ਇਹ ਕੀਮਤ ਕਰੀਬ 35 ਫ਼ੀਸਦ ਟੁੱਟ ਚੁੱਕੀ ਹੈ ਤੇ ਨਾਲ ਹੀ ਤੇਲ ਦੀਆ ਕੀਮਤਾਂ ਬਹੁਤ ਜ਼ਿਆਦਾ ਵਧ ਚੁੱਕੀਆਂ ਹਨ। ਸਵਾਲ ਇਹ ਹੈ ਕਿ ਪਾਕਿਸਤਾਨ ਦੀ ਅਵਾਮ ਇਸ ਪੈਕੇਜ ਨੂੰ ਕੌੜਾ ਘੁੱਟ ਸਮਝ ਕੇ ਪ੍ਰਵਾਨ ਕਰ ਲਵੇਗੀ? ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਪਾਕਿਸਤਾਨ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਤੋਂ ਅਸਮੱਰਥ ਹੋ ਜਾਵੇਗਾ ਤੇ ਫਿਰ ਇਸ ਦੇ ਕਈ ਹੋਰ ਸਿੱਟੇ ਵੀ ਹੋਣਗੇ।

ਪਾਕਿਸਤਾਨ ਦੇ ਆਗੂ ਹੁਣ ਤੱਕ ਕੋਈ ਨਾ ਕੋਈ ਵਾਅਦਾ ਕਰ ਕੇ ਆਪਣੇ ਕਰਜ਼ਦਾਤਿਆਂ ਕੋਲੋਂ ਕਰਜ਼ਾ ਜਾਂ ਮਾਲੀ ਇਮਦਾਦ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦੇ ਰਹੇ ਹਨ ਪਰ ਇਸ ਵੇਲੇ ਜੋ ਹਾਲਾਤ ਬਣੇ ਹਨ, ਉਨ੍ਹਾਂ ਵਿਚ ਪਾਕਿਸਤਾਨ ਲਈ ਇਕ ਪਾਸੇ ਖੂਹ ਤੇ ਦੂਜੇ ਪਾਸੇ ਖਾਈ ਨਜ਼ਰ ਆ ਰਹੀ ਹੈ। ਪਾਕਿਸਤਾਨ ਨੇ ਜਿੰਨੀ ਹੁਨਰਮੰਦੀ ਹੋਰ ਮੁਲਕਾਂ ਜਾਂ ਅਦਾਰਿਆਂ ਤੋਂ ਕਰਜ਼ਾ ਹਾਸਲ ਕਰਨ ਵਿਚ ਦਿਖਾਈ ਹੈ, ਓਨੀ ਚੀਨ ਨਾਲ ਆਰਥਿਕ ਲਾਂਘੇ ਦੇ ਪ੍ਰੋਜੈਕਟਾਂ ਦੇ ਢੁਕਵੇਂ ਠੇਕੇ ਦੇਣ ਵਿਚ ਨਹੀਂ ਦਿਖਾਈ। ਇਨ੍ਹਾਂ ਪ੍ਰੋਜੈਕਟਾਂ ਬਾਬਤ ਸਮਝਿਆ ਜਾਂਦਾ ਸੀ ਕਿ ਇਨ੍ਹਾਂ ਜ਼ਰੀਏ ਪਾਕਿਸਤਾਨ ਨੂੰ ਬਿਜਲੀ ਦੀ ਕਿੱਲਤ ਤੋਂ ਨਿਜਾਤ ਮਿਲ ਜਾਵੇਗੀ ਅਤੇ ਆਵਾਜਾਈ ਤੇ ਬੰਦਰਗਾਹਾਂ ਦਾ ਢਾਂਚਾ ਬਿਹਤਰ ਹੋਣ ਨਾਲ ਮੁਲਕ ਦੇ ਅਰਥਚਾਰੇ ਨੂੰ ਵੀ ਹੁਲਾਰਾ ਮਿਲੇਗਾ। ਅੱਗੇ ਚੱਲ ਕੇ ਸਾਹਮਣੇ ਆਇਆ ਕਿ ਬਿਜਲੀ ਪਲਾਂਟਾਂ ਦਾ ਸਾਜ਼ੋ-ਸਾਮਾਨ ਅਤੇ ਸਟੇਸ਼ਨ ਚਲਾਉਣ ਲਈ ਕੋਲਾ ਵੀ ਬਾਹਰੋਂ ਮੰਗਵਾਇਆ ਗਿਆ ਤੇ ਇਸ ਵਾਸਤੇ ਮਹਿੰਗੀਆਂ ਦਰਾਂ 'ਤੇ ਕਰਜ਼ਾ ਦਿੱਤਾ ਗਿਆ। ਜਿਨ੍ਹਾਂ ਚੀਨੀ ਕੰਪਨੀਆਂ ਨੇ ਇਹ ਬਿਜਲੀ ਘਰ ਬਣਾਏ ਸਨ ਤੇ ਹੁਣ ਚਲਾਏ ਜਾ ਰਹੇ ਹਨ, ਉਨ੍ਹਾਂ ਨੂੰ ਅਦਾਇਗੀ ਨਹੀਂ ਕੀਤੀ ਗਈ। ਅਜੇ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਬਿਜਲੀ ਘਰ ਬੰਦ ਕਰਨ ਦੀ ਚਿਤਾਵਨੀ ਦਿੱਤੀ ਸੀ। ਇਸ ਦੌਰਾਨ ਬਿਜਲੀ ਦੀ ਕਿੱਲਤ ਬਾਦਸਤੂਰ ਜਾਰੀ ਹੈ।

ਜੇ ਆਈ.ਐੱਮ.ਐੱਫ. ਆਪਣੀ ਟੂਟੀ ਖੋਲ੍ਹ ਦਿੰਦਾ ਹੈ ਤਾਂ ਚੀਨ ਅਤੇ ਕੁਝ ਖਾੜੀ ਮੁਲਕਾਂ ਵਲੋਂ ਵੀ ਕਰਜ਼ ਜਾਂ ਮਾਲੀ ਇਮਦਾਦ ਮਿਲਣੀ ਸ਼ੁਰੂ ਹੋ ਜਾਵੇਗੀ। ਇਨ੍ਹਾਂ ਸਾਰੇ ਮੁਲਕਾਂ ਨੇ ਵਾਰ ਵਾਰ ਪਾਕਿਸਤਾਨ ਨੂੰ ਸੰਕਟ ਵਿਚੋਂ ਕੱਢਿਆ ਹੈ ਪਰ ਇਸਲਾਮਾਬਾਦ ਹੋਰ ਜ਼ਿਆਦਾ ਕਰਜ਼ਾ ਮੰਗਦਾ ਰਹਿੰਦਾ ਹੈ। ਲਿਹਾਜ਼ਾ ਹੁਣ ਕਰਜ਼ਦਾਰ ਦੀ ਭਰੋਸੇਯੋਗਤਾ ਦੇ ਮੱਦੇਨਜ਼ਰ ਕਰਜ਼ਦਾਤਿਆਂ ਦਾ ਸਬਰ ਜਵਾਬ ਦੇਣ ਲੱਗ ਪਿਆ ਹੈ; ਇੱਥੋਂ ਤਕ ਕਿ ਚੀਨ ਨੇ ਵੀ ਕਿਸੇ ਕਰਜ਼ਦਾਰ ਵੱਲੋਂ ਕਰਜ਼ਾ ਸ਼ਰਤਾਂ ਮੁੜ ਵਿਉਂਤਣ ਦੀ ਮੰਗ ਬਾਰੇ ਬਹੁਤ ਠੰਢਾ ਰੁਖ਼ ਅਪਨਾਇਆ ਹੈ (ਜਿਵੇਂ ਸ੍ਰੀਲੰਕਾ ਦੇ ਮਾਮਲੇ ਵਿਚ ਵੀ ਨਜ਼ਰ ਆਇਆ ਸੀ)। ਇਸ ਕਰ ਕੇ ਸਵਾਲ ਇਹ ਹੈ ਕਿ ਕੀ ਕਰਜ਼ਾ ਸਿਰਫ਼ ਵਕਤੀ ਮਾਲੀ ਓਹੜ-ਪਹੁੜ ਹੀ ਹੁੰਦਾ ਹੈ, ਕੋਈ ਚਿਰਸਥਾਈ ਹੱਲ ਨਹੀਂ ਹੁੰਦਾ? ਦਲੀਲ ਦੇ ਤੌਰ 'ਤੇ ਆਈ.ਐੱਮ.ਐੱਫ. ਨੂੰ ਆਸ ਹੈ ਕਿ ਉਹ ਆਪਣੀਆਂ ਪ੍ਰਸਤਾਵਿਤ ਕਰਜ਼ਾ ਸ਼ਰਤਾਂ ਜ਼ਰੀਏ ਇਨ੍ਹਾਂ ਦੋਵੇਂ ਮੰਤਵਾਂ ਨੂੰ ਪੂਰਾ ਕਰ ਲਵੇਗੀ।

ਮਸਲੇ ਦੀ ਜੜ੍ਹ ਇਹ ਹੈ ਕਿ ਪਾਕਿਸਤਾਨ ਕੋਲ ਕੋਈ ਪਾਏਦਾਰ ਅਰਥਚਾਰਾ ਨਹੀਂ। ਦਰਾਮਦੀ ਰੋਕਾਂ ਲੱਗਣ ਤੋਂ ਪਹਿਲਾਂ ਬਰਾਮਦਾਂ ਦੇ ਮੁਕਾਬਲੇ ਦਰਾਮਦਾਂ ਦੁੱਗਣੀਆਂ ਤੋਂ ਵੀ ਜ਼ਿਆਦਾ ਸਨ। ਅਫ਼ਗਾਨਿਸਤਾਨ 'ਤੇ ਸੋਵੀਅਤ ਕਬਜ਼ੇ ਵੇਲੇ ਅਤੇ ਫਿਰ ਤਾਲਿਬਾਨ ਖਿਲਾਫ਼ ਮੁਹਰੈਲ ਰਿਆਸਤ ਬਣ ਕੇ ਲੜਨ ਬਦਲੇ ਪਾਕਿਸਤਾਨ ਨੂੰ ਮਿਲੀ ਅਮਰੀਕੀ ਮਾਲੀ ਤੇ ਫ਼ੌਜੀ ਇਮਦਾਦ ਅਤੇ ਕਰਜ਼ੇ ਨਾਲ ਇਹ ਖੱਪਾ ਪੂਰਿਆ ਜਾਂਦਾ ਰਿਹਾ। ਬਾਅਦ ਵਿਚ ਇਸਲਾਮਾਬਾਦ ਦੀਆਂ ਦੋਗਲੀਆਂ ਚਾਲਾਂ ਤੋਂ ਨਿਰਾਸ਼ ਹੋ ਕੇ ਜਦੋਂ ਅਮਰੀਕਾ ਨੇ ਆਪਣੇ ਹੱਥ ਪਿਛਾਂਹ ਖਿੱਚ ਲਏ ਤਾਂ ਪਾਕਿਸਤਾਨ ਨੇ ਚੀਨ ਨਾਲ ਆਪਣੀ ਸਦਾਬਹਾਰ ਦੋਸਤੀ ਦੀਆਂ ਪੀਂਘਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ।

ਜੇ ਪਾਕਿਸਤਾਨ ਨਵਾਂ ਪੰਨਾ ਪਲਟਣਾ ਚਾਹੁੰਦਾ ਹੈ ਤਾਂ ਇਸ ਨੂੰ ਲੰਮਾ ਪੈਂਡਾ ਤੈਅ ਕਰਨ ਲਈ ਤਿਆਰ ਹੋਣਾ ਪਵੇਗਾ। ਇਸ ਦੇ ਸਮਾਜਿਕ ਆਰਥਿਕ ਪੱਖ ਤੋਂ ਮਨੁੱਖੀ ਵਿਕਾਸ ਸੂਚਕ ਅੰਕ ਨੀਵੀਂ ਪੱਧਰ ਦਾ ਹੈ (ਭਾਰਤ ਤੇ ਬੰਗਲਾਦੇਸ਼ ਦਾ ਸੂਚਕ ਅੰਕ ਦਰਮਿਆਨੀ ਪੱਧਰ ਦਾ ਹੈ), ਪਾਕਿਸਤਾਨ ਦੀ ਪ੍ਰਤੀ ਜੀਅ ਆਮਦਨ ਭਾਰਤ ਦੀ ਮਹਿਜ਼ ਦੋ ਤਿਹਾਈ ਹੀ ਬਣਦੀ ਹੈ ਅਤੇ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇ ਅਨੁਪਾਤ ਵਿਚ ਟੈਕਸ ਮਾਲੀਆ ਭਾਰਤ ਦੇ ਟੈਕਸ ਮਾਲੀਏ ਤੋਂ 70 ਫ਼ੀਸਦ ਤੋਂ ਘੱਟ ਹੈ ਜਿਸ ਕਰ ਕੇ ਸਰਕਾਰ ਲਈ ਵਿਕਾਸ ਦੇ ਮੂਲ ਕਾਰਜਾਂ ਨੂੰ ਮੁਖ਼ਾਤਿਬ ਹੋਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ, ਖ਼ਾਸਕਰ ਉਦੋਂ ਜਦੋਂ ਮਾਲੀਏ ਦਾ ਵੱਡਾ ਹਿੱਸਾ ਫ਼ੌਜ ਦੀ ਝੋਲੀ ਵਿਚ ਪਾ ਦਿੱਤਾ ਜਾਂਦਾ ਹੈ। ਪਾਕਿਸਤਾਨ ਦਾ ਸਨਅਤੀ ਆਧਾਰ ਬਹੁਤ ਛੋਟਾ ਹੈ ਅਤੇ ਇਸ ਦੀ ਸਿਆਸਤ ਪਾਟੋਧਾੜ ਦਾ ਸ਼ਿਕਾਰ ਹੈ ਅਤੇ ਆਪਣੇ ਪੈਰ ਕੁਹਾੜੀ ਮਾਰਨ ਵਾਲੇ ਇਸ ਦੇ ਕੌਮੀ ਸੁਰੱਖਿਆ ਦੇ ਏਜੰਡੇ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਕੌਮਾਂਤਰੀ ਭਾਈਚਾਰੇ ਲਈ ਸਿਰਦਰਦੀ ਬਣਿਆ ਰਹੇਗਾ। ਫਿਰ ਵੀ ਜਦੋਂ ਭਾਰਤ ਦੀ ਨਜ਼ਰ ਆਪਣੇ ਪੱਛਮ ਵੱਲ ਪਵੇਗੀ ਤਾਂ ਇਹ ਦੇਖੇਗਾ ਕਿ ਆਪਣੇ ਅੰਦਰੂਨੀ ਸੰਕਟਾਂ ਨਾਲ ਦੋ-ਚਾਰ ਹੋ ਰਿਹਾ ਪਾਕਿਸਤਾਨ ਸ਼ਾਇਦ ਉਸ ਲਈ ਜ਼ਿਆਦਾ ਗੜਬੜ ਪੈਦਾ ਕਰਨ ਦੀ ਹਾਲਤ ਵਿਚ ਨਹੀਂ ਹੋਵੇਗਾ।

# ਬਦਲਦੇ ਵਕਤ ਅਤੇ ਖੇਤਰੀ ਭਾਸ਼ਾਵਾਂ

*ਭਾਰਤ ਦੀਆਂ ਖੇਤਰੀ ਮਾਤ-ਭਾਸ਼ਾਵਾਂ ਦੀ ਹਾਲਤ ਅੱਜ ਕੱਲ੍ਹ ਬੜੀ ਪੇਚੀਦਾ ਨਜ਼ਰ ਆਉਂਦੀ ਹੈ। ਭਾਰਤ ਵੱਡੇ ਭੂਗੋਲਿਕ ਘੇਰੇ ਵਾਲਾ ਬਹੁ-ਭਾਸ਼ੀ, ਬਹੁ-ਸਭਿਆਚਾਰਕ, ਬਹੁ-ਨਸਲੀ ਅਤੇ ਬਹੁ-ਧਰਮੀ ਦੇਸ਼ ਹੈ ਪਰ ਅੱਜ ਦੇ ਹੁਕਮਰਾਨ ਮੁਲਕ ਵਿਚ 'ਇਕ ਮੁਲਕ ਇਕ ਭਾਸ਼ਾ' ਦਾ ਨਾਅਰਾ ਦੇ ਰਹੇ ਹਨ। ਇਹ ਸਭ ਫਿਰਕੂ ਧਰੁਵੀਕਰਨ ਲਈ ਕੀਤਾ ਜਾ ਰਿਹਾ ਹੈ ਜਿਸ ਦਾ ਸਭ ਤੋਂ ਵੱਧ ਨੁਕਸਾਨ ਖੇਤਰੀ ਭਾਸ਼ਾਵਾਂ ਨੂੰ ਹੋਣਾ ਹੈ। ਇਸ ਬਾਰੇ ਵਿਸਥਾਰ ਸਹਿਤ ਚਰਚਾ ਡਾ. ਪਰਮਜੀਤ ਸਿੰਘ ਢੀਂਗਰਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*




ਮਾਤ-ਭਾਸ਼ਾ ਨੂੰ ਮਨੁੱਖ ਦਾ ਗਹਿਣਾ ਕਿਹਾ ਗਿਆ ਹੈ। ਬੱਚੇ ਦੇ ਜਨਮ ਦੇ ਨਾਲ ਹੀ ਭਾਸ਼ਾ ਸੰਸਕਾਰ ਵਾਂਗ ਜੁੜ ਜਾਂਦੀ ਹੈ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਤਿਵੇਂ-ਤਿਵੇਂ ਉਹ ਭਾਸ਼ਾ ਨੂੰ ਚੰਗੀ ਤਰ੍ਹਾਂ ਸਿੱਖਣ, ਸੰਚਾਰ ਕਰਨ ਤੇ ਆਪਣੀ ਪ੍ਰਗਟਾ ਸਮਰੱਥਾ ਵਧਾਉਣ ਦੇ ਕਾਬਲ ਹੁੰਦਾ ਜਾਂਦਾ ਹੈ ਪਰ ਮਾਤ-ਭਾਸ਼ਾ ਨਾਲ ਜੁੜੇ ਮਸਲੇ ਏਨੇ ਸਾਧਾਰਨ ਨਹੀਂ ਜਿੰਨੇ ਲੱਗਦੇ ਹਨ। ਹਰ ਵਿਅਕਤੀ ਜਿਸ ਭਾਸ਼ਾਈ ਖੇਤਰ ਵਿਚ ਵਸਦਾ ਹੈ, ਉਥੋਂ ਦੀ ਸਥਾਨਕ ਬੋਲੀ ਹੀ ਉਹਦੀ ਮਾਤ-ਭਾਸ਼ਾ ਹੁੰਦੀ ਹੈ। ਇਸ ਲਿਹਾਜ਼ ਨਾਲ ਜਿੰਨੀਆਂ ਬੋਲੀਆਂ ਹਨ,



ਓਨੀਆਂ ਹੀ ਮਾਤ-ਭਾਸ਼ਾਵਾਂ ਹਨ। ਮਾਂ ਦੀ ਬੋਲੀ ਨੂੰ 'ਮਾਤ-ਭਾਸ਼ਾ' ਕਿਹਾ ਜਾਂਦਾ ਹੈ ਪਰ ਕਿਉਂ? ਪਿਤਾ ਦੀ ਭਾਸ਼ਾ ਜਾਂ ਭੈਣ-ਭਰਾਵਾਂ ਦੀ ਭਾਸ਼ਾ ਕਿਉਂ ਨਹੀਂ? ਇਸ ਦਾ ਕਾਰਨ ਇਹ ਕਿ ਵਿਗਿਆਨੀਆਂ ਨੇ ਇਹ ਸਾਬਤ ਕਰ

**ਡਾ. ਪਰਮਜੀਤ ਸਿੰਘ ਢੀਂਗਰਾ**
**ਫੋਨ: +91-94173-58120**

ਦਿੱਤਾ ਹੈ ਕਿ ਬੱਚਾ ਜਦੋਂ ਮਾਂ ਦੇ ਗਰਭ ਵਿਚ ਪਲ ਰਿਹਾ ਹੁੰਦਾ ਹੈ ਤਾਂ ਉਹ ਅੰਦਰ ਮਾਂ ਦੀਆਂ ਆਵਾਜ਼ਾਂ ਸੁਣਦਾ ਹੈ। ਮਾਂ ਦੇ ਡਰਨ, ਰੋਣ, ਹੱਸਣ, ਦੁਖੀ ਹੋਣ 'ਤੇ ਉਹ ਹੁੰਗਾਰਾ ਭਰਦਾ ਹੈ। ਇਹੀ ਕਾਰਨ ਹੈ ਕਿ ਜਨਮ ਤੋਂ ਬਾਅਦ ਵੀ ਉਹ ਸਭ ਤੋਂ ਵੱਧ ਮਾਂ ਦੀ ਆਵਾਜ਼ ਨੂੰ ਪਛਾਣਦਾ ਹੈ। ਮੁਢਲੇ ਰੂਪ ਵਿਚ ਉਹ ਮਾਂ ਕੋਲੋਂ ਨਿੱਕੇ-ਨਿੱਕੇ ਲਫ਼ਜ਼ ਸਿੱਖਦਾ ਹੈ। ਉਹਦੀਆਂ ਨਕਲਾਂ ਲਾਹੁੰਦਾ ਹੈ, ਭਾਸ਼ਾ ਦੇ ਛੋਟੇ-ਛੋਟੇ ਮਰਮ ਸਿੱਖਦਾ ਤੇ ਉਹਨੂੰ ਵਰਤਦਾ ਹੈ। ਇਹ ਸਾਰੀ ਪ੍ਰਕਿਰਿਆ ਅੱਗੇ ਜਾ ਕੇ ਉਹਦੀ ਸ਼ਖ਼ਸੀਅਤ ਦਾ ਹਿੱਸਾ ਬਣ ਜਾਂਦੀ ਹੈ। ਇਸੇ ਕਰ ਕੇ ਕਿਹਾ ਜਾਂਦਾ ਹੈ ਕਿ ਭਾਸ਼ਾ ਮਨੁੱਖ ਦੀ ਹੋਂਦ, ਉਹਦੀ ਪਛਾਣ ਹੈ। ਆਪਣੇ ਦੁੱਖਾਂ, ਸੁੱਖਾਂ, ਹਾਸਿਆਂ, ਰੋਣਿਆਂ, ਸੁਪਨਿਆਂ ਨੂੰ ਉਹਦੀ ਭਾਸ਼ਾ ਜ਼ਬਾਨ ਦਿੰਦੀ ਹੈ। ਭਾਵੇਂ ਕੋਈ ਕਿੰਨੀਆਂ ਵੀ ਭਾਸ਼ਾਵਾਂ ਸਿੱਖ ਲਵੇ, ਉਨ੍ਹਾਂ ਵਿਚ ਮੁਹਾਰਤ ਹਾਸਲ ਕਰ ਲਵੇ ਪਰ ਮਾਤ-ਭਾਸ਼ਾ ਸੁੱਤੇ ਸਿੱਧ ਉਹਦੇ ਵਿਹਾਰ ਨੂੰ ਪ੍ਰਗਟਾ ਦਿੰਦੀ ਹੈ।

ਜਿਵੇਂ ਇਕ ਕਹਾਣੀ ਪ੍ਰਚੱਲਿਤ ਹੈ- ਇਕ ਵਾਰ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਇਕ ਬੰਦਾ ਆਇਆ। ਉਹ ਮਾਤ-ਭਾਸ਼ਾ ਵਾਂਗ ਕਈ ਬੋਲੀਆਂ ਬੜੀ ਮੁਹਾਰਤ ਨਾਲ ਬੋਲ ਲੈਂਦਾ ਸੀ। ਉਹਨੇ ਬੜੀ ਮੁਹਾਰਤ ਨਾਲ ਬਾਦਸ਼ਾਹ ਨੂੰ ਕਈ ਭਾਸ਼ਾਵਾਂ ਬੋਲ ਕੇ ਸੁਣਾਈਆਂ। ਉਹ ਹਰ ਰੋਜ਼ ਇਕ ਭਾਸ਼ਾ ਵਿਚ ਕੋਈ ਨਵੀਂ ਗੱਲ ਸੁਆਦਲੇ ਤਰੀਕੇ ਨਾਲ ਬਾਦਸ਼ਾਹ ਨੂੰ ਸੁਣਾ ਦਿੰਦਾ। ਬਾਦਸ਼ਾਹ ਖੁਸ਼ ਹੋ ਜਾਂਦਾ। ਕੁਝ ਦਿਨ ਇਹ ਸਿਲਸਿਲਾ ਨਿਰਵਿਘਨ ਚਲਦਾ ਰਿਹਾ ਪਰ ਇਕ ਦਿਨ ਬਾਦਸ਼ਾਹ ਦੇ ਮਨ ਵਿਚ ਸੁਆਲ ਪੈਦਾ ਹੋਇਆ ਕਿ ਇਹਦੀ ਮਾਤ-ਭਾਸ਼ਾ ਕਿਹੜੀ ਹੈ। ਉਹਨੇ ਬੀਰਬਲ ਨੂੰ ਪੁੱਛਿਆ ਤਾਂ ਉਹ ਅੱਗੋਂ ਕਹਿਣ ਲੱਗਾ ਕਿ ਮੈਂ ਇਹਦਾ ਪਤਾ ਲਾਉਣ ਦੀ ਕੋਸ਼ਿਸ਼ ਕਰਦਾ ਹਾਂ। ਰਾਤ ਨੂੰ ਜਦੋਂ ਉਹ ਅਜਨਬੀ ਸੌਂ ਗਿਆ ਤਾਂ ਬੀਰਬਲ ਨੇ ਪਾਣੀ ਦੀ ਭਰੀ ਬਾਲਟੀ ਸੁੱਤੇ ਪਏ 'ਤੇ ਪਲਟ ਦਿੱਤੀ। ਫਿਰ ਉਹ ਅੱਗ ਬਗੂਲਾ ਹੋ ਕੇ ਜਿਸ ਭਾਸ਼ਾ ਵਿਚ ਬੋਲਣ ਅਤੇ ਗਾਲ੍ਹਾਂ ਕੱਢਣ ਲੱਗਾ, ਉਹ ਉਹਦੀ ਮਾਤ-ਭਾਸ਼ਾ ਸੀ।

ਬੇਸ਼ੱਕ ਅੱਜ ਇਕ ਭਾਸ਼ਾ ਨਾਲ ਗੁਜ਼ਾਰਾ ਨਹੀਂ ਹੋ ਸਕਦਾ ਤੇ ਬਹੁ-ਭਾਸ਼ੀ ਹੋਣਾ ਸਮੇਂ ਦੀ ਲੋੜ ਹੈ ਪਰ ਦੂਸਰੀ ਭਾਸ਼ਾ ਵਿਚ ਵੀ ਤਾਂ ਹੀ ਸਮਰੱਥ ਹੋਇਆ ਜਾ ਸਕਦਾ ਹੈ ਜੇ ਆਪਣੀ ਭਾਸ਼ਾ ਵਿਚ ਮੁਹਾਰਤ ਹਾਸਲ ਹੋਵੇ।

ਇਸ ਪ੍ਰਸੰਗ ਵਿਚ ਜੇ ਭਾਰਤ ਦੀਆਂ ਖੇਤਰੀ ਮਾਤ-ਭਾਸ਼ਾਵਾਂ ਦੀ ਸਥਿਤੀ ਦੇਖੀਏ ਤਾਂ ਬੜੀ ਪੇਚੀਦਾ ਨਜ਼ਰ ਆਉਂਦੀ ਹੈ। ਭਾਰਤ ਆਪਣੇ ਆਪ ਵਿਚ ਵੱਡੇ ਭੂਗੋਲਿਕ ਘੇਰੇ ਵਾਲਾ ਬਹੁ-ਭਾਸ਼ੀ, ਬਹੁ-ਸੱਭਿਆਚਾਰਕ, ਬਹੁ-ਨਸਲੀ ਤੇ ਬਹੁ-ਧਰਮੀ ਦੇਸ਼ ਹੈ। ਇਸ ਦੇ ਨਾਲ ਹੀ ਇਹ ਬਹੁ-ਕੌਮੀ, ਬਹੁ-ਜਾਤੀ ਤੇ ਬਹੁ-ਵਿਸ਼ਵਾਸੀ ਦੇਸ਼ ਵੀ ਹੈ। ਇਥੇ ਭਾਸ਼ਾਈ ਝਗੜੇ ਕਈ ਵਾਰ ਖ਼ੂਨੀ ਝੜਪਾਂ ਵਿਚ ਵੀ ਬਦਲ ਚੁੱਕੇ ਹਨ ਤੇ ਦੇਸ਼ ਵੰਡ ਦਾ ਇਕ ਆਧਾਰ ਭਾਸ਼ਾਈ ਵਿਭਿੰਨਤਾ ਵੀ ਸੀ।

ਸੰਵਿਧਾਨਕ ਤੌਰ ਉੱਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੱਖ-ਵੱਖ ਪ੍ਰਦੇਸ਼ਾਂ ਤੇ ਰਿਆਸਤਾਂ ਦਾ ਪੁਨਰਗਠਨ ਭਾਸ਼ਾਵਾਂ ਦੇ ਆਧਾਰ ਉੱਤੇ ਕੀਤਾ ਗਿਆ। ਬਸਤੀਵਾਦੀ ਦੌਰ ਵਿਚ ਅੰਗਰੇਜ਼ਾਂ ਨੇ ਲੋਕਾਂ ਵਿਚਲੀ ਨਸਲੀ ਵਿਭਿੰਨਤਾ ਨੂੰ ਭਾਸ਼ਾ ਤੇ ਧਰਮ ਦੀ ਆੜ ਵਿਚ ਵੰਡ ਕੇ ਕਈ ਬਖੇੜੇ ਖੜ੍ਹੇ ਕਰ ਦਿੱਤੇ। ਅੰਗਰੇਜ਼ਾਂ ਦੀ ਆਮਦ ਤੋਂ ਪਹਿਲਾਂ ਭਾਸ਼ਾਈ ਝਗੜੇ ਨਜ਼ਰ ਨਹੀਂ ਆਉਂਦੇ, ਉਲਟਾ ਭਾਸ਼ਾਵਾਂ ਵਿਚ ਆਪਸੀ ਲੈਣ-ਦੇਣ ਪੱਖੋਂ ਉਦਾਰਤਾ ਨਜ਼ਰ ਆਉਂਦੀ ਸੀ। ਬਿਨਾ ਕਿਸੇ ਰੋਕ-ਟੋਕ ਤੇ ਵੈਰ-ਵਿਰੋਧ ਦੇ ਭਾਸ਼ਾਵਾਂ ਵਿਚ ਲੈਣ-ਦੇਣ ਹੁੰਦਾ ਰਿਹਾ ਪਰ ਬਸਤੀਵਾਦੀ ਦੌਰ ਵਿਚ ਅੰਗਰੇਜ਼ੀ ਦੀ ਸੁਪਰਮੇਸੀ ਅਥਵਾ ਏਕਾਧਿਕਾਰ ਸਥਾਪਤ ਕਰਨ ਲਈ ਇਸ ਨੂੰ ਭਾਰਤੀ ਭਾਸ਼ਾਵਾਂ 'ਤੇ ਠੋਸਿਆ ਗਿਆ। ਅੰਗਰੇਜ਼ਾਂ ਨੇ ਸੁਚੇਤ ਰੂਪ ਵਿਚ ਭਾਰਤ ਵਿਚ ਜਿਹੜੀ ਭਾਸ਼ਾ ਨੀਤੀ ਘੜੀ, ਉਸ ਨਾਲ ਆਪਣੇ ਬਸਤੀਵਾਦੀ ਸਾਮਰਾਜ ਦੇ ਢਾਂਚੇ ਨੂੰ ਏਕੀਕ੍ਰਿਤ ਕੀਤਾ ਤੇ ਨਾਲ ਹੀ ਭਾਰਤੀ ਸਮਾਜ ਦੇ ਅੰਦਰੂਨੀ ਢਾਂਚੇ ਨੂੰ ਖੇਰੂੰ-ਖੇਰੂੰ ਕਰ ਕੇ ਭਾਸ਼ਾਈ ਤੌਰ ਉੱਤੇ ਤ੍ਰੇੜ ਦਿੱਤਾ। ਭਾਸ਼ਾਈ ਤੌਰ ਉੱਤੇ ਇਹ ਖ਼ਤਰਨਾਕ ਖੇਡ ਸੀ ਜਿਸ ਦਾ ਸਿੱਟਾ ਅੱਗੇ ਜਾ ਕੇ ਦੇਸ਼ ਦੀ ਵੰਡ ਵਿਚ ਨਿਕਲਿਆ। ਇਸ ਤੋਂ ਪਹਿਲਾਂ ਆਏ ਵਿਦੇਸ਼ੀ ਧਾੜਵੀਆਂ ਨੇ ਅਜਿਹਾ ਕੁਝ ਨਹੀਂ ਸੀ ਕੀਤਾ ਜਿਸ ਨਾਲ ਭਾਸ਼ਾਵਾਂ ਤੇ ਦੇਸ਼ ਨੂੰ ਨੁਕਸਾਨ ਹੋਵੇ। ਅੰਗਰੇਜ਼ਾਂ ਦੇ ਉਲਟ ਬਹੁਤੇ ਜੇਤੂਆਂ ਨੇ ਆਪਣੇ-ਆਪ ਨੂੰ ਭਾਰਤੀ ਸਮਾਜ ਵਿਚ ਆਤਮਸਾਤ ਕਰ ਲਿਆ ਜਦਕਿ ਅੰਗਰੇਜ਼ਾਂ ਨੇ ਆਪਣੀ ਹਓਂ ਆਸਰੇ ਦੇਸ਼ ਦੀ ਵਿਭਿੰਨਤਾ ਨੂੰ ਵੈਰ-ਵਿਰੋਧ ਵਾਲੇ ਚੱਕਰਵਿਊ ਵਿਚ ਪਾ ਦਿੱਤਾ। ਆਜ਼ਾਦੀ ਤੋਂ ਪਹਿਲਾਂ ਤੱਕ ਇਹ ਭਾਸ਼ਾਵਾਂ ਅਲਪ ਰੂਪ ਵਿਚ ਸਿਰਫ਼ ਸੰਚਾਰ ਤੇ ਸਕੂਲੀ ਸਿੱਖਿਆ ਦਾ ਮਾਧਿਅਮ ਬਣੀਆਂ ਰਹੀਆਂ। ਆਜ਼ਾਦੀ ਤੋਂ ਬਾਅਦ ਪ੍ਰਦੇਸ਼ਾਂ ਤੇ ਰਿਆਸਤਾਂ ਦਾ ਪੁਨਰਗਠਨ ਭਾਸ਼ਾਵਾਂ ਦੇ ਆਧਾਰ ਉੱਤੇ ਕਰਕੇ ਇਨ੍ਹਾਂ ਨੂੰ ਸੰਵਿਧਾਨਕ ਤੌਰ 'ਤੇ ਤਾਂ ਪੁਖਤਾ ਕਰਨ ਦਾ ਵਚਨ ਦਿੱਤਾ ਗਿਆ ਪਰ ਵਿਹਾਰਕ ਰੂਪ ਵਿਚ ਇਨ੍ਹਾਂ ਦੀ ਦੁਰਦਸ਼ਾ ਹੀ ਹੁੰਦੀ ਰਹੀ।

ਮਾਤ-ਭਾਸ਼ਾ ਬੋਲਣ ਵਾਲਿਆਂ ਨੂੰ ਆਪਣਾ ਭਾਸ਼ਾਈ ਅਧਿਕਾਰ ਲੈਣ ਲਈ ਅਨੇਕਾਂ ਸੰਘਰਸ਼ ਕਰਨੇ ਪਏ ਜੋ ਅੱਜ ਵੀ ਬਰਕਰਾਰ ਹਨ। ਮਿਸਾਲ ਦੇ ਤੌਰ 'ਤੇ ਰਾਜਸਥਾਨੀਆਂ 'ਤੇ ਸਰਕਾਰੀ ਭਾਸ਼ਾ ਹਿੰਦੀ ਥੋਪੀ ਗਈ ਹੈ ਜਦਕਿ ਇਹ ਰਾਜਸਥਾਨ ਦੇ ਕਿਸੇ ਵੀ ਇਲਾਕੇ ਵਿਚ ਨਹੀਂ ਬੋਲੀ ਜਾਂਦੀ। ਰਾਜਸਥਾਨ ਦੀਆਂ ਆਪਣੀਆਂ ਮਾਤ-ਭਾਸ਼ਾਵਾਂ ਮਾਰਵਾੜੀ, ਪੁਧਰੀ, ਹੜੌਤੀ, ਮਾਲਵੀ, ਮਵਾੜੀ, ਧੁੰਧਾਰੀ, ਬਾਗੜੀ, ਮੇਵਾਤੀ ਆਦਿ ਨੂੰ ਸਿੱਖਿਆ, ਸੰਚਾਰ, ਪ੍ਰਸ਼ਾਸਨ ਵਿਚ ਕੋਈ ਸਥਾਨ ਨਹੀਂ ਦਿੱਤਾ ਗਿਆ। ਰਾਜਸਥਾਨ ਦੇ ਲੋਕ ਇਹਦੀ ਮੰਗ ਕਰ ਰਹੇ ਹਨ, ਅੰਦੋਲਨ ਕਰ ਰਹੇ ਹਨ ਪਰ ਸਰਕਾਰ ਦਾ ਹਠੀ ਰਵੱਈਆ ਲੋਕਾਂ ਦੀ ਮਾਤ-ਭਾਸ਼ਾ ਦੇ ਅਧਿਕਾਰ ਨੂੰ ਮਸਲ ਰਿਹਾ ਹੈ।

ਇਹੀ ਹਾਲ ਹਰਿਆਣੇ ਦਾ ਹੈ। ਹਰਿਆਣੇ ਦੀ ਸਰਕਾਰੀ ਮਾਨਤਾ ਪ੍ਰਾਪਤ ਭਾਸ਼ਾ ਹਿੰਦੀ ਹੈ ਜਦਕਿ ਇਹ ਉਥੇ ਕਿਤੇ ਵੀ ਬੋਲੀ ਨਹੀਂ ਜਾਂਦੀ। 1966 ਤੋਂ ਪਹਿਲਾਂ ਹਰਿਆਣਾ ਪੰਜਾਬ ਦਾ ਹਿੱਸਾ ਸੀ ਤੇ ਉਥੇ ਪੰਜਾਬੀ ਤੇ ਸਥਾਨਕ ਮਾਤ-ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ ਜਿਨ੍ਹਾਂ ਵਿਚ ਬਾਂਗਰੂ, ਬਾਗੜੀ, ਦੇਸ਼ਵਾਲੀ, ਜੱਟੂ, ਅਹੀਰਵਟੂ, ਮੇਵਾਤੀ, ਪੁਆਧੀ ਆਦਿ ਬੋਲੀਆਂ ਸ਼ਾਮਿਲ ਸਨ। ਅੱਜ ਵੀ ਸਥਾਨਕ ਵਾਸੀਆਂ ਦੀਆਂ ਇਹ ਮਾਤ-ਭਾਸ਼ਾਵਾਂ ਹਨ ਪਰ ਸਿੱਖਿਆ, ਸੰਚਾਰ, ਪ੍ਰਸ਼ਾਸਨ, ਨਿਆਂ, ਕਾਨੂੰਨ ਵਿਚ ਇਨ੍ਹਾਂ ਸਭ 'ਤੇ ਹਿੰਦੀ ਠੋਸ ਦਿੱਤੀ ਗਈ ਹੈ। ਇਹ ਅਸਲ ਵਿਚ ਸੌੜੀ ਰਾਜਨੀਤੀ ਦਾ ਸਿੱਟਾ ਹੈ ਜੋ ਮਾਤ-ਭਾਸ਼ਾ ਦੀ ਅਹਿਮੀਅਤ ਪੱਖੋਂ ਨਹੀਂ ਸਗੋਂ ਵੋਟ ਬੈਂਕ ਖਾਤਰ ਲਿਆ ਗਿਆ ਫੈਸਲਾ ਹੈ। ਹਿਮਾਚਲ ਦੀ ਸਥਿਤੀ ਵੀ ਇਹੋ ਜਿਹੀ ਹੈ। ਹਰਿਆਣੇ ਵਾਂਗ 1966 ਤੋਂ ਪਹਿਲਾਂ ਇਹ ਵੀ ਪੰਜਾਬ ਦਾ ਹਿੱਸਾ ਸੀ। ਏਥੇ ਸਿਰਮੌਰੀ, ਮਹਾਸੁਵੀ, ਬਘਾਟੀ, ਕਹਿਲੂਰੀ, ਮੰਡਿਆਲੀ, ਕਾਂਗੜੀ, ਕਿੰਨੌਰੀ, ਚੰਬਿਆਲੀ ਆਦਿ ਮਾਤ-ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਸਿੱਖਿਆ, ਸੰਚਾਰ, ਨਿਆਂ, ਪ੍ਰਸ਼ਾਸਨ, ਕਾਨੂੰਨ ਆਦਿ ਵਿਚ ਕਿਤੇ ਵੀ ਇਨ੍ਹਾਂ ਦੀ ਵਰਤੋਂ ਨਹੀਂ ਹੁੰਦੀ। ਇਨ੍ਹਾਂ ਦੀ ਨੇੜਤਾ ਪੰਜਾਬੀ ਨਾਲ ਹੈ। ਹੁਣੇ ਜਿਹੇ ਪੰਜਾਬੀ ਯੂਨੀਵਰਸਿਟੀ ਦੇ ਇਕ ਖੋਜਾਰਥੀ ਨੇ ਸਿਰਮੌਰੀ ਦਾ ਸਰਵੇਖਣ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਇਸ ਵਿਚ ਬਹੁਤ ਵੱਡੀ ਗਿਣਤੀ ਵਿਚ ਪੰਜਾਬੀ ਸ਼ਬਦ ਹਨ ਜੋ ਖੁਰਦੇ ਜਾ ਰਹੇ ਹਨ। ਇਥੇ ਵੀ ਹਿੰਦੀ ਬੋਲਣ ਵਾਲਾ ਕੋਈ ਖੇਤਰ ਨਹੀਂ ਪਰ ਰਾਜ ਭਾਸ਼ਾ ਹਿੰਦੀ ਬਣਾ ਦਿੱਤੀ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੋਂ ਵੀ ਪਹਿਲਾਂ ਡੋਗਰ ਅਥਵਾ ਜੰਮੂ ਦਾ ਇਲਾਕਾ ਪੰਜਾਬ ਨਾਲ ਜੁੜਵਾਂ ਰਿਹਾ ਹੈ। ਇਥੇ ਬੋਲੀ ਜਾਣ ਵਾਲੀ ਮਾਤ-ਭਾਸ਼ਾ ਡੋਗਰੀ ਨੂੰ ਜੋ ਪੰਜਾਬੀ ਦੀ ਉਪਬੋਲੀ ਸੀ, ਹਿੰਦੀ ਨਾਲ ਜੋੜ ਦਿੱਤਾ ਗਿਆ। 1931 ਦੀ ਮਰਦਮਸ਼ੁਮਾਰੀ ਰਿਪੋਰਟ ਦੀ ਜਿਲਦ 24 ਭਾਗ ਪਹਿਲਾ ਦੇ ਪੰਨਾ 282 'ਤੇ ਦਰਜ ਹੈ ਕਿ ਜੰਮੂ ਤੇ ਇਹਦੇ ਆਲੇ-ਦੁਆਲੇ ਦੇ ਖੇਤਰਾਂ ਵਿਚ ਬੋਲੀ ਜਾਣ ਵਾਲੀ ਭਾਸ਼ਾ ਜੋ ਕਿ ਡੋਗਰੀ ਹੈ, ਪੰਜਾਬੀ ਦੀ ਉਪ-ਬੋਲੀ ਹੈ। ਡੋਗਰ ਅਥਵਾ ਡੁੱਗਰ ਸ਼ਬਦ 12ਵੀਂ ਸਦੀ ਵਿਚ ਰਚੇ ਬਾਬਾ ਫ਼ਰੀਦ ਦੇ ਸਲੋਕਾਂ ਵਿਚ ਮਿਲਦਾ ਹੈ। ਰਾਜਨੀਤਕ ਕੁਚਾਲਾਂ ਕਰਕੇ ਹੀ ਡੋਗਰੀ ਨੂੰ ਪਹਿਲਾਂ ਪੰਜਾਬੀ ਤੋਂ ਤੋੜਿਆ, ਫਿਰ ਇਸ ਨੂੰ ਮੁਕੰਮਲ ਭਾਸ਼ਾ ਵਜੋਂ ਮਾਨਤਾ ਦੇ ਦਿੱਤੀ ਗਈ ਤੇ ਇਹਦੇ 'ਤੇ ਦੇਵਨਾਗਰੀ ਲਿਪੀ ਥੋਪ ਦਿੱਤੀ ਗਈ। ਬਿਹਾਰ ਵਿਚ ਸਥਿਤੀ ਹੋਰ ਵੀ ਅਜੀਬੋ ਗ਼ਰੀਬ ਹੈ। ਭਾਗਲਪੁਰ ਜ਼ਿਲ੍ਹੇ ਦੇ 1288 ਲੋਕਾਂ ਨੇ ਆਪਣੀ ਮਾਤ-ਭਾਸ਼ਾ ਭਾਗਲਪੁਰੀ ਦੱਸੀ, ਮੋਂਘਰ ਦੇ ਨਾਂ 'ਤੇ 31 ਆਦਮੀਆਂ ਨੇ ਆਪਣੀ ਮਾਤ-ਭਾਸ਼ਾ ਮੋਂਘਰੀਆ ਦੱਸੀ, ਮੁਜ਼ੱਫਰਪੁਰ ਜ਼ਿਲ੍ਹੇ ਦੇ 25 ਲੋਕਾਂ ਨੇ ਮੁਜ਼ੱਫਰਪੁਰੀ ਨੂੰ ਤੇ ਤਾਮਾਰ ਜ਼ਿਲ੍ਹੇ ਦੇ 5045 ਲੋਕਾਂ ਨੇ ਆਪਣੀ ਮਾਤ-ਭਾਸ਼ਾ ਤਮਾਰੀਆ ਲਿਖਵਾਈ। ਹੋਰ ਵੱਖ-ਵੱਖ ਜ਼ਿਲ੍ਹਿਆਂ ਵਿਚ ਲੋਕਾਂ ਨੇ ਬਿਹਾਰੀ ਤੇ ਸਥਾਨਕ ਭਾਸ਼ਾਵਾਂ ਆਪਣੀਆਂ ਮਾਂ-ਬੋਲੀਆਂ ਵਜੋਂ ਦਰਜ ਕਰਵਾਈਆਂ ਪਰ ਸਰਕਾਰੀ ਤੌਰ ਉਤੇ ਇਨ੍ਹਾਂ 'ਤੇ ਹਿੰਦੀ ਥੋਪੀ ਹੋਈ ਹੈ। ਇਨ੍ਹਾਂ ਸਾਰੀਆਂ ਸਥਾਨਕ ਬੋਲੀਆਂ ਨੂੰ ਹਿੰਦੀ ਨਾਲ ਨੂੜਿਆ ਹੋਇਆ ਹੈ।

ਮੈਥਿਲੀ ਮਾਤ ਭਾਸ਼ੀਆਂ ਨੇ ਜਦੋਂ ਉੱਤਰੀ ਬਿਹਾਰ ਵਿਚ ਮਿਥਿਲਾ ਪ੍ਰਦੇਸ਼ ਦੀ ਮੰਗ ਕੀਤੀ ਤਾਂ ਉਨ੍ਹਾਂ ਦਾ ਤਰਕ ਸੀ ਕਿ ਸਾਡੀ ਮਾਤ-ਭਾਸ਼ਾ ਨੂੰ ਬਣਦੇ ਮੌਕੇ ਮਿਲਣੇ ਚਾਹੀਦੇ ਹਨ। ਇਸ ਅੰਦੋਲਨ ਦਾ ਮੋਹਰੀ ਲਛਮਣ ਝਾਅ ਸੀ। ਇਸ ਪਿੱਛੇ ਜਾਤੀਗਤ ਸਮੀਕਰਨ ਵੀ ਨਜ਼ਰ ਆਉਂਦੇ ਹਨ ਜੋ ਭਾਰਤੀ ਭਾਸ਼ਾਵਾਂ ਦੀ ਧੁਰੀ ਵਿਚ ਕੰਮ ਕਰਦੇ ਹਨ। ਜਾਤੀਗਤ ਪਛਾਣਾਂ ਨੇ ਭਾਸ਼ਾਈ ਪਛਾਣਾਂ ਦਾ ਰੂਪ ਲੈ ਲਿਆ ਹੈ।

ਭੋਜਪੁਰੀ ਮਾਤ ਭਾਸ਼ੀਆਂ ਨੇ ਵੀ ਆਪਣੀ ਭਾਸ਼ਾ ਭੋਜਪੁਰੀ ਦੇ ਨਾਂਅ 'ਤੇ ਜਦੋਂ ਭੋਜਪੁਰ ਪ੍ਰਦੇਸ਼ ਦੀ ਮੰਗ ਕੀਤੀ ਤਾਂ ਉਨ੍ਹਾਂ ਦਾ ਤਰਕ ਸੀ ਕਿ ਭੋਜਪੁਰੀ ਮਾਤ ਭਾਸ਼ੀਆਂ ਦੀ ਵੱਖਰੀ ਸੰਸਕ੍ਰਿਤੀ, ਪਰੰਪਰਾਵਾਂ, ਲੋਕ ਸਾਹਿਤ ਤੇ ਗੌਰਵਮਈ ਇਤਿਹਾਸ ਹੈ ਜਿਸ ਦੀ ਅਣਦੇਖੀ ਕੀਤੀ ਜਾ ਰਹੀ ਹੈ। ਇਸ ਲਈ ਜਦੋਂ ਰਾਜਾਂ ਦੀਆਂ ਹੱਦਾਂ ਬਦਲ ਰਹੀਆਂ ਹਨ ਤਾਂ ਸਾਨੂੰ ਸਾਡੀ ਮਾਤ-ਭਾਸ਼ਾ ਦੇ ਆਧਾਰ 'ਤੇ ਵੱਖਰਾ ਸੂਬਾ ਦਿੱਤਾ ਜਾਣਾ ਚਾਹੀਦਾ ਹੈ। ਉਤਰਾਖੰਡ ਜੋ ਪਹਿਲਾਂ ਉਤਰ ਪ੍ਰਦੇਸ਼ ਦਾ ਹਿੱਸਾ ਸੀ, ਨੂੰ ਪਹਾੜੀ ਪ੍ਰਦੇਸ਼ ਦੇ ਤੌਰ 'ਤੇ ਵੱਖ ਕਰ ਕੇ ਨਵਾਂ ਸੂਬਾ ਬਣਾ ਦਿੱਤਾ ਗਿਆ। ਇਥੇ ਮੁੱਖ ਰੂਪ ਵਿਚ ਗੜਵਾਲੀ, ਕੁਮਾਉਣੀ, ਮਨੀਪੁਰੀ-ਮੈਤੇਈ, ਮੁੰਡਾਰੀ, ਤੁਲੂ ਆਦਿ ਬੋਲੀਆਂ ਜਾਂਦੀਆਂ ਹਨ। ਇਹ ਸਥਾਨਕ ਮਾਤ-ਭਾਸ਼ਾਵਾਂ ਹਨ ਪਰ ਸਰਕਾਰੀ ਤੌਰ 'ਤੇ ਇਨ੍ਹਾਂ ਦੀ ਥਾਂ ਹਿੰਦੀ ਥੋਪੀ ਗਈ ਹੈ। ਭਾਰਤੀ ਮਾਤ-ਭਾਸ਼ਾਵਾਂ ਦੀ ਅਜਿਹੀ ਸਥਿਤੀ ਨੂੰ ਦੇਖਦਿਆਂ ਹੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਭਾਰਤ ਵਿਚ ਭਾਸ਼ਾਵਾਂ ਤੇ ਬੋਲੀਆਂ ਦੀ ਚਕਰਾ ਦੇਣ ਵਾਲੀ ਅੰਧ-ਵਿਵਸਥਾ ਹੈ ਜਿਨ੍ਹਾਂ ਨੂੰ ਬੋਲਣ ਵਾਲੇ ਇਕ-ਦੂਸਰੇ ਦੇ ਵਿਰੋਧ ਵਿਚ ਲੜਾਈ-ਝਗੜੇ ਖੜ੍ਹੇ ਕਰ ਰਹੇ ਹਨ। ਇਸੇ ਕਰ ਕੇ ਭਾਰਤ ਵਿਚ ਸੈਂਕੜੇ ਭਾਸ਼ਾਵਾਂ ਆਲੋਚਕਾਂ ਲਈ ਚਗਲੇ ਹੋਏ ਵਿਸ਼ੇ ਵਾਂਗ ਹਨ। ਹਕੀਕਤ ਇਹ ਹੈ ਕਿ ਭਾਰਤ ਵਿਚ ਭਾਸ਼ਾਵਾਂ ਅਨੋਖੇ ਰੂਪ ਵਿਚ ਇਕ-ਦੂਜੇ ਨਾਲ ਗੁੰਦੀਆਂ ਹੋਈਆਂ ਹਨ। ਛੋਟੀਆਂ-ਛੋਟੀਆਂ ਬੇਸ਼ੁਮਾਰ ਬੋਲੀਆਂ ਹਨ ਜੋ ਲੋਕਾਂ ਵਿਚ ਪ੍ਰਚੱਲਿਤ ਹਨ।

ਇਸੇ ਤਰ੍ਹਾਂ ਮਰਾਠੀ ਅਤੇ ਕੌਂਕਣੀ ਨੂੰ ਦੇਖਿਆ ਜਾ ਸਕਦਾ ਹੈ। ਬੜੇ ਲੰਮੇ ਸਮੇਂ ਤੋਂ ਕੌਂਕਣੀ ਭਾਸ਼ਾ ਦੇ ਬੋਲਣਹਾਰੇ ਆਪਣੀ ਮਾਤ-ਭਾਸ਼ਾ ਨੂੰ ਮਰਾਠੀ ਤੋਂ ਵੱਖਰਾ ਰੁਤਬਾ ਦਿਵਾਉਣ ਲਈ ਜਦੋ ਜਹਿਦ ਕਰ ਰਹੇ ਸਨ। ਪਹਿਲਾਂ ਇਸ ਨੂੰ ਮਰਾਠੀ ਦੀ ਉਪ ਬੋਲੀ ਹੀ ਮੰਨਿਆ ਜਾਂਦਾ ਸੀ। ਕੌਂਕਣੀ ਭਾਸ਼ਾ ਸਮੁਦਾਇ ਦਾ ਤਰਕ ਸੀ ਕਿ ਇਸ ਦਾ ਉਲੇਖ 12ਵੀਂ ਸਦੀ ਦੇ ਸ਼ਿਲਾਲੇਖਾਂ ਵਿਚ ਮਿਲਦਾ ਹੈ, ਇਸ ਲਈ ਇਹ ਮਰਾਠੀ ਤੋਂ ਪ੍ਰਾਚੀਨ ਹੈ। ਇਸ ਦਾ ਸਬੰਧ ਮਰਾਠੀ ਦੀ ਬਜਾਇ ਪ੍ਰਾਕ੍ਰਿਤ ਨਾਲ ਜੁੜਦਾ ਹੈ। ਉਨ੍ਹਾਂ ਦੀ ਦੂਜੀ ਦਲੀਲ ਸੀ ਕਿ ਸੋਲ੍ਹਵੀਂ ਸਦੀ ਵਿਚ ਇਸਾਈ ਮਿਸ਼ਨਰੀਆਂ ਨੇ ਧਰਮ ਪ੍ਰਚਾਰ ਹਿਤ ਇਸ ਨੂੰ ਸਭ ਤੋਂ ਵੱਧ ਵਰਤੋਂ ਵਿਚ ਲਿਆਂਦਾ। ਲੰਮੇ ਸੰਘਰਸ਼ ਤੋਂ ਬਾਅਦ ਕੌਂਕਣੀ ਨੂੰ ਉਹਦਾ ਮਾਤ-ਭਾਸ਼ਾਈ ਰੁਤਬਾ ਮਿਲਿਆ ਤੇ ਹੁਣ ਇਹ ਮੁਕੰਮਲ ਭਾਸ਼ਾ ਬਣ ਗਈ ਹੈ।

ਉੜੀਆ ਵਿਚ ਵੀ ਸਥਾਨਕ ਮਾਤ-ਬੋਲੀਆਂ ਦਾ ਮਸਲਾ ਰਿਹਾ ਹੈ। ਮਿਆਰੀ ਉੜੀਆ ਤੋਂ ਇਲਾਵਾ ਇਸ ਦੀਆਂ ਬੋਲੀਆਂ ਵਿਚ ਸੰਭਲਪੁਰੀ ਉੜੀਆ, ਉੱਤਰੀ ਤੇ ਦੱਖਣੀ ਉੜੀਆ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਉਂਜ ਬੋਲੀਆਂ ਦੇ ਨਾਂ 'ਤੇ ਮਰਦਮਸ਼ੁਮਾਰੀ ਵਿਚ ਉੜੀਆ ਦੇ ਚੌਵੀ ਰੂਪਾਂ ਜਾਂ ਸ਼ੈਲੀਆਂ ਦਾ ਵਰਣਨ ਮਿਲਦਾ ਹੈ।

ਇਨ੍ਹਾਂ ਤੋਂ ਇਲਾਵਾ ਵੀ ਭਾਰਤ ਵਿਚ ਛੋਟੀਆਂ-ਛੋਟੀਆਂ ਮਾਂ-ਬੋਲੀਆਂ ਦੇ ਅਨੇਕਾਂ ਝਗੜੇ ਨਜ਼ਰ ਆਉਂਦੇ ਹਨ। ਹਰ ਕੋਈ ਆਪਣੀ ਮਾਤ-ਭਾਸ਼ਾ ਦੀ ਸਰਕਾਰੀ ਸਰਪ੍ਰਸਤੀ ਤੇ ਦਬਦਬਾ ਚਾਹੁੰਦਾ ਹੈ। ਇਸ ਦੇ ਮੂਲ ਵਿਚ ਇਹ ਗੱਲ ਪਈ ਹੈ ਕਿ ਹਰ ਕੋਈ ਆਪਣੀ ਮਾਂ-ਬੋਲੀ ਨੂੰ ਪਿਆਰ ਕਰਦਾ ਹੈ। ਬਸਤੀਵਾਦੀ ਦੌਰ 'ਤੇ ਆਜ਼ਾਦੀ ਤੋਂ ਬਾਅਦ ਸਰਕਾਰ ਦੀਆਂ ਭਾਸ਼ਾ ਨੀਤੀਆਂ ਤੇ ਭਾਸ਼ਾਈ ਸਾਮਰਾਜੀ ਦ੍ਰਿਸ਼ਟੀ ਨੇ ਮਾਤ-ਭਾਸ਼ਾਵਾਂ ਦੇ ਵਿਕਾਸ ਤੇ ਲੋਕ-ਇਛਾਵਾਂ ਦਾ ਘਾਣ ਕੀਤਾ ਹੈ। ਹੁਣ 'ਇਕ ਰਾਸ਼ਟਰ ਇਕ ਭਾਸ਼ਾ' ਦਾ ਨਾਅਰਾ ਦੇ ਕੇ ਮਾਤ-ਭਾਸ਼ਾਵਾਂ ਦੀ ਸਥਿਤੀ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਮਾਤ-ਭਾਸ਼ਾਵਾਂ ਦੇ ਵਿਕਾਸ ਤੇ ਭਵਿੱਖ ਲਈ ਕੋਈ ਯੋਜਨਾਬੰਦੀ ਨਜ਼ਰ ਨਹੀਂ ਆਉਂਦੀ। ਇਹੀ ਕਾਰਨ ਹੈ ਕਿ ਕੌਮੀ ਪੱਧਰ 'ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਇਹ ਸਥਾਨਕ ਮਾਤ ਭਾਸ਼ੀ ਮਾਰ ਖਾ ਜਾਂਦੇ ਹਨ।

ਅੱਜ ਅੰਗਰੇਜ਼ੀ ਦੇ ਨਾਲ-ਨਾਲ ਭਾਰਤੀ ਭਾਸ਼ਾਵਾਂ ਨੂੰ ਸਭ ਤੋਂ ਵੱਡਾ ਖਤਰਾ ਹਿੰਦੀ ਤੋਂ ਹੈ। ਹਿੰਦੀ ਦੇਸ਼ ਵਿਚ ਸੰਪਰਕ ਭਾਸ਼ਾ ਦੇ ਤੌਰ 'ਤੇ ਕੰਮ ਕਰ ਰਹੀ ਹੈ, ਇਸ ਵਿਚ ਕਿਸੇ ਨੂੰ ਉਜ਼ਰ ਨਹੀਂ ਪਰ ਜਿਸ ਤਰੀਕੇ ਨਾਲ ਸਥਾਨਕ ਮਾਤ-ਭਾਸ਼ਾਵਾਂ ਦਾ ਗਲਾ ਘੁੱਟ ਕੇ ਇਸ ਨੂੰ ਥੋਪਿਆ ਜਾ ਰਿਹਾ ਹੈ, ਉਹ ਮੰਦਭਾਗਾ ਹੈ। ਹਰ ਖੇਤਰ ਦੇ ਮਾਤ-ਭਾਸ਼ੀਆਂ ਨੂੰ ਉਨ੍ਹਾਂ ਦੀ ਭਾਸ਼ਾ ਦੇ ਸਮੁੱਚੇ ਪੱਧਰਾਂ ਵਿਚ ਭਾਈਵਾਲੀ ਤੇ ਵਿਕਾਸ ਦੇ ਮੌਕੇ ਦੇਣੇ ਜ਼ਰੂਰੀ ਹਨ, ਇਹ ਉਨ੍ਹਾਂ ਦਾ ਕੁਦਰਤੀ ਹੱਕ ਹੈ। ਇਸ ਵਿਚ ਰਾਜਨੀਤੀ ਤੇ ਬਸਤੀਵਾਦੀ ਸੋਚ ਨੂੰ ਤਿਆਗ ਕੇ ਇਨ੍ਹਾਂ ਭਾਸ਼ਾਵਾਂ ਲਈ ਕੌਮੀ ਭਾਸ਼ਾ ਕਮਿਸ਼ਨ ਕਾਇਮ ਕਰ ਕੇ ਉਨ੍ਹਾਂ ਦੇ ਵਿਕਾਸ ਲਈ ਢੁਕਵੀਂ ਯੋਜਨਾਬੰਦੀ ਕਰਨ ਦੀ ਲੋੜ ਹੈ। ਇਕੀਵੀਂ ਸਦੀ ਇਨ੍ਹਾਂ ਭਾਸ਼ਾਵਾਂ ਦੀ ਹੈ। ਇਨ੍ਹਾਂ ਦੀ ਰੁਤਬਾ-ਬਹਾਲੀ ਨਾਲ ਮਾਤ-ਭਾਸ਼ਾਵਾਂ ਦਾ ਵਿਕਾਸ ਹੋਵੇਗਾ ਤੇ ਭਾਸ਼ਾਈ ਇਛਾਵਾਂ ਦੀ ਪੂਰਤੀ ਨਾਲ ਆਪਸੀ ਵਿਰੋਧ ਘਟਣਗੇ।



*ਅੱਜ ਅੰਗਰੇਜ਼ੀ ਦੇ ਨਾਲ-ਨਾਲ ਭਾਰਤੀ ਭਾਸ਼ਾਵਾਂ ਨੂੰ ਸਭ ਤੋਂ ਵੱਡਾ ਖਤਰਾ ਹਿੰਦੀ ਤੋਂ ਹੈ। ਹਿੰਦੀ ਦੇਸ਼ ਵਿਚ ਸੰਪਰਕ ਭਾਸ਼ਾ ਦੇ ਤੌਰ 'ਤੇ ਕੰਮ ਕਰ ਰਹੀ ਹੈ, ਇਸ ਵਿਚ ਕਿਸੇ ਨੂੰ ਉਜ਼ਰ ਨਹੀਂ ਪਰ ਜਿਸ ਤਰੀਕੇ ਨਾਲ ਸਥਾਨਕ ਮਾਤ-ਭਾਸ਼ਾਵਾਂ ਦਾ ਗਲਾ ਘੁੱਟ ਕੇ ਇਸ ਨੂੰ ਥੋਪਿਆ ਜਾ ਰਿਹਾ ਹੈ, ਉਹ ਮੰਦਭਾਗਾ ਹੈ। ਹਰ ਖੇਤਰ ਦੇ ਮਾਤ-ਭਾਸ਼ੀਆਂ ਨੂੰ ਉਨ੍ਹਾਂ ਦੀ ਭਾਸ਼ਾ ਦੇ ਸਮੁੱਚੇ ਪੱਧਰਾਂ ਵਿਚ ਭਾਈਵਾਲੀ ਤੇ ਵਿਕਾਸ ਦੇ ਮੌਕੇ ਦੇਣੇ ਜ਼ਰੂਰੀ ਹਨ, ਇਹ ਉਨ੍ਹਾਂ ਦਾ ਕੁਦਰਤੀ ਹੱਕ ਹੈ।*

# ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ: ਜੈਤੋ ਦਾ ਮੋਰਚਾ

ਜੈਤੋ ਦੇ ਮੋਰਚੇ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦਾ ਇਹ ਸ਼ਾਂਤਮਈ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾਂ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜਬੂਰ ਹੋਣਾ ਪਿਆ। ਇਸ ਗੁਰਦੁਆਰਾ ਐਕਟ ਦੇ ਅਧੀਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ ਅਤੇ ਇਹ ਕਮੇਟੀ ਅੱਜ ਸਿੱਖ ਜਗਤ ਦੀ ਸਭ ਤੋਂ ਵੱਡੀ ਅਤੇ ਅਹਿਮ ਸੰਸਥਾ ਹੈ,

**ਹਰਦਮ ਸਿੰਘ ਮਾਨ**
**ਫੋਨ: 98153-6457**

ਜੋ ਸਿੱਖ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਹੈ।

ਇਸ ਮੋਰਚੇ ਦਾ ਆਰੰਭ 8 ਜੂਨ, 1923 ਨੂੰ ਉਸ ਵੇਲੇ ਹੋਇਆ ਜਦੋਂ ਅੰਗਰੇਜ਼ੀ ਹਕੂਮਤ ਨੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਜਬਰੀ ਲਾਹ ਕੇ ਰਿਆਸਤ ਵਿਚੋਂ ਕੱਢ ਦਿੱਤਾ। ਇਸ ਘਟਨਾ ਵਿਰੁੱਧ ਸਾਰੇ ਸਿੱਖ ਜਗਤ ਵਿਚ ਰੋਸ ਦੀ ਲਹਿਰ ਫੈਲਣੀ ਕੁਦਰਤੀ ਸੀ ਕਿਉਂਕਿ ਮਹਾਰਾਜਾ ਨਾਭਾ ਸਿੱਖਾਂ ਵਿਚ ਬਹੁਤ ਹਰਮਨ-ਪਿਆਰੇ ਹੋ ਚੁੱਕੇ ਸਨ। ਸਿੱਖਾਂ ਵੱਲੋਂ ਉਨ੍ਹਾਂ ਦੀ ਬਰਤਰਫੀ ਦਾ ਵਿਰੋਧ ਕੀਤਾ ਜਾਣ ਲੱਗਿਆ। ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਵਿਰੁੱਧ ਰੋਸ ਪ੍ਰਗਟ ਕਰਨ ਲਈ 5 ਅਗਸਤ 1923 ਨੂੰ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਹੋਈ, ਜਿਸ ਵਿਚ ਮਹਾਰਾਜਾ ਰਿਪੁਦਮਨ ਸਿੰਘ ਪ੍ਰਤੀ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ 9 ਸਤੰਬਰ ਨੂੰ ਮਹਾਰਾਜਾ ਦੇ ਹੱਕ ਵਿਚ ਨਾਭਾ ਦਿਵਸ ਮਨਾਉਣ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੁਦਮਨ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ 9 ਸਤੰਬਰ ਨੂੰ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।

ਸਿੱਖਾਂ ਦੇ ਇਸ ਰੋਸ ਤੋਂ ਅੰਗਰੇਜ਼ੀ ਹਕੂਮਤ ਬੇਹੱਦ ਖਫ਼ਾ ਹੋਈ। ਜੈਤੋ ਵਿਖੇ ਅਖੰਡ ਪਾਠਾਂ ਦੀ ਲੜੀ ਨੂੰ ਹਕੂਮਤ ਨੇ ਵੱਡੀ ਬਗਾਵਤ ਵਜੋਂ ਲਿਆ ਅਤੇ 14 ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਚ ਦੀਵਾਨ ਸਜਿਆ ਹੋਇਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਚੱਲ ਰਿਹਾ ਸੀ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰੇ ਅੰਦਰ ਦਾਖਲ ਹੋ ਕੇ ਉਥੇ ਇਕੱਤਰ ਹੋਏ ਲੋਕਾਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਬਾਹਰ ਖਿੱਚ ਲਿਆਂਦਾ। ਇਸ ਤਰ੍ਹਾਂ ਅਖੰਡ ਪਾਠ ਨੂੰ ਖੰਡਿਤ ਕਰ ਦਿੱਤਾ ਗਿਆ।




ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਇਸ ਤਰ੍ਹਾਂ ਜੈਤੋ ਮੋਰਚੇ ਦਾ ਆਰੰਭ ਹੋਇਆ, ਜਿਸ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਹਰ ਰੋਜ਼ 25-25 ਸਿੰਘਾਂ ਦੇ ਜਥੇ ਜੈਤੋ ਵੱਲ ਭੇਜਣੇ ਆਰੰਭ ਕਰ ਦਿੱਤੇ। 25 ਸਿੰਘਾਂ ਦਾ ਇਕ ਜਥਾ ਹਰ ਰੋਜ਼ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਇਨ੍ਹਾਂ ਸਿੰਘਾਂ ਨੂੰ ਗ੍ਰਿਫਤਾਰ ਕਰ ਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਇਸ ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਦਿੱਲੀ ਵਿਚ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਕ ਸਮਾਗਮ ਵਿਚ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੇ ਜਾਣ ਬਾਰੇ ਅਤੇ ਜੈਤੋ ਦੇ ਧਾਰਮਿਕ ਮੋਰਚੇ ਬਾਰੇ ਕਾਂਗਰਸ ਵੱਲੋਂ ਹਮਦਰਦੀ ਪ੍ਰਗਟ ਕੀਤੀ ਗਈ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਨੂੰ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਇਨ੍ਹਾਂ ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਹਰ ਰੋਜ਼ 25-25 ਸਿੰਘਾਂ ਦੇ ਜਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਇਸ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਤਹਿਤ 500-500 ਸਿੰਘਾਂ ਦੇ ਜਥੇ ਭੇਜਣ ਦਾ ਫੈਸਲਾ ਕੀਤਾ ਗਿਆ। 500 ਸਿੰਘਾਂ ਦੇ ਪਹਿਲੇ ਜਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜਥਾ ਨਾਭਾ, ਪਟਿਆਲਾ, ਫਰੀਦਕੋਟ ਅਤੇ ਸੰਗਰੂਰ ਰਾਜਾਂ ਦੇ ਪਿੰਡਾਂ ਵਿਚ ਪੜਾਅ ਤੈਅ ਕਰਦਾ ਹੋਇਆ 20 ਫਰਵਰੀ ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜਥੇ ਦੇ 500 ਸਿੰਘਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਵੀ ਸ਼ਰਧਾਵੱਸ ਜਥੇ ਦੇ ਨਾਲ ਚੱਲ ਰਹੀ ਸੀ ਅਤੇ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ ਜਿਨ੍ਹਾਂ ਵਿਚ ਬੀਬੀਆਂ ਵੀ ਸ਼ਾਮਿਲ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧ ਮਿਸਟਰ ਜ਼ਿੰਮਦ ਕਾਰ ਵਿਚ ਸਵਾਰ ਹੋ ਕੇ ਜਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ।

ਜਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਨੇ ਜਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਕੁ ਗਜ਼ ਦੀ ਵਿੱਥ 'ਤੇ ਰੋਕਿਆ ਅਤੇ ਚਿਤਾਵਨੀ ਦਿੱਤੀ ਕਿ ਜੇ ਅਗਾਂਹ ਵਧੇ ਤਾਂ ਗੋਲੀ ਚਲਾ ਦਿੱਤੀ ਜਾਵੇਗੀ। ਪਰ ਜਥਾ ਸਭ ਕੁੱਝ ਅਣਸੁਣਿਆ ਕਰ ਕੇ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼੍ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ, ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜਥਿਆਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਲੱਗੇ। ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬਾ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਦੂਜਾ 500 ਸਿੰਘਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫਰਵਰੀ, 1924 ਨੂੰ ਰਵਾਨਾ ਹੋਇਆ। ਤੀਜਾ ਜਥਾ 22 ਮਾਰਚ 1924 ਨੂੰ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 7 ਅਪਰੈਲ, 1924 ਨੂੰ ਜੈਤੋ ਪਹੁੰਚਿਆ ਜਿੱਥੇ ਫ਼ੌਜ ਅਤੇ ਪੁਲਿਸ ਵਲੋਂ ਇਨ੍ਹਾਂ ਸਿੰਘਾਂ ਨੂੰ ਹੱਥਕੜੀਆਂ ਲਾ ਕੇ ਅਤੇ ਰੱਸਿਆਂ ਨਾਲ ਜਕੜ ਕੇ ਜੈਤੋ ਕਿਲ੍ਹੇ ਅੰਦਰ ਡੱਕ ਦਿੱਤਾ ਗਿਆ ਅਤੇ ਮਗਰੋਂ ਨਾਭਾ ਬੀੜ ਜੇਲ੍ਹ ਵਿਚ ਭੇਜ ਦਿੱਤੇ ਗਏ। ਪੰਜਵਾਂ ਸ਼ਹੀਦੀ ਜਥਾ ਲਾਇਲਪੁਰ ਤੋਂ 12 ਅਪਰੈਲ, 1924 ਨੂੰ ਪੈਦਲ ਰਵਾਨਾ ਹੋਇਆ ਤੇ ਅਕਾਲ ਤਖ਼ਤ ਉਤੇ ਹਾਜ਼ਰ ਹੋਣ ਮਗਰੋਂ ਜੈਤੋ ਵੱਲ ਚੱਲ ਪਿਆ। 29 ਜੂਨ, 1924 ਨੂੰ ਬੰਗਾਲ ਦੇ 100 ਸਿੰਘਾਂ ਦਾ ਜਥਾ ਕਲਕੱਤੇ ਤੋਂ ਚੱਲਿਆ। ਕੈਨੇਡਾ ਤੋਂ 11 ਸਿੱਖਾਂ ਦਾ ਜਥਾ 17 ਜੁਲਾਈ 1924 ਨੂੰ ਚੱਲ ਕੇ ਸਮੁੰਦਰੀ ਜਹਾਜ਼ ਰਾਹੀਂ 14 ਸਤੰਬਰ ਨੂੰ ਕਲਕੱਤੇ ਅਤੇ 28 ਸਤੰਬਰ ਨੂੰ ਅੰਮ੍ਰਿਤਸਰ ਪਹੁੰਚਿਆ ਅਤੇ 2 ਜਨਵਰੀ, 1925 ਨੂੰ ਜੈਤੋ ਵੱਲ ਚੱਲ ਪਿਆ।

ਸਿੱਖ ਜਗਤ ਦੇ ਰੋਸ ਅਤੇ ਰੋਹ ਅੱਗੇ ਅੰਤ ਅੰਗਰੇਜ਼ੀ ਹਕੂਮਤ ਨੂੰ ਝੁਕਣਾ ਪਿਆ। ਹਕੂਮਤ ਵੱਲੋਂ ਜੈਤੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ 'ਤੇ ਲਾਈ ਪਾਬੰਦੀ 21 ਜੁਲਾਈ, 1925 ਨੂੰ ਵਾਪਸ ਲੈ ਲਈ ਗਈ। ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲਣ ਉਪਰੰਤ ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਅਖੰਡ ਪਾਠ ਸ਼ੁਰੂ ਕਰ ਕੇ ਭੋਗ ਪਾਏ। ਸ਼ਹੀਦੀ ਜਥੇ ਉਪਰ ਜਿਸ ਸਥਾਨ 'ਤੇ ਗੋਲੀ ਚਲਾਈ ਗਈ ਸੀ ਉਸ ਜਗ੍ਹਾ ਉੱਪਰ ਗੁਰਦੁਆਰਾ ਟਿੱਬੀ ਸਾਹਿਬ ਉਸਾਰਿਆ ਗਿਆ ਹੈ ਅਤੇ ਇਸ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਅਖੰਡ ਪਾਠਾਂ ਦੀ ਇਕੋਤਰੀ ਚਲਾਈ ਜਾਂਦੀ ਹੈ ਅਤੇ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲ ਮਨਾਇਆ ਜਾਂਦਾ ਹੈ, ਜਿਸ ਵਿਚ ਸ਼ਾਮਲ ਹੋ ਕੇ ਸੰਗਤਾਂ ਸ਼ਹੀਦਾਂ ਨੂੰ ਨਤਮਸਤਕ ਹੁੰਦੀਆਂ ਹਨ।

# ਮਾਤ ਭਾਸ਼ਾ ਤੋਂ ਬਿਨਾਂ ਮਨੁੱਖ ਸਿਵਾਏ ਪੁਤਲੇ ਦੇ ਹੋਰ ਕੁਝ ਵੀ ਨਹੀਂ

ਭਾਸ਼ਾ ਇਕ ਸਾਧਨ ਹੈ, ਜਿਸ ਦੇ ਜ਼ਰੀਏ ਅਸੀਂ ਆਪਣੇ ਵਿਚਾਰਾਂ ਨੂੰ ਦੂਜਿਆਂ ਅੱਗੇ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰਦੇ ਹਾਂ, ਇੰਨਾ ਹੀ ਨਹੀਂ ਮਨੁੱਖੀ ਸਰੀਰ ਖੜ੍ਹਾ ਹੀ ਇੱਕ ਭਾਸ਼ਾ ਦੇ ਆਸਰੇ ਹੈ। ਭਾਸ਼ਾ ਨੂੰ ਮਨੁੱਖੀ ਸਰੀਰ ਦਾ ਥੰਮ੍ਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਹੈ। ਜੇਕਰ ਮਨੁੱਖ

**ਗਗਨ ਫੂਲ**
**ਫੋਨ: 75289-03512**

ਦੀ ਭਾਸ਼ਾ ਹੀ ਨਹੀਂ ਤਾਂ ਸਿਵਾਏ ਪੁਤਲੇ ਦੇ ਉਹ ਹੋਰ ਕੁਝ ਵੀ ਨਹੀਂ। ਕਿਸੇ ਵੀ ਕੌਮ ਦੀ ਪਛਾਣ ਉਸ ਦੇ ਇਤਿਹਾਸ, ਸੱਭਿਆਚਾਰ ਅਤੇ ਮਾਂ ਬੋਲੀ/ਭਾਸ਼ਾ ਤੋਂ ਹੀ ਹੁੰਦੀ ਹੈ। ਭਾਰਤ ਦੀਆਂ 22 ਮੁੱਖ ਬੋਲੀਆਂ ਵਿਚ ਪੰਜਾਬੀ ਭਾਸ਼ਾ ਵੀ ਸ਼ਾਮਲ ਹੈ। ਪੰਜਾਬ ਦੀ ਰਾਜ ਭਾਸ਼ਾ ਹੋਣ ਦੇ ਬਾਵਜੂਦ ਪੰਜਾਬੀ ਨੂੰ ਸਾਡੇ ਆਪਣੇ ਘਰ ਪੰਜਾਬ ਵਿਚ ਉਹ ਮਾਣ-ਸਨਮਾਨ ਨਹੀਂ ਮਿਲਿਆ, ਜਿਸ ਦੀ ਸਾਡੀ ਮਾਤ ਭਾਸ਼ਾ ਹੱਕਦਾਰ ਹੈ। ਪਰ ਹੁਣ ਸ਼ਾਇਦ ਇਹ ਹਵਾ ਵਗੀ ਹੈ ਥੋੜ੍ਹੀ ਜਿਹੀ ਕਿ ਪੰਜਾਬੀ ਭਾਸ਼ਾ ਦਾ ਮਿਆਰ ਉੱਚਾ ਚੁੱਕਣ ਲਈ ਉਸਦਾ ਬਣਦਾ ਮਾਣ-ਸਨਮਾਨ ਕਰਨ ਲਈ ਕਈ ਤਰ੍ਹਾਂ ਦੀਆਂ ਸੰਸਥਾਵਾਂ ਵੱਲੋਂ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਅਸੀਂ ਇੱਥੇ ਪੰਜਾਬ ਸਰਕਾਰ ਦੇ ਇਸ ਉਦਮ ਦੀ ਵੀ ਸ਼ਲਾਘਾ ਕਰਦੇ ਹਾਂ ਕਿ ਪੰਜਾਬ ਸਰਕਾਰ ਨੇ ਵੀ ਆਪਣੇ ਸੂਬੇ ਦੀ ਭਾਸ਼ਾ ਨੂੰ ਜਾਂ ਆਪਣੀ ਮਾਂ ਬੋਲੀ ਨੂੰ ਉਭਾਰਨ ਦਾ ਬੀੜਾ ਚੁੱਕਿਆ ਹੈ।

ਸਾਨੂੰ ਵੀ ਲੋੜ ਹੈ ਆਪਣੀ ਮਾਤ ਭਾਸ਼ਾ ਨੂੰ ਉਭਾਰਨ ਲਈ ਆਪਣੇ ਪੱਧਰ 'ਤੇ ਉਪਰਾਲੇ ਕਰਨ ਦੀ, ਸਾਨੂੰ ਸਭ ਨੂੰ ਰਲ ਮਿਲ ਕੇ ਆਪਣੇ ਵਿਰਸੇ ਨੂੰ ਸਾਂਭਣ ਦੇ ਯਤਨ ਕਰਨੇ ਚਾਹੀਦੇ ਹਨ। ਅਸੀਂ ਕਿਸੇ ਨੂੰ ਇਹ ਨਹੀਂ ਕਹਿੰਦੇ ਕਿ ਬਾਕੀ ਭਾਸ਼ਾਵਾਂ ਛੱਡ ਦਿਓ! ਬਾਕੀ ਭਾਸ਼ਾਵਾਂ ਵੀ ਸਿੱਖੋ, ਪੜ੍ਹੋ, ਲਿਖੋ, ਬੋਲੋ ਪਰ ਆਪਣੀ ਮਾਤ ਭਾਸ਼ਾ ਨਾ ਭੁੱਲੋ ਨਾ ਵਿਸਾਰੋ। ਮੁੱਢ ਕਦੀਮ ਦੀ ਭਾਸ਼ਾ ਜੋ ਤੁਹਾਨੂੰ ਇੱਥੋਂ ਤੱਕ ਲੈ ਕੇ ਆਈ ਹੈ ਕਿ ਬਾਕੀ ਭਾਸ਼ਾਵਾਂ ਵੀ ਤੁਸੀਂ ਆਪਣੀ ਮਾਤ ਭਾਸ਼ਾ ਦੇ ਸਹਾਰੇ ਹੀ ਸਿੱਖੇ ਹੋ। ਜੇਕਰ ਤੁਹਾਨੂੰ ਆਪਣੀ ਇੱਕ ਭਾਸ਼ਾ ਆਉਂਦੀ ਸੀ ਤਾਂ ਹੀ ਤੁਸੀਂ ਦੂਜੀ ਭਾਸ਼ਾ ਸਿੱਖ ਪਾਏ ਇਹ ਨਾ ਭੁੱਲੋ। ਆਪਣੀ ਮਾਤ ਭਾਸ਼ਾ, ਆਪਣੇ ਵਿਰਸੇ, ਆਪਣੇ ਸੱਭਿਆਚਾਰ ਪ੍ਰਤੀ ਸੁਚੇਤ ਹੋਵੋ, ਇਨ੍ਹਾਂ ਸਭ ਬੇਸ਼ਕੀਮਤੀ ਖ਼ਜ਼ਾਨੇ ਨੂੰ ਸੰਭਾਲੋ। ਇਹੀ ਤੁਹਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੋਵੇਗੀ। ਸੋ ਆਪਣੀ ਮਾਂ ਬੋਲੀ ਦਾ ਸਤਿਕਾਰ ਕਰੋ, ਆਪਣੇ ਵਿਰਸੇ ਨਾਲ ਪਿਆਰ ਕਰੋ। ਇਹ ਕਦੇ ਨਾ ਭੁੱਲੋ ਕਿ ਇਕ ਭਾਸ਼ਾ ਹੀ ਹੈ ਜਿਸ ਦੇ ਆਸਰੇ ਅਸੀਂ ਆਪਣੀ ਜ਼ਿੰਦਗੀ ਦਾ ਨਿੱਘ ਮਾਣ ਰਹੇ ਹਾਂ, ਅਸੀਂ ਆਪਣੀ ਜ਼ਿੰਦਗੀ ਨੂੰ ਖੁਸ਼ੀ-ਖੁਸ਼ੀ ਰੰਗ ਬਿਰੰਗੇ ਰੰਗਾਂ ਨਾਲ ਬਤੀਤ ਕਰ ਰਹੇ ਹਾਂ।

ਆਲੇ-ਦੁਆਲੇ ਝਾਤ ਮਾਰੀਏ ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਸਾਡੇ ਰਿਸ਼ਤੇਦਾਰਾਂ, ਜਾਣਕਾਰਾਂ ਵਿਚੋਂ ਕਿੰਨੇ ਲੋਕ ਨੇ ਜੋ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਠੇਠ ਪੰਜਾਬੀ ਬੋਲਣ, ਉਹ ਪੰਜਾਬੀ ਨੂੰ ਗਵਾਰਾਂ ਦੀ ਬੋਲੀ ਮੰਨਦਿਆਂ ਬੱਚਿਆਂ ਨੂੰ ਹਿੰਦੀ, ਅੰਗਰੇਜ਼ੀ ਬੋਲਣ ਲਈ ਮਜਬੂਰ ਕਰਦੇ ਹਨ, ਪਰ ਉਹ ਉਨ੍ਹਾਂ ਨੂੰ ਦੂਜੀ ਭਾਸ਼ਾ ਬੋਲਣ ਲਈ ਜਦ ਆਖਦੇ ਹਨ ਤਾਂ ਪੰਜਾਬੀ ਵਿਚ ਹੀ ਆਖਦੇ ਹਨ। ਅਸੀਂ ਲੋਕਾਂ ਨੇ ਤਾਂ ਆਪਣੇ ਸਭ ਰਿਸ਼ਤੇ ਵੀ ਅੰਗਰੇਜ਼ੀ ਜਾਂ ਬੇਗਾਨੀ ਭਾਸ਼ਾ ਵਾਲੇ ਬਣਾ ਲਏ, ਬੇਬੇ, ਬਾਪੂ ਦੀ ਥਾਂ ਮੌਮ, ਡੈਡ, ਵੀਰ ਜੀ, ਭੈਣ ਜੀ ਦੀ ਥਾਂ ਬਰੋ, ਸਿਸ ਬਣ ਗਏ, ਚਾਚਾ-ਚਾਚੀ, ਤਾਇਆ-ਤਾਈ, ਭੂਆ-ਫੁੱਫੜ, ਮਾਸੀ-ਮਾਸੜ, ਮਾਮਾ-ਮਾਮੀ ਸਭ ਇਕ ਰਿਸ਼ਤੇ 'ਚ ਵਲੇਟ ਲਏ ਆਂਟੀ-ਅੰਕਲ..! ਸਰ, ਮੈਡਮ ਨੇ ਤਾਂ ਸਭ ਕੁਝ ਨਿਗਲ ਲਿਆ ਹੈ। ਹੁਣ ਲਾਰੀ ਤਾਂ ਚੜ੍ਹਦੇ ਨੀ, ਬੱਸ ਚੜ੍ਹਦੇ ਹਾਂ, ਅਸੀਂ ਹੁਣ ਮਾਝੇ, ਮਾਲਵੇ, ਦੁਆਬੇ ਵੱਲ ਦੇ ਆਂ .. ਇਹ ਨਹੀਂ ਕਹਿੰਦੇ, ਅਸੀਂ ਕਿਸੇ ਨਾ ਕਿਸੇ ਥਾਂ ਨੂੰ ਬਿਲੌਂਗ ਕਰਦੇ ਆਖਦੇ ਆਂ..ਅਸੀਂ ਖੁਦ ਆਪਣੀ ਮਾਂ ਬੋਲੀ ਨੂੰ ਬੇਗਾਨੇ ਬੋਲਾਂ ਹੇਠ ਦਰੜ ਕੇ ਮਾਰਨ ਦਾ ਯਤਨ ਕਰਦੇ ਹਾਂ। ਅੱਜ ਬਹਿਸ, ਚਰਚੇ ਕਰਨ ਦੇ ਨਾਲ-ਨਾਲ ਲੋੜ ਇਸ ਗੱਲ ਦੀ ਹੈ ਕਿ ਉਚੇਰੀ ਪੜ੍ਹਾਈ, ਡਾਕਟਰੀ, ਵਕਾਲਤ ਅਤੇ ਹੋਰ ਕਿੱਤਾਮੁਖੀ ਕੋਰਸ ਪੰਜਾਬੀ ਭਾਸ਼ਾ ਵਿਚ ਹੋਣ, ਹਰੇਕ ਨੌਕਰੀ ਲਈ ਪੰਜਾਬੀ ਭਾਸ਼ਾ ਲਾਜ਼ਮੀ ਕੀਤੀ ਜਾਵੇ ਤੇ ਸਭ ਤੋਂ ਜ਼ਰੂਰੀ ਸਾਰੇ ਸਰਕਾਰੀ ਕੰਮਕਾਜ, ਪੰਜਾਬ ਨਾਲ ਸੰਬੰਧਤ ਨਿਆਂਪਾਲਿਕਾ ਦੇ ਕੰਮਕਾਜ ਪੰਜਾਬੀ ਭਾਸ਼ਾ 'ਚ ਹੋਣ, ਲੋੜ ਹੋਵੇ ਤਾਂ ਹਿੰਦੀ, ਅੰਗਰੇਜ਼ੀ ਵਾਧੂ ਕਾਰਜ ਵਜੋਂ ਹੋਵੇ। ਸਾਰੇ ਸਰਕਾਰੀ, ਨਿੱਜੀ ਸਕੂਲਾਂ ਲਈ ਪੰਜਾਬੀ ਬੋਲਣਾ, ਪੜ੍ਹਾਉਣਾ ਲਾਜ਼ਮੀ ਹੋਵੇ। ਅਜਿਹਾ ਨਾ ਕਰਨਾ ਕਾਨੂੰਨੀ ਜੁਰਮ ਹੋਵੇ। ਇਹ ਵੀ ਸੋਚਣ, ਵਿਚਾਰਨ ਵਾਲੀ ਗੱਲ ਹੈ ਕਿ ਅੱਜ ਮਾਂ ਬੋਲੀ ਲਈ ਫਿਕਰਮੰਦੀ ਵਾਲੀ ਸਭ ਤੋਂ ਵੱਧ ਆਵਾਜ਼ ਕਿੱਥੋਂ ਉਠ ਰਹੀ ਹੈ, ਪਰਵਾਸੀ ਪੰਜਾਬੀਆਂ ਵਿਚੋਂ, ਪੰਜਾਬ 'ਚ ਰਹਿੰਦੇ ਵਸਦੇ ਲੋਕਾਂ ਦੀ ਵੱਡੀ ਗਿਣਤੀ ਲਈ ਇਹ ਕੋਈ ਖਾਸ ਮੁੱਦਾ ਹੀ ਨਹੀਂ ਹੈ ਸ਼ਾਇਦ। ਸੋ ਅੱਜ ਲੋੜ ਹੈ ਉਹ ਹਰ ਸੰਭਵ ਕੋਸ਼ਿਸ਼ ਕਰਨ ਦੀ ਜਿਸ ਨਾਲ ਸਾਡੀ ਮਾਂ-ਬੋਲੀ ਉਚਾਈਆਂ ਦੇ ਸਿਖਰ 'ਤੇ ਪਹੁੰਚ ਸਕੇ। ਸਭ ਤੋਂ ਪਹਿਲਾਂ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਹਰੇਕ ਭਾਸ਼ਾ ਦਾ ਆਪਣਾ ਮਹੱਤਵ ਅਤੇ ਇਤਿਹਾਸ ਹੈ। ਇਸ ਲਈ ਇਕ ਤੋਂ ਜ਼ਿਆਦਾ ਭਾਸ਼ਾਵਾਂ ਦਾ ਗਿਆਨ ਹੋਣਾ ਕੋਈ ਮਾੜੀ ਗੱਲ ਨਹੀਂ ਪਰ ਆਪਣੀ ਮਾਂ-ਬੋਲੀ ਨੂੰ ਵਿਸਾਰ ਕੇ ਦੂਜੀਆਂ ਭਾਸ਼ਾਵਾਂ ਨੂੰ ਅਪਨਾਉਣ ਵਾਲੇ ਲੋਕ ਆਪਣਾ ਵਿਰਸਾ ਗਵਾ ਬੈਠਦੇ ਹਨ। ਅੱਜ ਲੋੜ ਹੈ ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਦਾ ਰੁਝਾਨ ਪੰਜਾਬੀ ਭਾਸ਼ਾ ਦੀ ਪੜ੍ਹਾਈ ਵੱਲ ਮੁੜ ਕੇਂਦਰਿਤ ਹੋਵੇ। ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਸੰਦੇਸ਼: ਸਾਰੇ ਹੀ ਦੁਕਾਨਦਾਰਾਂ, ਵਪਾਰੀਆਂ ਆਪਣੇ ਅਦਾਰਿਆਂ ਦੇ ਨਾਮ, ਆਪਣੇ ਸਾਰੇ ਤਰਾਂ ਦੇ ਕਾਰੋਬਾਰ ਵਾਲੇ ਤਖ਼ਤੇ (ਬੋਰਡ) ਸਭ ਪੰਜਾਬੀ ਭਾਸ਼ਾ ਵਿੱਚ ਪਹਿਲੇ ਨੰਬਰ ਉਤੇ ਲਿਖੇ ਜਾਣ, ਹੇਠਾਂ ਕੋਈ ਵੀ ਭਾਸ਼ਾ ਲਿਖੋ ਅਤੇ ਜਿੱਥੋਂ ਤੱਕ ਹੋ ਸਕੇ ਆਪਣੇ ਖਾਤੇ (ਸੋਸ਼ਲ ਮੀਡੀਆ ਵਾਲੇ) ਵੀ ਪੰਜਾਬੀ ਵਿੱਚ ਕਿਤੇ ਜਾਣ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਵੱਧ ਤੋਂ ਵੱਧ ਪੰਜਾਬੀ ਮਾਂ ਬੋਲੀ ਜਾਂ ਆਪਣੀ ਮਾਤ ਭਾਸ਼ਾ ਦਾ ਪ੍ਰਚਾਰ ਪ੍ਰਸਾਰ ਕਰਨ ਵਿਚ ਆਪਣਾ ਯੋਗਦਾਨ ਜ਼ਰੂਰ ਪਾਓ।

# ਸਮਰੱਥ ਸਭਿਆਚਾਰਕ ਕਲਮ ਸੁਰਿੰਦਰ ਅਤੈ ਸਿੰਘ

**ਕਲਮਾਂ ਵਾਲੀਆਂ**

*ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਪੰਦਰਵੇਂ ਪੂਰ ਵਿਚ ਉੱਘੀ ਲੇਖਕਾ ਸੁਰਿੰਦਰ ਅਤੈ ਸਿੰਘ ਬਾਰੇ ਗੱਲਾਂ ਹਨ।*

ਸਭਿਆਚਾਰ ਬਾਰੇ ਲਿਖਣਾ ਖਾਸਾ ਔਖਾ ਕੰਮ ਹੁੰਦਾ ਹੈ। ਸਭਿਆਚਾਰਕ ਸੂਝ-ਬੂਝ ਦੇ ਨਾਲ-ਨਾਲ ਇਹ ਸਮਾਜਿਕ ਜ਼ਿੰਮੇਵਾਰੀ ਅਤੇ ਮਾਨਸਿਕ ਅਨੁਸ਼ਾਸਨ ਵੀ ਲੋੜਦਾ ਹੈ। ਪੰਜਾਬੀ ਸਭਿਆਚਾਰ ਬਾਰੇ ਲਿਖਣ ਵਾਲੇ ਬਹੁਤ ਸਾਰੇ ਲੇਖਕ ਪਰ ਇਹਨੂੰ ਸ਼ੁਗਲ-ਮੇਲਾ ਹੀ ਸਮਝਦੇ ਹਨ। ਹੋਰ ਕਾਸੇ ਬਾਰੇ ਨਾ ਲਿਖਿਆ ਤਾਂ ਕਿਸੇ ਸਭਿਆਚਾਰਕ ਰਹੁਰੀਤ, ਚੀਜ਼-ਵਸਤ, ਰਸਮ-ਰਿਵਾਜ ਬਾਰੇ ਜੋ ਮਨ ਆਇਆ, ਝਰੀਟ ਦਿੱਤਾ। ਇਸੇ ਕਰਕੇ ਸਭਿਆਚਾਰ ਬਾਰੇ ਸਾਡੇ ਬਹੁਤ ਕੁਝ ਸਤਹੀ ਅਤੇ ਬੇਲੋੜਾ, ਸਗੋਂ ਨਾਵਾਜਬ ਲਿਖਿਆ ਜਾ ਰਿਹਾ ਹੈ।

ਸਭਿਆਚਾਰਕ ਲੇਖਕ ਦੀ ਕਲਮ ਨੂੰ ਹੰਸ-ਚੁੰਝ ਹੋਣਾ ਲੋੜੀਂਦਾ ਹੈ ਜੋ ਕਦਰਯੋਗ ਅਤੇ ਨਕਾਰਨਯੋਗ ਵਿਚਕਾਰ ਨਿਖੇੜ ਕਰ ਸਕੇ। ਸਭਿਆਚਾਰ ਕਿਸੇ ਬੱਝਵੀਂ, ਅਬਦਲ, ਸਦਾ-ਸਦਾ ਲਈ ਨਿਸ਼ਚਿਤ ਸ਼ੈਅ ਦਾ ਨਾਂ ਨਹੀਂ, ਜਿਸ ਨੂੰ ਜਿਉਂ-ਦੀ-ਤਿਉਂ ਹਾਲਤ ਵਿਚ ਰੱਖੇ ਜਾਣ ਲਈ ਜਤਨ ਕੀਤੇ ਜਾਣ। ਸਭਿਆਚਾਰ ਦੀ ਤੁਲਨਾ ਪਵਿੱਤਰ ਸਰੋਵਰ ਨਾਲ ਕੀਤੀ ਜਾ ਸਕਦੀ ਹੈ ਜਿਸ



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਵਿਚੋਂ ਪੁਰਾਣਾ ਜਲ ਨਿਕਲਦਾ ਵੀ ਰਹਿੰਦਾ ਹੈ ਅਤੇ ਸੱਜਰਾ ਜਲ ਜਿਸ ਵਿਚ ਪੈਂਦਾ ਵੀ ਰਹਿੰਦਾ ਹੈ। ਸਭਿਆਚਾਰ ਬਾਰੇ ਕੋਈ ਲਿਖਤ ਤਦ ਹੀ ਮੁੱਲਵਾਨ ਹੋ ਸਕਦੀ ਹੈ ਜੇ ਉਹ ਇਸ ਹੰਸ-ਨਿਖੇੜੇ ਉੱਤੇ ਆਧਾਰਿਤ ਹੋਵੇ। ਸੁਰਿੰਦਰ ਦੀ ਕਲਮ ਵਿਚ ਪੰਜਾਬੀ ਸਭਿਆਚਾਰ ਦੇ ਕਦਰਯੋਗ ਅਤੇ ਨਕਾਰਨਯੋਗ ਵਿਚਕਾਰ ਫ਼ਰਕ ਕਰਨ ਦੀ ਵੱਡੀ ਸਮਰੱਥਾ ਹੈ।

ਸਭਿਆਚਾਰ ਵਿਚ ਕਈ ਕੁਝ ਅਜਿਹਾ ਹੁੰਦਾ ਹੈ ਜੋ ਸਮੇਂ ਨਾਲ ਪੁਰਾਣਾ ਪੈਂਦਾ ਰਹਿੰਦਾ ਹੈ ਅਤੇ ਜਿਸ ਦਾ ਸਥਾਨ ਯਾਦਾਂ, ਪੁਸਤਕਾਂ ਜਾਂ ਵਸਤ-ਸੰਗ੍ਰਹਿਆਲਿਆਂ ਵਿਚ ਰਹਿ ਜਾਂਦਾ ਹੈ। ਤੇ ਉਸ ਵਿਚ ਸਦਾ ਤੋਂ ਹੀ, ਪਰ ਹੁਣ ਸੰਸਾਰ ਦੇ ਛੋਟਾ ਹੋਣ ਤੇ ਸੰਚਾਰ ਦੇ ਵਧਣ ਨਾਲ ਖ਼ਾਸ ਕਰਕੇ, ਬੜਾ ਕੁਝ ਨਵਾਂ ਜੁੜਦਾ ਰਹਿੰਦਾ ਹੈ। ਇਹ ਸਾਧਾਰਨ-ਸੁਭਾਵਿਕ ਵਰਤਾਰਾ ਕਿਸੇ ਚਿੰਤਾ ਦਾ ਆਧਾਰ ਨਹੀਂ ਹੋਣਾ ਚਾਹੀਦਾ। ਚਿੰਤਾ ਉਸ ਸਮੇਂ ਹੋਣੀ ਵਾਜਬ ਹੈ ਜਦੋਂ ਨਵੇਂ ਨੂੰ ਥਾਂ ਦੇਣ ਲਈ ਬਾਹਰ ਨਿਕਲ ਰਹੇ ਪੁਰਾਣੇ ਵਿਚ ਬਹੁਤ ਕੁਝ ਅਜਿਹਾ ਵੀ ਹੋਵੇ ਜੋ ਸਥਾਈ-ਸਦੀਵੀ ਮੁੱਲ ਵਾਲਾ ਹੋਵੇ ਅਤੇ ਸੁੱਟ ਪਾਉਣ ਦੀ ਥਾਂ ਬਣਾਈ ਰੱਖਣ ਦੇ ਯੋਗ ਹੋਵੇ, ਪਰ ਬੇਸਮਝ ਆਪਾ-ਧਾਪੀ ਵਿਚ ਵਿਹੜਿਉਂ ਕੱਢਿਆ ਜਾ ਰਿਹਾ ਹੋਵੇ। ਲੇਖਕ ਨੂੰ ਸਭਿਆਚਾਰ ਦੀਆਂ ਇਨ੍ਹਾਂ ਬਰੀਕੀਆਂ ਦੀ ਸਮਝ ਹੋਣੀ ਬੜੀ ਜ਼ਰੂਰੀ ਹੈ।

ਸੁਰਿੰਦਰ ਦੀਆਂ ਲਿਖਤਾਂ ਨੇ ਮੈਨੂੰ ਇਸ ਪੱਖੋਂ ਬਹੁਤ ਸੰਤੁਸ਼ਟੀ ਦਿੱਤੀ। ਹੋਰ ਬਹੁਤ ਸਾਰੇ ਲੇਖਕਾਂ ਵਾਂਗ ਇਹ ਅਜਿਹਾ ਨਾਂਹ-ਪੱਖੀ ਰੁਦਣ ਨਹੀਂ ਕਰਦੀ, ਹਾਇ ਹੁਣ ਪੰਜਾਬਣਾਂ ਕੱਤਦੀਆਂ ਕਿਉਂ ਨਹੀਂ ਤੇ ਕੱਤਣੀਆਂ ਕਿੱਧਰ ਗਈਆਂ; ਹਲਟਾਂ ਦੀਆਂ ਟਿੰਡਾਂ ਤੇ ਗਾਧੀਆਂ ਦੇ ਗੀਤ ਕਿੱਧਰ ਗਏ; ਲੋਕ ਸਿਤਾਰਿਆਂ ਵਾਲੀਆਂ ਪੱਖੀਆਂ ਕਿਉਂ ਨਹੀਂ ਝੱਲਦੇ ਤੇ ਕੋਕਿਆਂ ਵਾਲੇ ਖੂੰਡੇ ਕਿਉਂ ਨਹੀਂ ਫੜਦੇ; ਜੱਟੀਆਂ ਭੱਤਾ ਲੈ ਕੇ ਕਿਉਂ ਨਹੀਂ ਜਾਂਦੀਆਂ ਤੇ ਜੱਟ ਭੋਥੇ-ਚਾਦਰੇ ਕਿਉਂ ਨਹੀਂ ਬੰਨ੍ਹਦੇ; ਹਾਇ ਉਇ ਸਰ੍ਹੋਂ ਦੇ ਤੇਲ ਦਾ ਦੀਵਾ ਤੇ ਹਾਇ ਉਇ ਹਾਰੀ ਦਾ ਕੜ੍ਹਿਆ ਦੁੱਧ! ਉਹ ਇਹ ਜਾਣਦੀ ਹੈ ਕਿ ਸਮਾਜਿਕ ਵਿਕਾਸ ਨਾਲ, ਖ਼ਾਸ ਕਰਕੇ ਜਦੋਂ ਅਜਿਹਾ ਵਿਕਾਸ ਵਿੱਦਿਅਕ-ਵਿਗਿਆਨਕ-ਆਰਥਿਕ ਕਾਰਨਾਂ ਕਰਕੇ ਗਤੀ ਫੜ ਲਵੇ, ਬੜਾ ਕੁਝ ਪਿੱਛੇ ਰਹਿ ਹੀ ਜਾਣਾ ਹੁੰਦਾ ਹੈ। ਉਹ ਯਾਦਾਂ ਵਿਚ ਸਾਂਭਿਆ ਤਾਂ ਜਾ ਸਕਦਾ ਹੈ, ਸਾਂਭਿਆ ਜਾਣਾ ਵੀ ਚਾਹੀਦਾ ਹੈ, ਪਰ ਉਸ ਨੂੰ ਜੀਵਤ ਨਹੀਂ ਰੱਖਿਆ ਜਾ ਸਕਦਾ।

ਇਸੇ ਪ੍ਰਕਾਰ ਇਹ ਸਮਾਜਿਕ ਵਿਕਾਸ ਦੀ ਉਪਰੋਕਤ ਪ੍ਰਕਿਰਿਆ ਰਾਹੀਂ ਸਾਡੇ ਸਭਿਆਚਾਰ ਵਿਚ ਜੁੜ ਰਹੇ ਨਵੇਂ ਸਭ ਕੁਝ ਨੂੰ ਡੱਕਣ-ਰੋਕਣ ਦਾ ਨਾਂਹ-ਪੱਖੀ ਹੋਕਾ ਵੀ ਨਹੀਂ ਦਿੰਦੀ। ਇਹ ਜਾਣਦੀ ਹੈ ਕਿ ਇਸ ਨਵੇਂ ਵਿਚ ਬੜਾ ਕੁਝ ਅਜਿਹਾ ਹੈ ਜੋ ਸਾਡੇ ਸਭਿਆਚਾਰ ਵਿਚ ਰਲ ਕੇ ਉਹਨੂੰ ਭਰਪੂਰ ਕਰ ਸਕਦਾ ਹੈ ਅਤੇ ਕਰਦਾ ਹੈ। ਡੱਕਣ-ਰੋਕਣ ਦੀ ਲੋੜ ਉਹਨੂੰ ਹੈ ਜੋ ਸਾਡੇ ਸਮਾਜਿਕ-ਸਭਿਆਚਾਰਕ ਵਿਕਾਸ ਲਈ ਓਪਰਾ, ਅਮੇਲ ਅਤੇ ਅਨਚਾਹਿਆ ਹੈ। ਘੁੰਡ ਦੇ ਓਹਲਿਉਂ ਨੰਗੀ ਅੱਖ ਦਾ ਦੀਵਾ ਭਾਵੇਂ ਆਪਣੇ ਜ਼ਮਾਨੇ ਵਿਚ ਕਿੰਨਾ ਵੀ ਸੋਹਣਾ ਤੇ ਸੁਭਾਵਿਕ ਲਗਦਾ ਰਿਹਾ ਹੋਵੇ, ਹੁਣ ਇਹ ਦੀਵਾ ਬਿਨਾਂ ਕਿਸੇ ਉਹਲੇ ਤੋਂ ਸੁਹੱਪਣ ਦੇ ਖੁੱਲ੍ਹੇ ਬਨੇਰੇ ਉੱਤੇ ਜਗਦਾ ਹੀ ਸ਼ੋਭਦਾ ਹੈ।

ਸੁਰਿੰਦਰ ਦਾ ਮੁੱਖ ਸਰੋਕਾਰ ਅਤੇ ਫ਼ਿਕਰ ਉਹ ਸਭਿਆਚਾਰਕ ਕਦਰਾਂ-ਕੀਮਤਾਂ ਹਨ ਜੋ ਮੁੱਲਵਾਨ ਹਨ, ਜੋ ਪੰਜਾਬੀ ਸਮਾਜਿਕ ਹੋਂਦ ਦੀ ਚੂਲ ਹਨ ਤੇ ਜੋ ਸਾਨੂੰ ਚੰਗੇਰੇ ਮਨੁੱਖ ਬਣਾਉਂਦੀਆਂ ਰਹੀਆਂ ਹਨ ਪਰ ਜੋ ਹੁਣ ਸਭਿਆਚਾਰਕ ਸਮਝ ਨਾ ਹੋਣ ਕਰਕੇ ਨਕਾਰੀਆਂ ਜਾ ਰਹੀਆਂ ਹਨ। ਇਹ ਇਨ੍ਹਾਂ ਕਦਰਾਂ-ਕੀਮਤਾਂ ਦੇ ਸਾਡੇ ਵਿਹੜੇ ਵਿਚ ਮੁੜ-ਪਰਵੇਸ਼ ਲਈ ਵਾਰ-ਵਾਰ ਬੂਹਾ ਖੋਲ੍ਹਦੀ ਹੈ। ਜਾਂ ਫੇਰ ਇਹਦਾ ਮੁੱਖ ਸਰੋਕਾਰ ਅਤੇ ਫ਼ਿਕਰ ਉਹ ਸਭ ਕੁਝ ਹੈ ਜੋ ਸਾਡੇ ਸਭਿਆਚਾਰ ਦੀਆਂ ਮੂਲ ਤੇ ਸਦੀਵੀ ਕਸਵੱਟੀਆਂ ਉੱਤੇ ਕਿਵੇਂ ਵੀ ਖਰਾ ਨਹੀਂ ਉੱਤਰਦਾ ਪਰ ਕੇਵਲ ਭੇਡ-ਚਾਲ ਕਾਰਨ ਅਪਣਾਇਆ ਜਾ ਰਿਹਾ ਹੈ। ਇਸ ਸਭ ਕੁਝ ਪ੍ਰਤੀ ਇਹਦਾ ਰਵੱਈਆ ਬਿਲਕੁਲ ਉਸ ਸੁਆਣੀ ਵਾਲਾ ਹੈ ਜੋ ਗਲੀ ਵਿਚੋਂ ਘਰ ਦੇ ਅੰਦਰ ਵੜਨਾ ਲੋਚਦੇ ਕਿਸੇ ਓਪਰੇ ਡੰਗਰ ਨੂੰ ਬਾਹਰ ਰੱਖਣ ਲਈ ਡਾਂਗ ਵੀ ਚੁਕਦੀ ਹੈ ਅਤੇ ਬੂਹਾ ਵੀ ਭੇੜਦੀ ਹੈ। ਇਸੇ ਵਿਚਾਰਧਾਰਾ ਵਿਚ ਸੁਰਿੰਦਰ ਅਤੈ ਸਿੰਘ ਹੋਣ ਦੀ ਵਡਿਆਈ ਹੈ।

ਸੁਰਿੰਦਰ ਦੀਆਂ ਸਭਿਆਚਾਰਕ ਲਿਖਤਾਂ ਦਾ ਕੇਂਦਰੀ ਉਦੇਸ਼ ਸਾਨੂੰ ਉਨ੍ਹਾਂ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਦਾ ਮੁੜ-ਮੁੜ ਚੇਤਾ ਕਰਵਾਉਣਾ ਹੈ ਜੋ ਸਦੀਵੀ ਮੁੱਲ ਵਾਲੀਆਂ ਹਨ, ਜੋ ਸਾਡੀ ਪੰਜਾਬੀ ਹੋਂਦ ਦਾ ਆਧਾਰ ਰਹੀਆਂ ਹਨ, ਜੋ ਸਾਨੂੰ ਚੰਗੇਰੇ ਮਨੁੱਖ ਬਣਾਉਣ ਵਾਲੀ ਪੰਜਾਬੀਅਤ ਦੀ ਰੰਗਤ, ਮਹਿਕ ਤੇ ਧੁਨੀ ਰਹੀਆਂ ਹਨ, ਪਰ ਜੋ ਸਹਿਜ-ਸੁਭਾਵਿਕ ਸਭਿਆਚਾਰਕ ਨਿਕਾਸ ਤੇ ਆਵਾਸ ਦੀ ਥਾਂ ਨਵੇਂ ਆਉਣ ਵਾਲੇ ਦੇ ਤੇਜ਼ ਹੜ੍ਹ ਕਾਰਨ ਗੋਤੇ ਖਾਂਦੀਆਂ ਨਿੱਕਲਣਯੋਗ ਦੇ ਨਾਲ-ਨਾਲ ਅਕਾਰਨ ਹੀ ਬਾਹਰ ਧੱਕੀਆਂ ਜਾ ਰਹੀਆਂ ਹਨ। ਸੁਰਿੰਦਰ ਇਹ ਸਭ ਕੁਝ ਕਿਸੇ ਅਨੁਚਿਤ ਹੇਰਵੇ ਨਾਲ ਨਹੀਂ ਲਿਖਦੀ ਸਗੋਂ ਉਚਿਤ ਫ਼ਿਕਰ ਨਾਲ ਲਿਖਦੀ ਹੈ। ਝੋਰੇ-ਭਰਿਆ ਹੇਰਵਾ ਇਹਦਾ ਸਰੋਕਾਰ ਨਹੀਂ, ਸਾਵਧਾਨੀ-ਭਰਿਆ ਹੋਕਾ ਇਹਦਾ ਸਰੋਕਾਰ ਹੈ।

ਇਥੇ ਸੁਰਿੰਦਰ ਅਤੈ ਸਿਘ ਦੇ ਸਭਿਆਚਾਰਕ ਲੇਖਕ ਬਣਨ ਦਾ ਜ਼ਿਕਰ ਵੀ ਦਿਲਚਸਪ ਰਹੇਗਾ। ਸਾਹਿਤਕ ਰਚਨਾਵਾਂ ਪੜ੍ਹਦਿਆਂ ਕਦੀ-ਕਦੀ ਕਿਸੇ ਸੁਰਿੰਦਰ ਕੌਰ ਦੀ ਕਵਿਤਾ ਵੀ ਮੇਰੀ ਨਜ਼ਰ ਪੈ ਜਾਂਦੀ ਸੀ। ਇਨ੍ਹਾਂ ਕਵਿਤਾਵਾਂ ਵਿਚ ਸਭਿਆਚਾਰਕ ਸੰਕੇਤਾਂ ਤੇ ਸੰਦੇਸ਼ਾਂ ਤੋਂ ਇਲਾਵਾ ਨਿਭ ਰਹੇ ਰਿਸ਼ਤਿਆਂ ਦੇ ਨਿੱਘ ਤੇ ਕਿਸੇ ਕਾਰਨ ਮੁੱਕ ਗਏ ਰਿਸ਼ਤਿਆਂ ਦੀ ਚੀਸ ਦਾ ਵੀ ਜ਼ਿਕਰ ਹੁੰਦਾ। ਇਹ ਸਭ ਕੁਝ ਬਹੁਤ ਸਾਰੇ ਕਵੀਆਂ ਨਾਲੋਂ ਵੱਖਰਾ ਲਗਦਾ। ਪਰ ਸਮੇਂ ਦੀਆਂ ਵਿੱਥਾਂ ਪਾ ਪਾ ਕੇ ਪੜ੍ਹੀਆਂ ਇਨ੍ਹਾਂ ਕਵਿਤਾਵਾਂ ਦਾ ਮੇਰੇ ਉੱਤੇ ਕੋਈ ਅਜਿਹਾ ਬੱਝਵਾਂ ਪ੍ਰਭਾਵ ਨਹੀਂ ਸੀ ਪਿਆ ਹੋਇਆ ਕਿ ਰਚਨਾਕਾਰ ਨੂੰ ਜਾਣਨ ਦੀ ਉਤਸੁਕਤਾ ਹੋਵੇ। ਚੰਡੀਗੜ੍ਹ 'ਪੰਜਾਬੀ ਟ੍ਰਿਬਿਊਨ' ਵਿਚ ਪੁੱਜ ਕੇ ਸੁਰਿੰਦਰ ਨਾਲ ਮੇਲ ਹੋਇਆ ਤਾਂ ਪਤਾ ਲੱਗਿਆ ਕਿ ਉਹ ਕਵਿਤਾਵਾਂ ਇਹਦੀਆਂ ਹੁੰਦੀਆਂ ਹਨ। ਮੈਨੂੰ ਪਰ ਇਹਦੀਆਂ ਉਨ੍ਹਾਂ ਕਵਿਤਾਵਾਂ ਨਾਲੋਂ ਉਹ ਗੱਲਾਂ ਵੱਧ ਚੰਗੀਆਂ ਅਤੇ ਮੁੱਲਵਾਨ ਲਗਦੀਆਂ ਜੋ ਇਹ ਸਹਿਜ-ਸੁਭਾਵਿਕ ਕਰਦੀ, ਜਿਨ੍ਹਾਂ ਦਾ ਪਿਛੋਕਾ ਸਭਿਆਚਾਰ ਹੁੰਦਾ, ਜਿਨ੍ਹਾਂ ਵਿਚ ਮਾਨਵੀ ਰਿਸ਼ਤਿਆਂ ਦਾ ਜ਼ਿਕਰ ਹੁੰਦਾ, ਜੋ ਅਜੋਕੀ ਪਰਿਵਾਰਕ-ਸਮਾਜਿਕ ਅਵਸਥਾ ਉੱਤੇ ਕੇਂਦਰਿਤ ਹੁੰਦੀਆਂ।




***ਸੁਰਿੰਦਰ ਅਤੈ ਸਿੰਘ ਦੀਆਂ ਕਿਤਾਬਾਂ ਮਨ ਵਣਜਾਰਾ ਅਤੇ ਏਥੇ ਓਥੇ ਦੇ ਸਰਵਰਕ।***

ਮੈਂ ਕਹਿੰਦਾ, "ਕੁੜੀਏ, ਤੂੰ ਇਹ ਸਭ ਲਿਖਦੀ ਕਿਉਂ ਨਹੀਂ?"

ਇਹ ਉੱਤਰ ਦਿੰਦੀ, "ਭਾ ਜੀ, ਮੈਂ ਤਾਂ ਕਵਿਤਾ ਤੋਂ ਬਿਨਾਂ ਕਦੀ ਕੁਝ ਲਿਖਿਆ ਹੀ ਨਹੀਂ। ਮੈਨੂੰ ਨਹੀਂ ਆਉਂਦੀ ਵਾਰਤਕ ਲਿਖਣੀ।"

ਮੈਂ ਦਲੀਲ ਦਿੰਦਾ, "ਲੇਖਕ ਲਈ ਵਿਧਾ ਦੂਜੇ ਸਥਾਨ ਉੱਤੇ ਆਉਂਦੀ ਹੈ, ਮੁੱਖ ਗੱਲ ਉਹਦੀ ਲਿਖਣ ਦੀ ਸਮਰੱਥਾ ਹੁੰਦੀ ਹੈ। ਇਕ ਵਿਧਾ ਵਿਚ ਲਿਖਣ ਵਾਲਾ ਲੇਖਕ ਜੇ ਅਜਿਹਾ ਕੁਝ ਲਿਖਣਾ ਚਾਹੇ ਜੋ ਉਸ ਵਿਧਾ ਵਿਚ ਸਮਾਉਂਦਾ ਨਾ ਹੋਵੇ ਤਾਂ ਉਹਦੇ ਵਿਚਾਰ ਆਪਣੀ ਹੋਰ ਵਿਧਾ ਆਪਣੇ ਨਾਲ ਲੈ ਕੇ ਆਉਣਗੇ। ...ਤੂੰ ਲਿਖ! ਤੂੰ ਲਿਖ ਸਕਦੀ ਹੈਂ।"

ਮੈਂ ਇਹਨੂੰ ਸਭਿਆਚਾਰਕ ਲੇਖ ਲਿਖਣ ਲਈ ਵਾਰ-ਵਾਰ ਜ਼ੋਰ ਪਾਉਂਦਾ। ਕਦੀ ਇਹ ਚੁੱਪ ਰਹਿੰਦੀ, ਕਦੀ ਹੂੰ-ਹਾਂ ਕਰ ਛਡਦੀ ਅਤੇ ਕਦੀ ਲਿਖਣ ਦਾ ਇਕਰਾਰ ਵੀ ਕਰਦੀ। ਮੈਨੂੰ ਵਿਸ਼ਵਾਸ ਸੀ ਕਿ ਜੇ ਇਹ ਲਿਖੇ, ਇਹਦੇ ਉਹ ਲੇਖ ਸਭਿਆਚਾਰ ਬਾਰੇ ਲਿਖਣ ਵਾਲੇ ਸਾਡੇ ਬਹੁਤੇ ਲੇਖਕਾਂ ਦੀਆਂ ਲਿਖਤਾਂ ਨਾਲੋਂ ਚੰਗੇ ਅਤੇ ਅਰਥਪੂਰਨ ਹੋਣਗੇ। ਤੇ ਜਦੋਂ ਮੇਰਾ ਜ਼ੋਰ ਦੇਣਾ ਰੰਗ ਲਿਆਇਆ ਅਤੇ ਇਹਦਾ ਪਹਿਲਾ ਲੇਖ 'ਪੰਜਾਬੀ ਟ੍ਰਿਬਿਊਨ' ਵਿਚ ਛਪਣ ਲਈ ਪੁੱਜਿਆ, ਮੇਰਾ ਵਿਸ਼ਵਾਸ ਸਹੀ ਸਿੱਧ ਹੋਇਆ।

ਮੈਂ ਲੇਖ ਮੰਗਦਾ ਰਹਿੰਦਾ, ਇਹ ਪਰ ਕਦੀ-ਕਦਾਈਂ ਹੀ ਲਿਖਦੀ। ਓਨਾ ਨਹੀਂ ਜਿੰਨਾ ਲਿਖਣਾ ਚਾਹੀਦਾ ਸੀ ਅਤੇ ਲਿਖਣਾ ਲੋੜੀਂਦਾ ਸੀ। ਮੇਰੀ ਮੰਗ ਅਤੇ ਪਾਠਕਾਂ ਦੀ ਪ੍ਰਸ਼ੰਸਾ ਦੇ ਬਾਵਜੂਦ ਇਹ ਆਪਣੀ ਚਾਲ ਚਲਦੀ ਰਹੀ। ਇਹਦੀ ਇਸ ਚਾਲ ਦੀ ਸਮਝ ਉਸ ਸਮੇਂ ਆਈ ਜਦੋਂ ਸਾਡਾ ਆਉਣ-ਜਾਣ ਇਹਦੇ ਘਰ ਹੋਇਆ।

ਇਹਨੇ ਤਾਂ ਇਕ ਪਾਸਿਉਂ ਇਕ ਕੰਮ ਤੋਂ ਆ ਕੇ ਸਕੂਟਰ ਦੂਜੇ ਕੰਮ ਵਾਸਤੇ ਦੂਜੇ ਪਾਸੇ ਤੋਰਨਾ ਹੁੰਦਾ ਹੈ, ਪਰਿਵਾਰ ਦੇ ਹਰ ਜੀਅ ਦਾ ਹਰ ਫ਼ਿਕਰ ਰੱਖਣਾ ਤੇ ਹਰ ਕੰਮ ਸੰਵਾਰਨਾ ਹੁੰਦਾ ਹੈ, ਆਏ-ਗਏ ਨੂੰ ਇਹ ਅਹਿਸਾਸ ਕਰਵਾਉਣਾ ਹੁੰਦਾ ਹੈ ਕਿ ਇਹ ਉਹਦੇ ਆਪਣਿਆਂ ਦਾ ਘਰ ਹੈ, ਆਂਢੀਆਂ-ਗੁਆਂਢੀਆਂ ਦੀ ਤਾਂ ਸਾਰ ਜਾਣਨੀ ਹੀ ਹੁੰਦੀ ਹੈ, ਰਿਸ਼ਤੇਦਾਰਾਂ ਨਾਲ ਵੀ ਫ਼ੋਨ ਰਾਹੀਂ ਮਿਲਣਾ ਤੇ ਦੁਖ-ਸੁਖ ਸਾਂਝਾ ਕਰਨਾ ਹੁੰਦਾ ਹੈ, ਲੇਖਕਾਂ ਦੀਆਂ ਸਭਾਵਾਂ ਵਿਚ ਵੀ ਜਾਣਾ ਹੁੰਦਾ ਹੈ ਤੇ ਨਵੇਂ ਛਪਦੇ ਨਾਲ ਵੀ ਨਾਤਾ ਜੋੜ ਕੇ ਰੱਖਣਾ ਹੁੰਦਾ ਹੈ। ਇਸ ਸਭ ਕੁਝ ਨੂੰ ਇਹਨੇ ਇਉਂ ਆਪਣੀ ਬੁੱਕਲ ਵਿਚ ਲਿਆ ਹੋਇਆ ਹੈ ਕਿ ਉਨ੍ਹਾਂ ਕੰਮਾਂ ਬਾਰੇ ਵੀ ਜੋ ਦੂਜਿਆਂ ਨੂੰ ਸੁਤੇ-ਸਿਧ ਕਰ ਦੇਣੇ ਚਾਹੀਦੇ ਹਨ, ਇਹ ਅਤੈ ਜਾਂ ਬੱਚਿਆਂ ਨੂੰ ਕਹੇਗੀ, "ਤੁਸੀਂ ਮੇਰਾ ਇਕ ਐਹ ਕੰਮ ਜ਼ਰੂਰ ਕਰ ਦਿਓ" ਅਤੇ ਆਪ ਉਸ ਤੋਂ ਜ਼ਰੂਰੀ ਜਾਂ ਵੱਡਾ ਕੋਈ ਹੋਰ ਕੰਮ ਨਿਪਟਾਉਣ ਲੱਗ ਜਾਵੇਗੀ।

ਸੁਰਿੰਦਰ ਦੀਆਂ ਲਿਖਤਾਂ ਵਿਚੋਂ ਮੈਨੂੰ ਸਭ ਤੋਂ ਬਹੁਤਾ ਟੁੰਬਦਾ ਹੈ ਸਾਡੇ ਸਮਾਜ ਵਿਚ ਢਿੱਲੀ ਪੈਂਦੀ ਜਾ ਰਹੀ ਰਿਸ਼ਤਿਆਂ ਦੀ ਪਕੜ ਬਾਰੇ, ਫਿੱਕੀ ਪੈਂਦੀ ਜਾਂਦੀ ਮੋਹ-ਮਮਤਾ ਦੀ ਰੰਗਤ ਬਾਰੇ, ਦਿਲਾਂ ਦੇ ਅੰਦਰਲੀ ਨੇੜਤਾ ਦੀ ਥਾਂ ਬੁੱਲ੍ਹਾਂ ਉੱਤੇ ਬਾਹਰੋਂ ਸਜਾਈ ਮੁਸਕਰਾਹਟ ਬਾਰੇ, ਦੂਜੇ ਦਾ ਦਰਦ ਸਚਮੁੱਚ ਵੰਡਾਉਣ ਦੀ ਤੇ ਦੂਜੇ ਦੀ ਖ਼ੁਸ਼ੀ ਵਿਚ ਦਿਲੋਂ-ਮਨੋਂ ਭਾਈਵਾਲ ਬਣਨ ਦੀ ਘਟਦੀ ਜਾਂਦੀ ਰੁਚੀ ਬਾਰੇ ਇਹਦਾ ਸਾਨੂੰ ਸਾਵਧਾਨ ਕਰਨਾ! ਇਹੋ ਤਾਂ ਉਹ ਕਦਰਾਂ-ਕੀਮਤਾਂ ਹਨ ਜੋ ਇਸ ਦੋ-ਪੈਰੇ ਜੀਵ ਨੂੰ ਮਨੁੱਖ ਬਣਾਉਂਦੀਆਂ ਹਨ। ਇਨ੍ਹਾਂ ਕਰਕੇ ਹੀ ਮਨੁੱਖ ਨੂੰ ਸਮਾਜਿਕ ਜੀਵ ਕਿਹਾ ਜਾਂਦਾ ਹੈ।

ਸਮਾਜ ਦੇ ਮੁਹਾਂਦਰੇ ਨੂੰ ਉਸ ਦਾ ਸਭਿਆਚਾਰ ਨਕਸ਼-ਨੁਹਾਰ ਬਖ਼ਸ਼ਦਾ ਹੈ। ਸੁਰਿੰਦਰ ਆਪਣੀ ਹਰ ਲਿਖਤ ਵਿਚ, ਕੁਝ ਵੀ ਲਿਖੇ, ਮੂਲ ਰੂਪ ਵਿਚ ਇਕੋ ਗੱਲ ਆਖ ਰਹੀ ਹੁੰਦੀ ਹੈ—ਵੇ ਲੋਕੋ, ਜੇ ਸਭਿਆਚਾਰ ਦੀ ਆਪਣੀ ਹੀ ਕੋਈ ਨੁਹਾਰ ਨਾ ਰਹੀ, ਇਹਨੇ ਸਮਾਜ ਦੀ ਨੁਹਾਰ ਕੀ ਘੜ ਦੇਣੀ ਹੈ; ਤੇ ਜੇ ਸਮਾਜ ਦਾ ਹੀ ਕੋਈ ਚੱਜ ਦਾ ਮੂੰਹ-ਮੱਥਾ ਨਾ ਰਿਹਾ, ਅਸੀਂ ਸਮਾਜਿਕ ਜੀਵ ਦੀ ਥਾਂ ਕੇਵਲ ਜੀਵ ਰਹਿ ਜਾਵਾਂਗੇ, ਮਨੁੱਖਾਂ ਦੀ ਥਾਂ ਦੋ-ਪੈਰੇ ਜੀਵ!

ਸੁਰਿੰਦਰ ਦੀਆਂ ਗੱਲਾਂ ਸੁਣ ਕੇ ਮੈਨੂੰ ਇਕ ਹੈਰਾਨੀ ਇਹ ਵੀ ਹੁੰਦੀ ਕਿ ਇਹ ਚਿਰਾਂ ਤੋਂ ਚੰਡੀਗੜ੍ਹ ਵਿਚ ਰਹਿੰਦਿਆਂ ਸਾਡੇ ਸਭਿਆਚਾਰ ਦਾ ਸਾਂਭਣਯੋਗ ਏਨਾ ਕੁਝ ਆਪਣੇ ਮਨ-ਮਸਤਕ ਵਿਚ ਇਉਂ ਸਾਂਭ-ਸਾਂਭ ਕੇ ਕਿਵੇਂ ਰੱਖ ਸਕੀ ਹੈ। ਮੇਰੀ ਇਸ ਹੈਰਾਨੀ ਦਾ ਉੱਤਰ ਵੀ ਇਸ ਦੇ ਘਰ ਕਈ ਵਾਰ ਜਾਣ ਪਿਛੋਂ ਹੀ ਮਿਲਿਆ।

ਪਹਿਲੀ ਗੱਲ ਤਾਂ ਇਹ ਕਿ ਇਹਦੇ ਘਰ ਜਾ ਕੇ ਤੁਹਾਨੂੰ ਕਦੀ ਉਹ ਅਹਿਸਾਸ ਨਹੀਂ ਹੁੰਦਾ ਜੋ ਅੱਜ-ਕੱਲ੍ਹ ਦੇ ਬਹੁਤ ਘਰ-ਪਰਿਵਾਰਾਂ ਵਿਚ ਜਾ ਕੇ ਓਨਾ ਚਿਰ ਲਗਾਤਾਰ ਬਣਿਆ ਰਹਿੰਦਾ ਹੈ ਜਿੰਨਾ ਚਿਰ ਤੁਸੀਂ ਉੱਥੇ ਬੈਠਦੇ ਹੋ—ਕਿ ਤੁਸੀਂ ਸਾਹਮਣੇ ਬੈਠੇ ਮੇਜ਼ਬਾਨ ਦੇ ਮਹਿਮਾਨ ਹੋ। ਇਹ ਅਹਿਸਾਸ ਕੁਦਰਤੀ ਹੀ ਇਕ ਵਿੱਥ ਸਿਰਜ ਦਿੰਦਾ ਹੈ। ਇਸ ਵਿੱਥ ਲਈ ਸੁਰਿੰਦਰ ਦੇ ਘਰ ਕੋਈ ਥਾਂ ਨਹੀਂ। ਇਹਦੇ ਘਰ ਬੈਠਿਆਂ, ਇਸ ਨੂੰ ਤੁਰੀ-ਫਿਰਦੀ ਦੇਖਦਿਆਂ, ਇਸ ਨਾਲ ਗੱਲਾਂ ਕਰਦਿਆਂ ਸਭਿਆਚਾਰ ਨੂੰ ਸਮਝਣ-ਵਿਚਾਰਨ ਦੀ ਇਸ ਦੀ ਸਮਰੱਥਾ ਦੇ ਰਹੱਸ ਦਾ ਪੂਰੀ ਤਰ੍ਹਾਂ ਉਦਘਾਟਨ ਹੋ ਜਾਂਦਾ ਹੈ। ਇਹ ਸਭ ਕੁਝ ਇਹਨੇ ਨਾ ਤਾਂ ਕਿਤੋਂ ਇਕ ਵਿਸ਼ੇ ਵਾਂਗ ਪੜ੍ਹਿਆ ਹੈ, ਨਾ ਪੁਸਤਕਾਂ ਵਿਚੋਂ ਵਾਚਿਆ ਹੈ, ਨਾ ਇਧਰੋਂ-ਉਧਰੋਂ ਸੁਣਿਆ ਹੈ, ਸਗੋਂ ਇਹ ਸਭ ਕੁਝ ਇਹਨੇ ਜੀਵਿਆ ਹੈ, ਇਹਦੇ ਨਾਲ-ਨਾਲ ਇਹਦਾ ਮਨ-ਮਸਤਕ ਬਣ ਕੇ ਵਿਕਸਿਤ ਹੋਇਆ ਹੈ, ਇਹਦੀ ਜੀਵਨ-ਸ਼ੈਲੀ ਵਿਚ ਰਚਿਆ-ਵਸਿਆ ਹੈ, ਲਹੂ ਵਿਚ ਘੁਲ ਕੇ ਇਹਦੀਆਂ ਨਾੜਾਂ ਵਿਚ ਵਗਦਾ ਤੇ ਇਹਦੇ ਦਿਲ ਵਿਚ ਧੜਕਦਾ ਹੈ।

ਤੁਸੀਂ ਸੁਰਿੰਦਰ ਦੇ ਸਾਹਮਣੇ ਬੈਠੋ। ਜੇ ਤੁਹਾਡੀ ਮਾਨਸਿਕ ਅਤੇ ਭਾਵਨਾਤਮਕ ਨੈਣਜੋਤ ਧੁੰਦਲੀ ਨਹੀਂ ਪੈ ਚੁੱਕੀ ਅਤੇ ਮਾਨਵੀ ਨਿਰਖ-ਪਰਖ ਦੀ ਸਮਰੱਥਾ ਪਤਲੀ ਨਹੀਂ ਹੋ ਚੁੱਕੀ, ਤੁਹਾਨੂੰ ਇਸ ਦੀ ਨੁਹਾਰ ਵਿਚੋਂ ਅਸਲ ਪੰਜਾਬਣ ਦੇ ਦਰਸ਼ਨ ਹੋਣਗੇ ਅਤੇ ਕਦੀ ਮਾਂ ਦਾ ਝਾਉਲਾ ਪਵੇਗਾ, ਕਦੀ ਭੈਣ ਦਾ ਤੇ ਕਦੀ ਧੀ ਦਾ! ਅਜਿਹੀ ਸੁਆਣੀ ਦੀ ਕਲਮ ਅਜਿਹੀਆਂ ਸਿਆਣੀਆਂ ਤੇ ਮੁੱਲਵਾਨ ਗੱਲਾਂ ਕਰਦੀ ਹੈ, ਤਾਂ ਇਸ ਵਿਚ ਹੈਰਾਨੀ ਕਾਹਦੀ!

ਇਥੇ ਸੁਰਿੰਦਰ ਦੇ ਸਾਹਿਤਕ ਨਾਂ ਦੀ ਕਹਾਣੀ ਦੱਸਣੀ ਵੀ ਕੁਥਾਂ ਨਹੀਂ ਹੋਵੇਗੀ। ਉਹਨੂੰ ਜਾਣਨ ਤੋਂ ਪਹਿਲਾਂ ਜਦੋਂ ਮੈਂ ਉਹਦੀ 'ਸੁਰਿੰਦਰ ਕੌਰ' ਨਾਂ ਲਿਖੇ ਵਾਲੀ ਕਵਿਤਾ ਪੜ੍ਹਦਾ ਸੀ, ਮੈਨੂੰ ਕਿਸੇ ਵੱਖਰੀ ਪਛਾਣ ਤੋਂ ਵਿਰਵੇ ਇਸ ਨਾਂ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ। ਉਂਜ ਅਜਿਹੇ ਇਕਹਿਰੇ ਨਾਂ ਨਾਲ ਪਾਠਕ ਕਈ ਵਾਰ ਸੋਚਦਾ ਹੈ, ਕੌਣ ਸੁਰਿੰਦਰ ਕੌਰ! ਨਾਂ ਦੀ ਵੱਖਰੀ ਪਛਾਣ ਮੰਗਦੇ ਪਾਠਕਾਂ ਨੇ ਹੀ ਤਾਂ ਗੁਰਬਖ਼ਸ਼ ਸਿੰਘ ਦੇ ਨਾਂ ਨਾਲ ਪ੍ਰੀਤਲੜੀ ਅਤੇ ਮੋਹਨ ਸਿੰਘ ਦੇ ਨਾਂ ਨਾਲ ਪੰਜ ਦਰਿਆ ਆਪੇ ਜੋੜ ਲਿਆ ਸੀ। ਜਦੋਂ ਪਰ ਇਹਦੇ ਸਭਿਆਚਾਰਕ ਲੇਖ 'ਪੰਜਾਬੀ ਟ੍ਰਿਬਿਊਨ' ਵਿਚ ਛਪਣ ਲੱਗੇ, ਮੈਨੂੰ ਮਹਿਸੂਸ ਹੋਇਆ ਕਿ ਇਸ ਨਾਂ ਦੀ ਕੋਈ ਵੱਖਰੀ ਪਛਾਣ ਹੋਣੀ ਚਾਹੀਦੀ ਹੈ, ਸੁਰਿੰਦਰ ਕੌਰਾਂ ਤਾਂ ਕਈ ਹੋ ਸਕਦੀਆਂ ਹਨ, ਇਕ-ਦੋ ਲੇਖਿਕਾਵਾਂ ਹਨ ਵੀ। ਸੁਰਿੰਦਰ ਨਾਲ ਗੱਲ ਕੀਤੀ ਤਾਂ ਉਹ ਸਹਿਮਤ ਤਾਂ ਹੋਈ ਪਰ ਸਵਾਲ ਸੀ ਕਿ ਨਾਂ ਵਿਚ ਕੀ ਫ਼ਰਕ ਪਾਇਆ ਜਾਵੇ, ਨਾਂ ਨਾਲ ਕੀ ਜੋੜਿਆ ਜਾਵੇ? ਆਖ਼ਰ ਮੈਂ ਆਖਿਆ, "ਨਾਂ ਨਾਲ ਅਤੈ ਸਿੰਘ ਜੋੜਦੇ ਹਾਂ। ਆਪਣਾ ਅਤੈ ਸਿੰਘ ਵੀ ਦੁਨੀਆ ਵਿਚ ਇਕੋ ਹੈ ਅਤੇ ਸੁਰਿੰਦਰ ਅਤੈ ਸਿੰਘ ਵੀ ਇਕੋ ਹੀ ਹੋਵੇਗੀ!" ਤੇ ਇਉਂ ਉਹ ਸੁਰਿੰਦਰ ਅਤੈ ਸਿੰਘ ਹੋ ਗਈ।

ਜਦੋਂ ਸੁਰਿੰਦਰ ਦੇ ਕਾਫ਼ੀ ਲੇਖ ਛਪ ਗਏ, ਮੈਂ ਇਹਨੂੰ ਇਸੇ ਵਾਲੇ ਸ਼ਬਦਾਂ ਵਿਚ ਆਖਦਾ, "ਸੁਰਿੰਦਰ, ਹੁਣ ਤੂੰ ਮੇਰਾ ਇਕ ਕੰਮ ਹੋਰ ਕਰ ਦੇ, ਇਨ੍ਹਾਂ ਲੇਖਾਂ ਦੀ ਪੁਸਤਕ ਛਪਵਾ ਦੇ!" ਮੈਨੂੰ ਖ਼ੁਸ਼ੀ ਹੋਈ ਜਦੋਂ ਇਹਦੇ ਲੇਖ ਪੁਸਤਕ 'ਗਲੀਆਂ ਬਾਬਲ ਵਾਲੀਆਂ' ਦੇ ਰੂਪ ਵਿਚ ਪਾਠਕਾਂ ਤੱਕ ਪੁੱਜ ਗਏ। ਮੇਰੀ ਖ਼ੁਸ਼ੀ ਅਤੇ ਤਸੱਲੀ ਉਸ ਮਾਲੀ ਵਾਲੀ ਸੀ ਜਿਸ ਦਾ ਬੀਜਿਆ ਬੀ ਉਹਦੀਆਂ ਅੱਖਾਂ ਸਾਹਮਣੇ ਫੁੱਲਾਂ ਨਾਲ ਲੱਦੇ ਬੂਟੇ ਦੇ ਰੂਪ ਵਿਚ ਖਿੜਿਆ ਖਲੋਤਾ ਹੋਵੇ।

ਇਹ ਮਾਲੀ ਅਤੇ ਬੂਟੇ ਦੇ ਜ਼ਿਕਰ ਤੋਂ ਇਕ ਹੋਰ ਗੱਲ ਚੇਤੇ ਆ ਗਈ ਜੋ ਪਾਠਕਾਂ ਲਈ ਕੋਈ ਘੱਟ ਦਿਲਚਸਪੀ ਵਾਲੀ ਨਹੀਂ ਹੋਵੇਗੀ; ਸਾਡੇ ਗੁਰੂ-ਸ਼ਿਸ਼ ਦੇ ਰਿਸ਼ਤੇ ਦੀ ਗੱਲ। ਕਿੱਸਾ ਇਹ ਕਿ ਜਦੋਂ ਮੈਂ ਇਹਦੀ ਕਿਸੇ ਸਭਿਆਚਾਰਕ ਲਿਖਤ ਦੀ ਪ੍ਰਸ਼ੰਸਾ ਕਰਦਾ, ਇਹ ਆਖਦੀ, ਤੁਸੀਂ ਹੀ ਮੈਨੂੰ ਲਿਖਣ ਲਾਇਆ, ਇਹਦਾ ਮਾਣ ਤਾਂ ਤੁਹਾਨੂੰ ਜਾਂਦਾ ਹੈ। ਤੇ ਜਦੋਂ ਕਦੀ ਇਹ ਪਾਠਕਾਂ ਦੇ ਚੰਗੇ ਪ੍ਰਤਿਕਰਮ ਦਾ ਜ਼ਿਕਰ ਕਰਦੀ, ਮੈਂ ਹਸਦਾ, ਸਭ ਤੇਰੇ ਗੁਰੂ ਜੀ ਦਾ ਅਸ਼ੀਰਵਾਦ ਹੈ। ਇਕ ਵਾਰ ਇਹਦੇ ਇਕ ਛਪੇ ਹੋਏ ਲੇਖ ਦੀ ਪ੍ਰਸ਼ੰਸਾ ਕਰਨ ਮਗਰੋਂ ਮੈਂ ਚਿੱਠੀ ਵਿਚ ਹਾਸੇ ਦੇ ਇਸੇ ਰੰਗ ਨੂੰ ਅੱਗੇ ਤੋਰਦਿਆਂ ਕਿਹਾ, "ਜੇ ਤੂੰ ਮੈਨੂੰ ਗੁਰੂ ਨਾ ਵੀ ਮੰਨੇਂ, ਮੈਂ ਅੱਜ ਤੋਂ ਤੇਰਾ ਐਲਾਨੀਆ ਗੁਰੂ ਹਾਂ। ਜਦੋਂ ਵੀ ਕਿਤੇ ਤੇਰੀ ਸਮਾਜਿਕ-ਸਭਿਆਚਾਰਕ ਲਿਖਤ ਪੜ੍ਹਦਾ ਹਾਂ, ਮਾਣ ਹੁੰਦਾ ਹੈ ਕਿ ਤੂੰ ਮੇਰੀ ਸ਼ਿਸ਼ ਹੈਂ!"

ਹਾਸੇ-ਹਾਸੇ ਵਿਚ ਲਿਖੀ ਇਸ ਗੱਲ ਨੂੰ ਅੱਜ ਮੈਂ ਇਥੇ ਪੂਰੀ ਸੁਹਿਰਦਤਾ ਨਾਲ ਦੁਹਰਾਉਣਾ ਚਾਹੁੰਦਾ ਹਾਂ। ਮੈਨੂੰ ਮਾਣ ਹੈ, ਸੁਰਿੰਦਰ ਅਤੈ ਸਿੰਘ ਨੂੰ ਸਭਿਆਚਾਰਕ ਲੇਖ ਲਿਖਣ ਦੀ ਪ੍ਰੇਰਨਾ ਦੇਣ ਦਾ ਪੁੰਨ ਮੈਂ ਖੱਟਿਆ।

# ਤਾਲਿਬਾਨ ਦਾ ਕਾਬੁਲ ਨਿਰਾਸ਼ਾ ਦੇ ਸਮੇਂ ਵਿਚ

***ਤਾਲਿਬਾਨ ਨੇ ਅਫਗਾਨਿਸਤਾਨ ਵਿਚ ਔਰਤਾਂ ਦੀ ਸਿੱਖਿਆ ਉੱਤੇ ਕਈ ਪਾਬੰਦੀਆਂ ਲਗਾ ਦਿੱਤੀਆਂ ਸਨ। ਕਾਬੁਲ ਯੂਨੀਵਰਸਿਟੀ ਵਿਚ ਗਣਿਤ ਦੇ ਅਧਿਆਪਕ ਉਬੈਦ-ਉੱਲਾ ਵਾਰਦਕ ਨੇ ਔਰਤਾਂ ਦੀ ਸਿੱਖਿਆ ਉੱਤੇ ਪਾਬੰਦੀ ਖਿਲਾਫ ਆਪਣਾ ਵਿਰੋਧ ਦਰਜ ਕਰਵਾਉਣ ਲਈ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਹ ਲੇਖ ਪੰਜਾਬੀ ਯੂਨੀਵਰਸਿਟੀ ਦੇ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਦਲਜੀਤ ਅਮੀ ਨੇ ਉਸ ਨਾਲ ਇੱਕ ਲੰਮੀ ਇੰਟਰਵਿਊ ਦੇ ਆਧਾਰ ਉੱਤੇ ਲਿਖਿਆ ਹੈ। ਇਸ ਵਿਚ ਉਬੈਦ-ਉੱਲਾ ਵਾਰਦਕ ਨੇ ਸਮੁੱਚੇ ਹਾਲਾਤ ਬਾਰੇ ਟਿੱਪਣੀ ਕੀਤੀ ਹੈ।***



**ਉਬੈਦ-ਉੱਲਾ ਵਾਰਦਕ**

ਫੋਨ ਉੱਤੇ ਆਪਣੇ ਦੋਸਤ ਦਾ ਸੁਨੇਹਾ ਮਿਲਿਆ ਜਿਸ ਦਾ ਖ਼ਦਸ਼ਾ ਤਾਲਿਬਾਨ ਦੇ ਸੱਤਾ ਵਿਚ ਆਉਣ ਤੋਂ ਬਾਅਦ ਲਗਾਤਾਰ ਬਣਿਆ ਹੋਇਆ ਸੀ। ਇਸ ਖਦਸ਼ੇ ਦੀ ਆਮਦ ਦੇ ਠੋਸ ਸੰਕੇਤ ਲਗਾਤਾਰ ਉਨ੍ਹਾਂ ਦੇ ਫ਼ੈਸਲਿਆਂ ਵਿਚੋਂ ਦਿਸਦੇ ਸਨ। ਕਾਬੁਲ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਇਸ ਬਾਰੇ ਚਰਚਾ ਲਗਾਤਾਰ ਚੱਲ ਰਹੀ ਸੀ। ਇਸ ਦੇ ਬਾਵਜੂਦ ਇਹ ਸੁਨੇਹਾ ਪ੍ਰੇਸ਼ਾਨ ਕਰਨ ਵਾਲਾ ਸੀ।

ਤਾਲਿਬਾਨ ਦੇ ਆਉਣ ਤੋਂ ਬਾਅਦ ਕਾਬੁਲ ਯੂਨੀਵਰਸਿਟੀ ਦੇ ਚਾਂਸਲਰ ਮੁਹੰਮਦ ਉਸਮਾਨ ਬਾਬਰੀ ਦੀ ਥਾਂ ਤਾਲਿਬਾਨ ਦੇ ਵਫ਼ਾਦਾਰ ਮੁਹੰਮਦ ਅਸ਼ਰਫ਼ ਗੈਰਤ ਨੂੰ ਨਿਯੁਕਤ ਕੀਤਾ ਗਿਆ ਸੀ। ਉਸ ਨੇ ਤੁਰੰਤ ਸਹੁੰ ਚੁੱਕੀ ਕਿ 'ਕਾਬੁਲ ਯੂਨੀਵਰਸਿਟੀ ਨੂੰ ਪੱਛਮੀ ਅਤੇ ਕਾਫ਼ਰ ਸੋਚ ਤੋਂ ਮੁਕਤ ਕੀਤਾ ਜਾਵੇਗਾ'। ਉਨ੍ਹਾਂ ਸਪੱਸ਼ਟ ਕਿਹਾ ਕਿ 'ਜਦੋਂ ਤੱਕ ਅਸਲ ਵਿਚ ਇਸਲਾਮੀ ਮਾਹੌਲ ਨਹੀਂ ਬਣ ਜਾਂਦਾ, ਉਦੋਂ ਤੱਕ ਔਰਤਾਂ ਨੂੰ ਯੂਨੀਵਰਸਿਟੀਆਂ ਵਿਚ ਪੜ੍ਹਨ ਜਾਂ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।' ਬਾਅਦ ਵਿਚ ਉਸਾਮਾ ਅਜ਼ੀਜ਼ ਨੂੰ ਮੁਹੰਮਦ ਅਸ਼ਰਫ਼ ਗੈਰਤ ਦੀ ਥਾਂ ਕਾਬੁਲ

**ਉਬੈਦ-ਉੱਲਾ ਵਾਰਦਕ**
**ਪੇਸ਼ਕਸ਼: ਦਲਜੀਤ ਅਮੀ**

ਯੂਨੀਵਰਸਿਟੀ ਦਾ ਚਾਂਸਲਰ ਬਣਾਇਆ ਗਿਆ।

ਪਿਛਲੇ ਸਾਲ ਅਗਸਤ ਵਿਚ ਸੱਤਾ ਵਿਚ ਆਉਣ ਤੋਂ ਬਾਅਦ ਤਾਲਿਬਾਨ ਨੇ ਔਰਤਾਂ ਉੱਤੇ ਕਈ ਪਾਬੰਦੀਆਂ ਲਗਾ ਦਿੱਤੀਆਂ ਸਨ। ਯੂਨੀਵਰਸਿਟੀਆਂ ਵਿਚ ਔਰਤਾਂ ਦੇ ਦਾਖ਼ਲੇ ਉੱਤੇ ਪਾਬੰਦੀ ਲਗਾਉਣ ਤੋਂ ਪਹਿਲਾਂ ਅਜਿਹੀਆਂ ਪਾਬੰਦੀਆਂ ਦੀ ਪੂਰੀ ਲੜੀ ਹੈ। ਪਹਿਲਾਂ ਇਹ ਪਾਬੰਦੀਆਂ ਸਕੂਲਾਂ ਉੱਤੇ ਲਗਾਈਆਂ ਗਈਆਂ ਸਨ, ਯੂਨੀਵਰਸਿਟੀਆਂ ਵਿਚ ਕੁਝ ਵਿਸ਼ਿਆਂ ਦੀ ਚੋਣ ਉੱਤੇ ਪਾਬੰਦੀ ਸੀ। ਉਨ੍ਹਾਂ ਉੱਤੇ ਕੰਪਿਊਟਰ, ਇੰਜਨੀਅਰਿੰਗ, ਵੈਟਰਨਰੀ ਸਾਇੰਸ, ਅਰਥ ਸ਼ਾਸਤਰ ਅਤੇ ਖੇਤੀਬਾੜੀ ਸਮੇਤ ਵਿਗਿਆਨ ਦੇ ਵਿਸ਼ਿਆਂ ਨੂੰ ਗ਼ੈਰ-ਇਸਲਾਮਿਕ ਦੱਸ ਕੇ ਪੜ੍ਹਨ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ। ਔਰਤਾਂ ਲਈ ਪੱਤਰਕਾਰੀ ਦੀ ਪੜ੍ਹਾਈ ਵੀ ਸੀਮਤ ਕਰ ਦਿੱਤੀ ਗਈ ਸੀ। ਇਸਤਰੀ ਅਤੇ ਪੁਰਸ਼ ਵਿਦਿਆਰਥੀਆਂ ਦੀਆਂ ਜਮਾਤਾਂ ਪਹਿਲਾਂ ਵੱਖ ਕੀਤੀਆਂ ਗਈਆਂ, ਫਿਰ ਔਰਤਾਂ ਦੀ ਸਿੱਖਿਆ ਸਵੇਰੇ ਅਤੇ ਮਰਦਾਂ ਦੀ ਸਿੱਖਿਆ ਸ਼ਾਮ ਨੂੰ, ਫਿਰ ਵੱਖ-ਵੱਖ ਦਿਨਾਂ ਉੱਤੇ ਕੀਤੀ ਗਈ। ਹੁਣ ਔਰਤਾਂ ਦੇ ਪੜ੍ਹਨ ਅਤੇ ਪੜ੍ਹਾਉਣ ਉੱਤੇ ਪਾਬੰਦੀ ਲਗਾਈ ਗਈ ਹੈ ਜਿਸ ਬਾਰੇ ਮੈਂ ਸੁਨੇਹਾ ਪੜ੍ਹ ਰਿਹਾ ਸੀ।

ਇਸ ਤੋਂ ਪਹਿਲਾਂ ਬਿਊਟੀ ਸੈਲੂਨ ਉੱਤੇ ਅਤੇ ਬਾਅਦ ਵਿਚ ਜਨਤਕ ਥਾਵਾਂ ਉੱਤੇ ਔਰਤਾਂ ਦੇ ਇਕੱਲੇ ਜਾਣ ਉੱਤੇ ਪਾਬੰਦੀ ਲਗਾਈ ਗਈ ਹੈ। ਜਦੋਂ ਔਰਤਾਂ ਦੇ ਪਾਰਕ ਵਿਚ ਜਾਣ ਉੱਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਤਾਂ ਉਹ ਆਪਣੇ ਬੱਚਿਆਂ ਨਾਲ ਪਾਰਕ ਵਿਚ ਨਾ ਜਾਣ ਦਾ ਸੰਤਾਪ ਭੋਗ ਰਹੀਆਂ ਹਨ। ਇਸ ਸਮੇਂ ਪਾਰਕਾਂ ਵਿਚ ਖੇਡਦੇ ਬੱਚਿਆਂ ਦੀ ਯਾਦ ਵਿਚ ਉਨ੍ਹਾਂ ਦੀਆਂ ਦਾਦੀਆਂ, ਨਾਨੀਆਂ, ਮਾਵਾਂ, ਭੈਣਾਂ ਅਤੇ ਗੁਆਂਢਣਾਂ ਨਹੀਂ ਹੋਣਗੀਆਂ।

ਮੈਂ ਤਾਲਿਬਾਨ ਦੇ ਇਨ੍ਹਾਂ ਫ਼ੈਸਲਿਆਂ ਦੀ ਲਗਾਤਾਰ ਆਲੋਚਨਾ ਕੀਤੀ ਹੈ ਅਤੇ ਜਦੋਂ ਵੀ ਸੰਭਵ ਹੋਇਆ, ਇਨ੍ਹਾਂ ਫ਼ੈਸਲਿਆਂ ਖ਼ਿਲਾਫ਼ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਇਆ ਹਾਂ। ਫ਼ੈਸਲੇ ਦੇ ਐਲਾਨ ਤੋਂ ਪਹਿਲਾਂ ਵਿਰੋਧ ਪ੍ਰਦਰਸ਼ਨ ਘੱਟ ਕਰਨ ਲਈ ਯੂਨੀਵਰਸਿਟੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਮੈਂ ਇਸ ਫ਼ੈਸਲੇ ਦਾ ਵਿਰੋਧ ਕਰਨਾ ਸੀ ਜੋ ਮੈਂ ਕਿਸੇ ਵੀ ਕੀਮਤ ਉੱਤੇ ਕਰਨਾ ਸੀ। ਕਾਬੁਲ ਯੂਨੀਵਰਸਿਟੀ ਵਿਚ ਬੈਠੇ ਦੀ ਮੇਰੀ ਜ਼ਿੰਦਗੀ ਬੜੀ ਤੇਜ਼ੀ ਨਾਲ ਮੇਰੀਆਂ ਅੱਖਾਂ ਅੱਗੋਂ ਤੈਰ ਰਹੀ ਸੀ।

ਮੈਂ ਅਫ਼ਗ਼ਾਨਿਸਤਾਨ ਦੇ ਵਾਰਦਕ ਸੂਬੇ ਤੋਂ ਹਾਂ ਅਤੇ ਸਾਧਾਰਨ ਪਰਿਵਾਰ ਤੋਂ ਹਾਂ। ਮੇਰੇ ਪਰਿਵਾਰ ਵਿਚੋਂ ਕੋਈ ਜੀਅ ਸਿਆਸੀ ਤੌਰ ਉੱਤੇ ਸਰਗਰਮ ਨਹੀਂ ਰਿਹਾ ਅਤੇ ਨਾ ਹੀ ਕੋਈ ਸਰਕਾਰੀ ਅਹੁਦੇ ਉੱਤੇ ਰਿਹਾ ਹੈ। ਮੈਂ ਆਪਣੀ ਸਕੂਲ ਦੀ ਪੜ੍ਹਾਈ ਆਪਣੇ ਸੂਬੇ ਵਿਚੋਂ ਕੀਤੀ ਹੈ। ਇਹ ਪਹਿਲੀ ਤਾਲਿਬਾਨ ਹਕੂਮਤ ਤੋਂ ਬਾਅਦ ਅਤੇ ਨਵੀਂ ਤਾਲਿਬਾਨ ਸ਼ਾਸਨ ਦੇ ਵਿਚਕਾਰ ਦਾ ਸਮਾਂ ਸੀ। ਮੇਰੇ ਪਿੰਡ ਵਿਚ ਬੱਚੇ ਮਸਜਿਦ ਵਿਚ ਪੜ੍ਹਨ ਲਈ ਜਾਂਦੇ ਸਨ ਅਤੇ ਉਨ੍ਹਾਂ ਦੀ ਤਾਲੀਮ ਇਸਲਾਮੀ



*ਪਾਬੰਦੀਆਂ ਖਿਲਾਫ ਰੋਸ ਪ੍ਰਗਟ ਕਰ ਰਹੀਆਂ ਵਿਦਿਆਰਥਣਾਂ।*

ਸਿੱਖਿਆ ਦੀ ਮੁੱਢਲੀ ਸਿੱਖਿਆ ਹੀ ਸੀ। ਪਿੰਡ 'ਚ ਕੁੜੀਆਂ ਦੀ ਪੜ੍ਹਾਈ ਦਾ ਕੋਈ ਇੰਤਜ਼ਾਮ ਨਹੀਂ ਸੀ। ਕੁਝ ਲੋਕਾਂ ਨੇ ਆਪਣੀਆਂ ਕੁੜੀਆਂ ਦੀ ਪੜ੍ਹਾਈ ਦਾ ਆਪੋ-ਆਪਣਾ ਇੰਤਜ਼ਾਮ ਕੀਤਾ ਹੋਇਆ ਸੀ ਜੋ ਕਦੇ ਘਰ ਅਤੇ ਕਦੇ ਮਸਜਿਦ ਵਿਚ ਹੁੰਦਾ ਸੀ।

ਉਸ ਸਮੇਂ ਵਿਦੇਸ਼ੀ ਵਿੱਤੀ ਮਦਦ ਨਾਲ ਸਿੱਖਿਆ ਦੇ ਖੇਤਰ ਵਿਚ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਸਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਪੜ੍ਹਾਈ ਲਈ ਆਉਣ ਵਾਲੇ ਬੱਚਿਆਂ (ਸਿਰਫ਼ ਲੜਕਿਆਂ) ਨੂੰ ਕਿਤਾਬਾਂ, ਕਾਪੀਆਂ ਅਤੇ ਪੈੱਨ-ਪੈਨਸਿਲਾਂ ਮੁਹੱਈਆ ਕਰਵਾਉਣ ਤੱਕ ਸੀਮਤ ਸਨ। ਉਸ ਸਮੇਂ ਹਾਲਾਤ ਤਾਲਿਬਾਨ ਹਕੂਮਤ ਵਾਂਗ ਮਾੜੇ ਨਹੀਂ ਸਨ ਪਰ ਬਹੁਤੇ ਚੰਗੇ ਵੀ ਨਹੀਂ ਸਨ। ਵਿਦੇਸ਼ੀ ਮਾਇਆ (ਇਮਦਾਦ) ਲਈ ਸਿੱਖਿਆ ਸਹੂਲਤਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਬਾਰੇ ਅੰਕੜੇ ਪੈਦਾ ਕੀਤੇ ਜਾ ਰਹੇ ਸਨ ਪਰ ਜ਼ਮੀਨੀ ਪੱਧਰ ਉੱਤੇ ਅਜਿਹਾ ਕੁਝ ਨਹੀਂ ਸੀ। ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ। ਮੈਂ ਹੁਣ ਕਹਿ ਸਕਦਾ ਹਾਂ ਕਿ ਭ੍ਰਿਸ਼ਟਾਚਾਰ ਦੀ ਗੱਲ ਬੇਬੁਨਿਆਦ ਨਹੀਂ ਸੀ। ਵਿਦੇਸ਼ੀ ਮਾਇਆ ਦਾ ਬਹੁਤਾ ਹਿੱਸਾ ਭ੍ਰਿਸ਼ਟਾਚਾਰ ਦੀ ਝੋਲੀ ਪੈ ਰਿਹਾ ਸੀ।

ਸਾਡੇ ਪਿੰਡ ਵਿਚ ਖੇਤੀ ਬਹੁਤੀ ਨਹੀਂ ਹੈ। ਅਸੀਂ ਪਿੰਡ ਦੇ ਉਨ੍ਹਾਂ ਕੁਝ ਪਰਿਵਾਰਾਂ ਵਿਚੋਂ ਸਾਂ ਜਿਨ੍ਹਾਂ ਦੀ ਆਰਥਿਕ ਹਾਲਤ ਗ਼ਰੀਬੀ ਤੋਂ ਬਿਹਤਰ ਸੀ ਪਰ ਬਹੁਤੀ ਚੰਗੀ ਨਹੀਂ ਸੀ। ਮੇਰੇ ਪਿਤਾ ਸਾਊਦੀ ਅਰਬ ਵਿਚ ਕੰਮ ਕਰਦੇ ਸਨ ਅਤੇ ਸਾਡੇ ਗੁਜ਼ਾਰੇ ਲਈ ਪੈਸੇ ਭੇਜਦੇ ਸਨ। ਸਾਡੇ ਵਾਂਗ ਕਈ ਪਰਿਵਾਰ ਵੀ ਇਸੇ ਤਰ੍ਹਾਂ ਵਿਦੇਸ਼ਾਂ ਤੋਂ ਆਉਣ ਵਾਲੀ ਆਮਦਨ ਉੱਤੇ ਗੁਜ਼ਰ-ਬਸਰ ਕਰਦੇ ਸਨ। ਬਿਹਤਰ ਆਰਥਿਕ ਸਥਿਤੀ ਵਾਲੇ ਲੋਕ ਸਾਊਦੀ ਅਰਬ ਵਰਗੇ ਦੇਸ਼ਾਂ ਵਿਚ ਜਾਂਦੇ ਸਨ ਪਰ ਗ਼ਰੀਬ ਲੋਕ ਗ਼ੈਰ-ਕਾਨੂੰਨੀ ਤਰੀਕੇ ਨਾਲ ਗੁਆਂਢੀ ਦੇਸ਼ ਇਰਾਨ ਜਾਂਦੇ ਸਨ। ਇਨ੍ਹਾਂ ਗ਼ੈਰ-ਕਾਨੂੰਨੀ ਵਸਨੀਕਾਂ ਨੂੰ ਘੱਟ ਤਨਖ਼ਾਹ ਉੱਤੇ ਔਖਾ ਕੰਮ ਦਿੱਤਾ ਜਾਂਦਾ ਸੀ ਅਤੇ ਉਨ੍ਹਾਂ ਦੀ ਉੱਥੇ ਦੇ ਕਾਇਦੇ-ਕਾਨੂੰਨ ਵਿਚ ਕੋਈ ਹੋਂਦ ਨਹੀਂ ਸੀ। ਇਰਾਨ ਤੋਂ ਅਫ਼ਗ਼ਾਨ ਮੂਲ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਦੀਆਂ ਦਿਲ-ਕੰਬਾਊਣ ਵਾਲੀਆਂ ਕਹਾਣੀਆਂ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਸ਼ੁਮਾਰ ਸਨ ਅਤੇ ਉਨ੍ਹਾਂ ਦੇ ਪਾਤਰ ਸਾਡੇ ਚਾਰੇ ਪਾਸੇ ਰਹਿੰਦੇ ਸਨ।

ਅਸੀਂ ਚਾਰ ਭੈਣ-ਭਰਾ ਸਾਂ ਅਤੇ ਵੱਡੇ ਸਾਂਝੇ ਪਰਿਵਾਰ ਵਿਚ ਰਹਿੰਦੇ ਸਾਂ। ਪਿੰਡ ਦੀਆਂ ਬਾਕੀ ਕੁੜੀਆਂ ਵਾਂਗ ਸਾਡੀ ਇਕਲੌਤੀ ਭੈਣ ਕਦੇ ਸਕੂਲ ਨਹੀਂ ਜਾਂਦੀ ਸੀ। ਤੀਜੀ ਜਮਾਤ ਤੋਂ ਬਾਅਦ ਮੈਂ ਲਾਗਲੇ ਪਿੰਡ ਦੇ ਸਕੂਲ ਜਾਣ ਲੱਗਿਆ। ਦਸਵੀਂ ਜਮਾਤ ਤੋਂ ਬਾਅਦ, ਸਾਡੇ ਪਰਿਵਾਰ ਨੇ ਲੜਕਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਸਾਡਾ ਪਿੰਡ ਅਤੇ ਜੱਦੀ ਸੂਬਾ ਛੱਡ ਕੇ ਮੁਲਕ ਦੀ ਰਾਜਧਾਨੀ ਕਾਬੁਲ ਜਾਣ ਦਾ ਫ਼ੈਸਲਾ ਕੀਤਾ। ਅਸੀਂ ਸਾਊਦੀ ਅਰਬ ਤੋਂ ਆਉਣ ਵਾਲੇ ਡਾਲਰਾਂ ਨਾਲ ਹੀ ਗੁਜ਼ਾਰਾ ਕਰਦੇ ਸਾਂ। ਅਫ਼ਗ਼ਾਨਿਸਤਾਨ ਦੇ ਸ਼ਹਿਰਾਂ ਵਿਚ ਸਰਕਾਰੀ ਸਿੱਖਿਆ ਪ੍ਰਣਾਲੀ ਦੇ ਨਾਲ-ਨਾਲ ਕੰਪਿਊਟਰ ਸਿਖਲਾਈ, ਅੰਗਰੇਜ਼ੀ ਸਿਖਲਾਈ ਦੀਆਂ ਸਹੂਲਤਾਂ ਦੇ ਨਾਲ-ਨਾਲ ਪ੍ਰਾਈਵੇਟ ਟਿਊਸ਼ਨ ਸੈਂਟਰ ਵੀ ਹਨ।

ਅਫ਼ਗ਼ਾਨਿਸਤਾਨ ਵਿਚ ਲਿੰਗ ਦੇ ਆਧਾਰ ਉੱਤੇ ਸਹਿ-ਸਿੱਖਿਆ ਬਹੁਤ ਘੱਟ ਹੈ। ਕੋਈ ਸਹਿ-ਵਿਦਿਅਕ ਸਕੂਲ ਨਹੀਂ ਹਨ। ਜੇ ਸਾਂਝੇ ਸਕੂਲ ਹਨ ਤਾਂ ਜਮਾਤਾਂ ਵੱਖਰੀਆਂ ਹਨ। ਮੈਨੂੰ ਕਾਬੁਲ ਸ਼ਹਿਰ ਵਿਚ ਕੰਪਿਊਟਰ ਸਿਖਲਾਈ ਕੇਂਦਰਾਂ, ਅੰਗਰੇਜ਼ੀ ਸਿਖਲਾਈ ਕੇਂਦਰਾਂ ਦੇ ਨਾਲ-ਨਾਲ ਪ੍ਰਾਈਵੇਟ ਟਿਊਸ਼ਨ ਕੇਂਦਰਾਂ ਵਿਚ ਕੁੜੀਆਂ ਨਾਲ ਪੜ੍ਹਨ ਦਾ ਮੌਕਾ ਮਿਲਿਆ। ਉੱਥੇ ਲੜਕੇ-ਲੜਕੀਆਂ ਵੱਖੋ-ਵੱਖਰੇ ਬੈਠਦੇ ਸਨ ਅਤੇ ਉਨ੍ਹਾਂ ਦੀ ਆਪਸ ਵਿਚ ਨਾਮਾਤਰ ਗੱਲਬਾਤ ਕਿਤਾਬਾਂ ਅਤੇ ਨੋਟਸ ਲੈਣ-ਦੇਣ ਤੱਕ ਸੀਮਤ ਸੀ।

ਅਫ਼ਗ਼ਾਨਿਸਤਾਨ ਦੀਆਂ ਯੂਨੀਵਰਸਿਟੀਆਂ ਵਿਚ ਦਾਖ਼ਲਾ ਲੈਣ ਲਈ 'ਕਨਕੌਰ' ਨਾਮ ਦਾ ਇਮਤਿਹਾਨ ਦੇਣਾ ਪੈਂਦਾ ਸੀ। ਮੈਂ 'ਕਨਕੌਰ' ਇਮਤਿਹਾਨ ਪਾਸ ਕੀਤਾ ਅਤੇ ਸਕੂਲ ਤੋਂ ਬਾਅਦ ਕਾਬੁਲ ਯੂਨੀਵਰਸਿਟੀ ਤੋਂ ਪੋਸਟ ਗ੍ਰੈਜੂਏਸ਼ਨ ਕੀਤੀ। ਸਾਰਕ ਯੂਨੀਵਰਸਿਟੀ (ਸਾਊਥ ਏਸ਼ੀਅਨ ਯੂਨੀਵਰਸਿਟੀ, ਨਵੀਂ ਦਿੱਲੀ) ਦਾ ਦਾਖ਼ਲਾ ਇਮਤਿਹਾਨ ਹੁੰਦਾ ਹੈ ਜਿਸ ਵਿਚ ਅੱਧੇ ਵਿਦਿਆਰਥੀ ਭਾਰਤ ਅਤੇ ਅੱਧੇ ਸਾਰਕ ਦੇ ਦੂਜੇ ਮੁਲਕਾਂ ਤੋਂ ਲਏ ਜਾਂਦੇ ਹਨ। ਇਸ ਵੇਲੇ ਮੈਂ ਦਿੱਲੀ ਦੀ ਸਾਊਥ ਏਸ਼ੀਅਨ ਯੂਨੀਵਰਸਿਟੀ ਤੋਂ ਗਣਿਤ ਵਿਸ਼ੇ ਵਿਚ ਪੀ.ਐੱਚ.ਡੀ. ਕਰ ਰਿਹਾ ਹਾਂ ਅਤੇ ਤਕਰੀਬਨ ਦਸ ਸਾਲਾਂ ਤੋਂ ਕਾਬੁਲ ਯੂਨੀਵਰਸਿਟੀ ਵਿਚ ਪੜ੍ਹਾ ਰਿਹਾ ਹਾਂ।

"ਅਫ਼ਗਾਨਿਸਤਾਨ ਦੀਆਂ ਯੂਨੀਵਰਸਿਟੀਆਂ ਵਿਚ ਔਰਤਾਂ ਦੇ ਦਾਖ਼ਲੇ ਉੱਤੇ ਪਾਬੰਦੀ ਆਇਦ ਕੀਤੀ ਗਈ ਹੈ ਕਿਉਂਕਿ ਵਿਦਿਆਰਥਣਾਂ ਨੇ ਸਲੀਕੇਵਾਰ ਕੱਪੜੇ ਨਹੀਂ ਪਾਏ ਸਨ। ਉਹ ਅਜਿਹੇ ਕੱਪੜੇ ਪਾ ਕੇ ਯੂਨੀਵਰਸਿਟੀ ਜਾਂਦੀਆਂ ਸਨ ਜਿਵੇਂ ਉਹ ਕਿਸੇ ਵਿਆਹ ਵਿਚ ਜਾ ਰਹੀਆਂ ਹੋਣ।" ਮੇਰੇ ਮੋਬਾਈਲ ਉੱਤੇ ਆਏ ਇਸ ਸੁਨੇਹੇ ਨੇ ਮੇਰੀ ਜ਼ਿੰਦਗੀ ਵਿਚ ਨਵਾਂ ਮੋੜ ਲਿਆਂਦਾ। ਕਿਹਾ ਜਾ ਰਿਹਾ ਹੈ ਕਿ ਇਹ ਪਾਬੰਦੀ ਆਰਜ਼ੀ ਤੌਰ ਉੱਤੇ ਲਗਾਈ ਗਈ ਹੈ ਪਰ ਇਤਿਹਾਸ ਗਵਾਹ ਹੈ ਕਿ ਪਹਿਲਾਂ ਵੀ ਅਜਿਹੀਆਂ ਪਾਬੰਦੀਆਂ ਆਰਜ਼ੀ ਤੌਰ ਉੱਤੇ ਲਗਾਈਆਂ ਗਈਆਂ ਹਨ ਅਤੇ ਬਾਅਦ ਵਿਚ ਉਨ੍ਹਾਂ ਦਾ ਮੁਕਾਮ ਪੱਕਾ ਹੋ ਗਿਆ। ਇਸ ਲਈ ਇਨ੍ਹਾਂ ਨੂੰ ਪੱਕੀਆਂ ਪਾਬੰਦੀਆਂ ਹੀ ਮੰਨਿਆ ਜਾਣਾ ਚਾਹੀਦਾ ਹੈ। ਪਿਛਲੀ ਵਾਰ ਵੀ ਤਾਲਿਬਾਨ ਨੇ ਇਸੇ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਸਨ।

ਤਕਰੀਬਨ ਦਸ ਸਾਲ ਕਾਬੁਲ ਯੂਨੀਵਰਸਿਟੀ ਵਿਚ ਪੜ੍ਹਾਉਣ ਤੋਂ ਬਾਅਦ ਅਸਤੀਫ਼ਾ ਮੇਰੇ ਲਈ ਆਖ਼ਰੀ ਰਾਹ ਸੀ। ਮੈਨੂੰ ਪਤਾ ਹੈ ਕਿ ਇਹ ਕੋਈ ਬਹੁਤ ਵਧੀਆ ਰਾਹ ਨਹੀਂ ਹੈ ਪਰ ਇਸ ਤੋਂ ਬਿਨਾਂ ਆਵਾਜ਼ ਬੁਲੰਦ ਕਰਨ ਦਾ ਕੋਈ ਰਾਹ ਨਹੀਂ ਸੀ। ਅਸੀਂ ਆਪਣੀ ਆਵਾਜ਼ ਬੁਲੰਦ ਕਰਨ ਅਤੇ ਅਫ਼ਗ਼ਾਨਿਸਤਾਨ ਦੇ ਲੋਕਾਂ ਦੇ ਨਾਲ-ਨਾਲ ਕੌਮਾਂਤਰੀ ਭਾਈਚਾਰੇ ਨੂੰ ਆਪਣੀ ਆਵਾਜ਼ ਸੁਣਾਉਣ ਲਈ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਹਨ।



*ਵਿਦਿਆਰਥਣਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰ ਰਹੀਆਂ ਔਰਤਾਂ।*

ਕਾਬੁਲ ਦੀ ਯੂਨੀਵਰਸਿਟੀ ਦੀ ਵੈੱਬਸਾਈਟ ਨੂੰ ਅਜੇ ਨਵੇਂ ਫ਼ੈਸਲਿਆਂ ਮੁਤਾਬਕ ਅਪਡੇਟ ਨਹੀਂ ਕੀਤਾ ਗਿਆ ਹੈ। ਵੈੱਬਸਾਈਟ ਉੱਤੇ ਦਰਜ ਹੈ ਕਿ ਇਸ ਯੂਨੀਵਰਸਿਟੀ ਦੀ ਸਥਾਪਨਾ 1932 ਵਿਚ ਹੋਈ ਸੀ। ਇਸ ਵੇਲੇ ਕਾਬੁਲ ਯੂਨੀਵਰਸਿਟੀ ਵਿਚ 22 ਫੈਕਲਟੀ ਅਤੇ 101 ਵਿਭਾਗ, ਤਕਰੀਬਨ 900 ਅਧਿਆਪਕ ਅਤੇ 25,000 ਤੋਂ ਵੱਧ ਵਿਦਿਆਰਥੀ ਹਨ। ਵੈੱਬਸਾਈਟ ਦੱਸਦੀ ਹੈ ਕਿ ਵਿਦਿਆਰਥਣਾਂ ਦੀ ਗਿਣਤੀ 41% ਹੈ; ਮਤਲਬ, ਹਾਲੀਆ ਫ਼ੈਸਲੇ ਨੇ ਇਕੱਲੀ ਕਾਬੁਲ ਯੂਨੀਵਰਸਿਟੀ 'ਚ ਤਕਰੀਬਨ 10,000 ਵਿਦਿਆਰਥਣਾਂ ਦੀ ਪੜ੍ਹਾਈ ਖ਼ਤਮ ਕਰ ਦਿੱਤੀ।

ਅਫ਼ਗ਼ਾਨਿਸਤਾਨ ਦੇ ਲੋਕ ਇਸ ਸਮੇਂ ਖ਼ੁਸ਼ ਨਹੀਂ ਹਨ। ਤਾਲਿਬਾਨ ਦੀਆਂ ਆਗੂ ਸਫ਼ਾਂ ਤੋਂ ਬਾਹਰਲੇ ਉਨ੍ਹਾਂ ਦੇ ਹਮਾਇਤੀ ਵੀ ਖ਼ੁਸ਼ ਨਹੀਂ ਹਨ। ਉਹ ਅਜਿਹੇ ਸਾਰੇ ਫ਼ੈਸਲਿਆਂ ਦੇ ਕਾਰਨ ਜਾਣਨਾ ਚਾਹੁੰਦੇ ਹਨ। ਹਥਿਆਰਬੰਦ ਤਾਲਿਬਾਨ ਯੂਨੀਵਰਸਿਟੀਆਂ ਵਿਚ ਦਾਖ਼ਲ ਹੋ ਗਏ ਹਨ ਤੇ ਉਹ ਇਕੱਠੇ ਕਰਨ ਅਤੇ ਤਿੰਨ-ਚਾਰ ਲੋਕਾਂ ਨੂੰ ਇੱਕ-ਦੂਜੇ ਨਾਲ ਗੱਲ ਕਰਨ ਤੋਂ ਵੀ ਰੋਕ ਰਹੇ ਹਨ। ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੇ ਰੋਸ ਮੁਜ਼ਾਹਰੇ ਨੂੰ ਰੋਕਣ ਲਈ ਯੂਨੀਵਰਸਿਟੀਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਮਹਿਲਾ ਵਿਦਿਆਰਥੀਆਂ ਅਤੇ ਹੋਰ ਕਾਰਕੁਨਾਂ ਨੂੰ ਹਿਰਾਸਤ ਵਿਚ ਲਏ ਜਾਣ ਦੀਆਂ ਖ਼ਬਰਾਂ ਹਨ।

ਅਸਤੀਫ਼ਾ ਦੇਣ ਤੋਂ ਪਹਿਲਾਂ ਮੈਂ ਆਪਣੇ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਗੱਲ ਕੀਤੀ ਸੀ ਪਰ ਕੋਈ ਵੀ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਸੀ। ਇੱਕ ਪਾਸੇ ਹਾਲਤ ਬਹੁਤ ਖ਼ਰਾਬ ਹਨ ਅਤੇ ਦੂਜੇ ਪਾਸੇ ਲੋਕ ਮਹਿਸੂਸ ਕਰ ਰਹੇ ਹਨ ਕਿ ਅਜਿਹੇ ਅਸਤੀਫ਼ਿਆਂ ਦੇ ਦਬਾਅ ਕਾਰਨ ਤਾਲਿਬਾਨ ਆਪਣਾ ਫ਼ੈਸਲਾ ਬਦਲਣ ਵਾਲੇ ਨਹੀਂ ਹਨ। ਮੈਨੂੰ ਲੱਗਿਆ ਕਿ ਮੈਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਦੇ ਫ਼ੈਸਲਿਆਂ ਤੋਂ ਬਾਅਦ ਨਾ ਤਾਂ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਹੈ ਅਤੇ ਨਾ ਹੀ ਅਫ਼ਗ਼ਾਨਿਸਤਾਨ ਦਾ ਭਵਿੱਖ। ਮੇਰੇ ਅਸਤੀਫ਼ੇ ਨਾਲ ਹਾਲਾਤ ਨਹੀਂ ਬਦਲਣਗੇ ਪਰ ਘੱਟੋ-ਘੱਟ ਮੈਂ ਪੁਰ-ਸਕੂਨ ਹਾਂ। ਮੇਰੇ ਪਿਤਾ ਨੂੰ ਇਹ ਫ਼ੈਸਲਾ ਪਸੰਦ ਨਹੀਂ ਆਇਆ ਪਰ ਬਾਅਦ ਵਿਚ ਉਹ ਮੰਨ ਗਏ। ਮੇਰੇ ਕੋਲ ਸਾਰਕ ਯੂਨੀਵਰਸਿਟੀ ਤੋਂ ਫੈਲੋਸ਼ਿਪ ਹੈ ਪਰ ਘਰ ਪਿਤਾ ਜੀ ਦੀ ਮਦਦ ਨਾਲ ਹੀ ਚੱਲਦਾ ਹੈ। ਮੇਰੀ ਪਤਨੀ ਦੁਬਿਧਾ ਵਿਚ ਹੈ। ਇੱਕ ਪਾਸੇ ਉਹ ਮੌਜੂਦਾ ਹਾਲਾਤ ਤੋਂ ਡਰੀ ਹੋਈ ਹੈ ਅਤੇ ਦੂਜੇ ਪਾਸੇ ਉਹ ਖ਼ੁਸ਼ ਹੈ ਕਿ ਮੈਂ ਔਰਤਾਂ ਦੇ ਮੁੱਦੇ ਨੂੰ ਅਹਿਮ ਮੰਨਿਆ ਹੈ। ਮੈਨੂੰ ਵੱਖ-ਵੱਖ ਤਰੀਕਿਆਂ ਨਾਲ ਜ਼ਬਾਨਬੰਦੀ ਦੀਆਂ ਸਲਾਹਾਂ ਦਿੱਤੀਆਂ ਦਿੱਤੀਆਂ ਜਾ ਰਹੀਆਂ ਹਨ। ਸਮਝਾਉਣੀ ਸੁਰ ਵਿਚ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਕੌਮਾਂਤਰੀ ਭਾਈਚਾਰੇ ਨੂੰ ਅਫ਼ਗ਼ਾਨਿਸਤਾਨ ਦਾ ਹਵਾਲਾ ਦਿੰਦੇ ਹੋਏ ਮਨੁੱਖੀ ਹਕੂਕ ਦੇ ਹਵਾਲੇ ਤਹਿਤ ਸਿੱਖਿਆ ਦੇ ਹਕੂਕ ਦੀ ਗੱਲ ਕਰਨੀ ਚਾਹੀਦੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਕੌਮਾਂਤਰੀ ਭਾਈਚਾਰਾ ਇਸ ਤਰ੍ਹਾਂ ਦੇ ਫ਼ੈਸਲਿਆਂ ਉੱਤੇ ਆਪਣਾ ਅਸਰ-ਰਸੂਖ਼ ਵਰਤਣ ਲਈ ਸਰਗਰਮ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਕੌਮਾਂਤਰੀ ਭਾਈਚਾਰਾ ਘੱਟੋ-ਘੱਟ ਕੁਝ ਮਾਮਲਿਆਂ ਵਿਚ ਤਬਦੀਲੀ ਦੀ ਅਲੰਬਰਦਾਰੀ ਕਰੇ। ਪਿਛਲੇ 16 ਮਹੀਨਿਆਂ ਵਿਚ ਕਈ ਮੁਲਕਾਂ ਅਤੇ ਕਈ ਬਰਾਦਰੀਆਂ ਨੇ ਬਿਆਨ ਜਾਰੀ ਕੀਤੇ ਹਨ ਪਰ ਇਹ ਬਿਆਨ ਨਾਕਾਫ਼ੀ ਹਨ। ਕੁਝ ਹੱਦ ਤੱਕ ਅਸੀਂ ਦੋਹਾ ਸਮਝੌਤੇ ਰਾਹੀਂ ਇਹ ਸਭ ਕੁਝ ਮੁਮਕਿਨ ਬਣਾਉਣ ਲਈ ਕੌਮਾਂਤਰੀ ਭਾਈਚਾਰੇ ਨੂੰ ਦੋਸ਼ੀ ਠਹਿਰਾ ਸਕਦੇ ਹਾਂ। ਖ਼ੁਸੂਸੀ ਤੌਰ ਉੱਤੇ ਅਮਰੀਕਾ ਕਸੂਰਵਾਰ ਹੈ ਕਿਉਂਕਿ ਉਸ ਨੂੰ ਅਫ਼ਗ਼ਾਨਿਸਤਾਨ ਦੇ ਹਾਲਾਤ ਦਾ ਪਤਾ ਸੀ ਅਤੇ ਉਹ ਤਾਲਿਬਾਨ ਦੀ ਵਿਚਾਰਧਾਰਾ ਨੂੰ ਜਾਣਦਾ ਸੀ ਪਰ ਉਸ ਨੇ ਇਨ੍ਹਾਂ ਹਾਲਾਤ ਵਿਚ ਰਹਿਣ ਲਈ ਅਫ਼ਗ਼ਾਨਿਸਤਾਨ ਨੂੰ ਇਕੱਲਾ ਛੱਡ ਗਿਆ। ਕੌਮਾਂਤਰੀ ਭਾਈਚਾਰਾ ਅਜਿਹੀਆਂ ਸਮੱਸਿਆਵਾਂ ਦਾ ਅਨਿੱਖੜਵਾਂ ਅੰਗ ਹੈ। ਅਸੀਂ ਉਮੀਦ ਕਰਦੇ ਹਾਂ ਕਿ ਕੌਮਾਂਤਰੀ ਭਾਈਚਾਰਾ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੇਗਾ। ਸਾਡੇ ਹਾਲਾਤ ਸਾਜ਼ਗਾਰ ਨਹੀਂ ਹਨ। ਅਸੀਂ ਕੌਮਾਂਤਰੀ ਦਖ਼ਲ ਉੱਤੇ ਭਰੋਸਾ ਨਹੀਂ ਕਰ ਸਕਦੇ ਪਰ ਕੌਮਾਂਤਰੀ ਭਾਈਚਾਰੇ ਤੋਂ ਬਿਨਾ ਅਸੀਂ ਕੋਈ ਉਮੀਦ ਨਹੀਂ ਕਰ ਸਕਦੇ। ਇੱਥੇ ਜਾਨ, ਜਾਇਦਾਦ ਅਤੇ ਭਵਿੱਖ ਸੁਰੱਖਿਅਤ ਨਹੀਂ ਹਨ। ਨਿਰਾਸ਼ਾ ਦੇ ਸਮੇਂ ਵਿਚ ਆਪਣੀ ਆਵਾਜ਼ ਬੁਲੰਦ ਕਰਨਾ ਮੁਸ਼ਕਿਲ ਹੈ।

# ਕੈਲੇਫੋਰਨੀਆ ਡਾਇਰੀ (4) : ਭਾਰਤ ’ਚ ਹੰਮਿੰਗਬਰਡ ਨਹੀਂ ਹੁੰਦੇ

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ ’ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***

ਸੁਬ੍ਹਾ ਦੇ ਦਸ ਵੱਜੇ ਨੇ, ਧੁੱਪ ਸੁਖਾਵੀਂ ਹੈ, ਮੈਂ ਸੈਰ ਲਈ ਘਰੋਂ ਨਿਕਲ ਪਿਆ ਹਾਂ। 40-50 ਮਿੰਟਾਂ ‘ਚ ਕਲੋਨੀ ਦੇ ਇਕ ਚੱਕਰ ਵਾਸਤੇ, ਘੜੀ ਦੀਆਂ ਸੂਈਆਂ ਦੀ ਉਲਟੀ ਦਿਸ਼ਾ ‘ਚ। ਗਵਾਂਢੀ ਘਰ ਦਾ ਕੁੱਤਾ, ਹਰ ਰੋਜ਼ ਵਾਂਗ, ਮੈਨੂੰ ਪਟੜੀ ‘ਤੋਂ ਦੀ ਗੁਜ਼ਰਦਿਆਂ ਸੁੰਘ-ਸੁਣ ਕੇ, ਵਿਹੜੇ ਦੀ ਉਚੀ, ਲੱਕੜ ਦੀ ਦੀਵਾਰ ਪਿੱਛੋਂ ਭੌਂਕਿਆ ਹੈ। ਦੋ ਘਰ ਅੱਗੇ, ਇਕ ਬੰਦਾ ਸੜਕ ‘ਤੇ ਆਪਣੀ ਵੱਡੀ ਗੱਡੀ - ਨਿੱਕਾ ਟਰੱਕ ਹੀ - ਗੱਡੀ ‘ਚ ਰੱਖੀ ਇਕ ਮੋਟਰ ਨਾਲ, ਕਾਰਾਂ ਦੇ ਸਰਵਿਸ-ਸਟੇਸ਼ਨਾਂ ਜਿਹਾ ਪ੍ਰੈਸ਼ਰ ਬਣਾ ਧੋ



**ਡਾ. ਅੰਬਰੀਸ਼**
**ਫੋਨ: 98143-89522**

ਰਿਹਾ ਹੈ। ਇਕ ਓਡੀ ਹੀ ਵੱਡੀ ਗੱਡੀ ਕੋਲ ਖੜ੍ਹੀ ਹੈ। ਏਥੇ ਛੋਟੀ ਕਾਰ, ਜਾਂ ਕੰਪੈਕਟ ਐਸ ਯੂ ਵੀ ਦਾ ਕਾਨਸੈਪਟ ਹੀ ਨਹੀਂ। ਤਕਰੀਬਨ ਹਰ ਘਰ ਦੇ ਸਾਹਮਣੇ ਦੋ ਵੱਡੀਆਂ ਗੱਡੀਆਂ ਖੜ੍ਹੀਆਂ ਨੇ - ਪਾਰਕਿੰਗ ਲਈ ਥਾਂ ਹੀ ਦੋ ਲਈ ਹੈ। ਕੁਝ ਵੱਡੀਆਂ ਕਾਰਾਂ ਤੇ ਗੱਡੀਆਂ ਕਲੋਨੀ ਦੀ ਮੁੱਖ ਸੜਕ ‘ਤੇ ਪਾਰਕ ਨੇ - ਜ਼ਾਹਰ ਹੈ, ਕੁਝ ਘਰਾਂ ‘ਚ ਦੋ ਤੋਂ ਵੱਧ ਕਾਰਾਂ ਨੇ। ਪੰਜਾਬ, ਤੇ ਭਾਰਤ ਦੇ ਬਹੁਤੇ ਉਚ ਮੱਧਵਰਗੀ ਪਰਿਵਾਰਾਂ ‘ਚ ਵੀ ਹੁਣ ਇਹੋ ਚਲਨ ਹੈ। ਗਲੋਬਲੀ ਦੁਨੀਆ ‘ਚ ਹੁਣ ਲੋਕ ਹੀ ਦੋ ਤਰ੍ਹਾਂ ਦੇ ਨੇ - ਇਕ ਅਮਰੀਕੀ, ਤੇ ਦੂਜੇ, ਜੋ ਅਮਰੀਕੀਆਂ ਵਰਗਾ ਬਣਨਾ ਚਾਹੁੰਦੇ ਨੇ; ਇਸ ਜੀਵਨ-ਵਿਧੀ ਦਾ ਧਰਤੀ ਗ੍ਰਹਿ, ਅਤੇ ਹੋਰ ਲੋਕਾਂ ‘ਤੇ ਕੀ ਅਸਰ ਹੋ ਰਿਹਾ ਹੈ, ਉਹਦੇ ਨਾਲ ਇਨ੍ਹਾਂ ਦੋ ਤਰ੍ਹਾਂ ਦੇ ਲੋਕਾਂ ਦਾ ਜ਼ਾਹਰਨ ਕੋਈ ਲੈਣਾ-ਦੇਣਾ ਨਹੀਂ ਜਾਪਦਾ। ਉਹ

ਪਟੜੀ ‘ਤੇ ਤੁਰਦਾ, ਖੱਬੇ ਹੱਥ ਨੂੰ 90º ਮੁੜਦਾ, ਮੈਂ ਬੱਚਿਆਂ ਦੇ ਖੇਡਣ ਦੀ ਇਕ ਥਾਂ ਕੋਲੋਂ ਗੁਜ਼ਰਦਾ ਹਾਂ। ਏਥੇ ਅਕਸਰ ਇਕ-ਅੱਧ ਮਾਂ, ਜਾਂ ਪਿਤਾ, ਅਕਸਰ ਇਕੱਲੇ, ਆਪਣੇ ਬੱਚੇ ਨੂੰ ਖਿਡਾ ਰਹੇ ਹੁੰਦੇ; ਛੁੱਟੀ ਵਾਲੇ ਦਿਨ ਰੌਣਕ ਵੱਧ ਹੁੰਦੀ ਹੈ। ਇਕ-ਅੱਧ ਜਣਾ ਪਟੜੀ ‘ਤੇ ਆਪਣੇ ਕੁੱਤੇ ਨੂੰ ਸੈਰ ਕਰਵਾ ਰਿਹਾ ਹੈ। ਕੋਲੋਂ ਦੀ ਲੰਘਦਾ ਕਦੇ ਕੋਈ ਹਾਇ ਜਾਂ ਗੁੱਡ ਮੌਰਨਿੰਗ ਵੀ ਕਹਿ ਜਾਂਦਾ ਹੈ। ਇਕ ਦਿਨ ਮੈਨੂੰ ਸੜਕ ‘ਤੇ ਧੀਮੀ ਗਤੀ ਚੱਲਦਾ ਤੇ ਸ਼ੋਰ ਮਚਾਉਂਦਾ ਵੱਡਾ ਟਰੱਕ ਵਿਖਾਲੀ ਦਿੱਤਾ - ਉਹ ਆਪਣੇ ਅੱਗੇ ਲੱਗੇ ਫੁਹਾਰਿਆਂ, ਤੇ ਹੇਠਾਂ ਲੱਗੇ ਗੋਲ ਚੱਲਦੇ ਝਾੜੂਆਂ ਨਾਲ ਪਹਿਲਾਂ ਹੀ ਸਾਫ ਦਿਸਦੀ ਸੜਕ ਨੂੰ ਸਾਫ ਕਰ ਰਿਹਾ ਸੀ। ਪਰ ਬੰਦਾ ਤਾਂ ਮੂਲ ਰੂਪ ’ਚ ਦੁਨੀਆ ਦੇ ਹਰ ਮੁਲਕ ਵਿਚ ਇਕੋ ਤਰ੍ਹਾਂ ਦੇ ਗੁਣਾਂ/ਔਗੁਣਾਂ ਦਾ ਮੇਲ ਹੁੰਦਾ ਹੈ। ਪਟੜੀ ਦੇ ਨਾਲ ਦੀ ਚੌੜੀ, ਫੁੱਲਾਂ-ਬੂਟਿਆਂ ਵਾਲੀ ਜਗ੍ਹਾ ‘ਤੇ ਕੁਝ ਬੇਧਿਆਨੇ ਤੇ ਬੇਲਾਗ ਲੋਕਾਂ ਨੇ ਪਲਾਸਟਿਕ ਤੇ ਸ਼ੀਸ਼ੇ ਦੀਆਂ ਖਾਲੀ ਬੋਤਲਾਂ, ਲਿਫਾਫੇ, ਰੈਪਰ ਤੇ ਵਰਤੇ ਮਾਸਕ ਆਦਿ ਸੁੱਟੇ ਨੇ। ਏਨੀ ਸਾਫ-ਸੁਥਰੀ ਤੇ ਸੋਹਣੀ ਜਗ੍ਹਾ ਨੂੰ ਕੁਝ ਲੋਕ ਗੰਦਾ ਕਿੰਝ ਕਰ ਸਕਦੇ ਨੇ? ਕਦੇ ਕਿਸੇ ਘਰ ਸਾਹਮਣੇ ਸੜਕ ‘ਤੇ ਆਪਣਾ ਕੰਮਕਾਜੀ ਨਿੱਕਾ ਟਰੱਕ ਖੜ੍ਹਾ ਕਰ ਕੋਈ ਮੈਕਸੀਕਨ ਮਜ਼ਦੂਰ ਉਸ ਘਰ ਦੇ ਵਿਹੜੇ ਦੀ ਪਟੜੀ ਮੁਰੰਮਤ, ਜਾਂ ਬਗੀਚੇ ’ਚ ਕੰਮ ਕਰ ਰਿਹਾ ਹੁੰਦਾ ਹੈ। ਸੈਰ ਕਰਦਿਆਂ ਹਰ ਰੋਜ਼ ਮੈਨੂੰ ਐਸੀ ਕੋਈ ਨਵੀਂ ਵਸਤ ਜਾਂ ਵਰਤਾਰਾ ਜਾਂ ਵੇਰਵਾ ਦਿਸ ਜਾਂਦਾ ਹੈ ਜਿਹੜਾ ਮੈਂ ਪਹਿਲਾਂ ਕਦੇ ਨਹੀਂ ਵੇਖਿਆ ਹੁੰਦਾ - ਨਵੇਂ ਵਾਸਤੇ ਨਵੀਂ ਥਾਂ ਦੀ ਨਹੀਂ, ਨਵੀਂ ਨਜ਼ਰ ਦੀ ਲੋੜ ਹੁੰਦੀ ਹੈ। ਉਂਜ ਵੀ, ਇਸ ਓਪਰੇ ਸ਼ਹਿਰ ਮੈਨੂੰ ਨਵੀਆਂ ਥਾਂਵਾਂ ਤੋਂ ਰਤਾ ਘਬਰਾਹਟ ਹੁੰਦੀ ਹੈ। ਤੇਜ਼ ਵਹਿੰਦੀ ਸੜਕ ਨੂੰ ਪਾਰ ਕਰਨ, ਗੁੰਮ ਹੋ ਜਾਣ, ਕਿਸੇ ਵੀਰਾਨ ਇਲਾਕੇ ’ਚ ਕਿਸੇ ਅਮਲੀ, ਲੁੱਟ-ਖੋਹ ਵਾਲੇ ਨਾਲ ਟਾਕਰਾ ਹੋ ਜਾਣ ਆਦਿ ਦਾ ਹਲਕਾ ਡਰ ਬਣਿਆ ਰਹਿੰਦਾ ਹੈ, ਭਾਵੇਂ ਕਿ ਬੇਟੇ ਨੇ ਦੱਸਿਆ ਹੋਇਆ ਕਿ ਇਹ, ‘ਪੋਰਚ ਪਾਇਰੇਟ’ਸ’ (ਉਹ ਅਪਰਾਧੀ ਅਨਸਰ ਜਿਹੜੇ ਐਮੇਜ਼ੋਨ ਆਦਿ ਵੱਲੋਂ ਘਰਾਂ ਦੇ ਬਾਹਰ ਡਲਿਵਰ ਕਰ ਰੱਖੇ ਪੈਕਟਾਂ ਨੂੰ ਚੋਰੀ ਚੁੱਕ ਲੈ ਜਾਂਦੇ ਨੇ) ਦੇ ਡਰ ਦੇ ਬਾਵਜੂਦ, ਬਹੁਤ ਸੁਰੱਖਿਅਤ ਇਲਾਕਾ ਹੈ। ਜੀਵਨ ਦੇ ਸੀਨੀਅਰ ਵਰ੍ਹਿਆਂ ’ਚ ਹਾਂ, ਤਾਂ ਵੀ ਏਥੇ ਇਕੱਲਿਆਂ ਤੁਰਦਿਆਂ ਕਦੇ ਕਦੇ ਇੰਜ ਲੱਗਦਾ ਜਿਉਂ ਕੰਦਰ ’ਚੋਂ ਹੁਣੇ ਬਾਹਰ ਨਿਕਲਿਆ ਕਿਸੇ ਜੰਗਲੀ ਜਾਨਵਰ ਦਾ ਬਾਲ ਹੋਵਾਂ ਜਿਹੜਾ ਹਰ ਨਵੇਂ ਦਿਨ ਕੰਦਰ ਦੁਆਲੇ ਆਪਣੀ ਖੋਜਬੀਨ ਦਾ ਘੇਰਾ ਮੋਕਲਾ ਕਰੀ ਜਾਂਦਾ ਹੈ।

ਖੇਡ-ਥਾਂ ਦੇ ਨਾਲ ਹੀ ਪਟੜੀ ਇਕਦਮ ਚੜ੍ਹਦੀ ਹੈ। ਮੈਂ ਗਤੀ ਜ਼ਰਾ ਵਧਾ ਲੈਂਦਾ ਤੇ ਦਿਲ ਨੂੰ ਕੁਝ ਜ਼ੋਰ ਦੀ ਧੜਕਦਿਆਂ, ਤੇ ਸਾਹ ਦਾ ਤੇਜ਼ ਚੱਲਣਾ ਮਹਿਸੂਸ ਕਰ ਸਕਦਾ ਹਾਂ। ਜੀਵਨ ਦੇ ਇਨ੍ਹਾਂ ਵਰ੍ਹਿਆਂ, ਸਗੋਂ ਬਚਪਨ ਮਗਰੋਂ ਉਮਰ ਦੇ ਸਭ ਵਰ੍ਹਿਆਂ ‘ਚ ਹੀ, ਹਫਤੇ ਵਿਚ ਘੱਟੋ-ਘੱਟ 5 ਦਿਨ, ਤੇ ਹਰ ਉਸ ਦਿਨ ਘੱਟੋ-ਘੱਟ ਅੱਧਾ ਘੰਟਾ, ਇੰਜ ਦੀ ਸਰੀਰਕ ਗਤੀਵਿਧੀ ਜ਼ਰੂਰੀ ਹੈ। ਇਸ ਦੇ ਲਾਭ ਬਹੁਤ ਨੇ: ਦਿਲ, ਦਿਮਾਗ, ਮਨ, ਸਭਨਾਂ ਵਾਸਤੇ।

ਪਟੜੀ ਦੇ ਸਿਖਰ ‘ਤੇ ਪੁੱਜ ਕੇ ਵੇਖਦਾ ਹਾਂ ਕਿ ਅਸਲ ਵਿਚ ਇਹ ਕਲੋਨੀ ਬਣੀ ਹੀ ਇਕ ਪਹਾੜੀ ‘ਤੇ ਹੈ, ਤੇ ਉਸਾਰੀ ਦੀ ਚਪੇਟ ਤੋਂ ਬਚ ਗਈ ਅੱਧੀ ਪਹਾੜੀ ਵਾਹਵਾ ਹਰੀ ਹੈ। ਉਹ ਚੋਖਾ ਚਿਰ ਪਹਿਲਾਂ ਪੜ੍ਹੀ ਤੇ ਮਨ ’ਚ ਸਦਾ ਲਈ ਉਕਰੀ ਗਈ ਇਕ ਨਿੱਕੀ ਕਵਿਤਾ - ਉਹਦੇ ਰਹੱਸਮਈ ਬਿੰਬ ਕਾਰਨ - ਦੀ ਯਾਦ ਦਿਵਾਉਂਦੀ ਹੈ: “ਐਸੇ ਮਤ ਮੁਸਕਰਾਓ ਜੈਸੇ ਹਰੀ ਪਹਾੜੀ ਪੇ ਬਾਦਲ, ਲੋਗ ਜਾਨ ਜਾਏਂਗੇ ਕਿ ਹਮ ਪ੍ਰੇਮੀ ਹੈਂ।” ਚੁਫੇਰੇ ਦੂਰ ਤਕ ਦਿਸਦਾ ਸਾਰਾ ਇਲਾਕਾ ਉਚਾ-ਨੀਵਾਂ, ਅਰਧ-ਪਹਾੜੀ ਹੈ; ਘਰ, ਕਲੋਨੀਆਂ, ਪਿੰਡ, ਤੇ ਵਿਚ ਵਿਚਾਲੇ ਖੇਤ ਤੇ ਫਲਾਂ ਦੇ ਬਾਗ ਦਿਸਦੇ ਨੇ। ਇਸ ਕਲੋਨੀ ਦੇ ਇਕਸਾਰ ਘਰਾਂ ਦੀਆਂ ਛੱਤਾਂ ਹਲਕੇ ਭੂਰੇ-ਲਾਲ ਰੰਗ ਦੀਆਂ ਟਾਈਲਾਂ ਵਾਲੀਆਂ ਤਿਕੋਣੀਆਂ, ਢਾਲਵੀਆਂ ਨੇ, ਜਿਵੇਂ ਕਿ ਅਕਸਰ ਪਹਾੜੀ ਘਰਾਂ ਦੀਆਂ ਹੁੰਦੀਆਂ ਨੇ।

ਪਟੜੀ ਦੇ ਸਿਖਰ ਤੋਂ ਮੈਂ ਖੱਬੇ ਹੱਥ ਇਕ ਤਿੱਖਾ ਮੋੜ ਮੁੜਦਾਂ ਤਾਂ ਪਟੜੀ ਹਲਕੀ ਉਤਰਨ, ਫਿਰ ਚੜ੍ਹਨ ਲੱਗਦੀ ਹੈ। ਪਟੜੀ ਨਾਲ ਖੱਬੇ ਹੱਥ, ਤੇ ਸੱਜੇ ਹੱਥ ਸੜਕ ਦੇ ਪਾਰ, ਸਭ ਘਰਾਂ ਦੇ ਬਾਹਰ ਸੰਭਾਲੇ ਹੋਏ ਨਿੱਕੇ ਬਗੀਚੇ, ਤੇ ਆਮ ਵਾਂਗ, ਵੱਡੀਆਂ ਗੱਡੀਆਂ ਖੜ੍ਹੀਆਂ ਨੇ। ਪਿਛਲੀ ਅੱਧਸਦੀ ਦੌਰਾਨ, ਆਮ ਅਮਰੀਕੀ ਘਰ, ਰੈਫਰਿਜਰੇਟਰ, ਮਾਈਕ੍ਰੋਵੇਵ, ਗੈਸ ਚੁੱਲ੍ਹੇ, ਏ.ਸੀ. ਤੇ ਕਾਰ ਦਾ ਆਕਾਰ, ਮੀਟ ਦੀ ਵਰਤੋਂ ਆਦਿ, ਊਰਜਾ ਦੀ ਖਪਤ, ਬਹੁਤ ਤੇਜ਼ੀ ਨਾਲ ਅਤੇ ਜ਼ਿਆਦਾ ਵਧੇ ਨੇ। ਇਹ ਵੱਡਾ ਕਾਰਨ ਹੈ ਕਿ ਦੁਨੀਆ ਦੇ ਕਰੀਬ 190 ਮੁਲਕਾਂ ‘ਚੋਂ ਅਮਰੀਕਾ, ਵਾਤਾਵਰਣ ਪ੍ਰਦੂਸ਼ਣ ਫੈਲਾਉਣ ਵਾਲੇ ਸੱਰੇ-ਫ਼ਹਿਰਿਸਤ ਮੁਲਕਾਂ ‘ਚ ਹੈ: ਚੀਨ ਨੰਬਰ 1, ਅਮਰੀਕਾ ਨੰਬਰ 2, ਭਾਰਤ ਨੰਬਰ 3। ਏਥੇ ਇਹ ਯਾਦ ਦਿਵਾਉਣਾ ਜ਼ਰੂਰੀ ਹੈ ਕਿ ਚੀਨ ਤੇ ਭਾਰਤ ਦੀ ਅਬਾਦੀ ਅਮਰੀਕਾ ਤੋਂ ਕਈ ਗੁਣਾ ਵੱਧ ਹੈ। ਇਕ ਔਸਤ ਅਮਰੀਕੀ ਇਕ ਔਸਤ ਭਾਰਤੀ ਤੋਂ 40 ਗੁਣਾ ਵੱਧ ਊਰਜਾ ਖਪਤ ਕਰਦਾ ਹੈ।

ਮੇਰੇ ਸੱਜੇ ਪਾਸਿਉਂ, ਪਟੜੀ ਕੋਲ ਲਾਏ ਇਕ ਨਿੱਕੇ ਰੁੱਖ ਤੋਂ ਅਚਾਨਕ ਇਕ ਪੰਛੀ ਉਡਿਆ ਹੈ। ਉਹਦੀ ਖਾਸ ਉਡਾਣ, ਤੇ ਨਿੱਕੇ, ਬਹੁਤ ਨਿੱਕੇ, ਅੰਗੂਠੇ ਕੁ ਜਿੰਨੇ ਆਕਾਰ ਤੋਂ ਮੈਂ ਇਕਦਮ ਉਹਨੂੰ ਪਛਾਣ ਲਿਆ ਹੈ: ਹੰਮਿੰਗਬਰਡ। ਕੁਦਰਤ ਦੇ ਇਸ ਕ੍ਰਿਸ਼ਮੇ ਨੂੰ ਵੇਖਣ ਵਾਸਤੇ ਮੈਨੂੰ ਅਮਰੀਕਾ ਆਉਣਾ ਪੈਂਦਾ ਹੈ ਕਿਉਂਕਿ ਇਹ ਮਿਲਦਾ ਹੀ ਉੱਤਰੀ ਅਤੇ ਦੱਖਣੀ ਅਮਰੀਕਾ ਮਹਾਂਦੀਪਾਂ ‘ਚ ਹੈ! ਕਬੂਤਰ, ਘੁੱਗੀਆਂ, ਕਾਂ, ਘਰੇਲੂ ਚਿੜੀਆਂ, ਜੰਗਲੀ ਬੱਤਖਾਂ, ਹੰਸ ਤੇ ਹੋਰ ਅਨੇਕ ਪੰਛੀ ਤੁਹਾਨੂੰ ਕਈ ਵੱਖ ਮਹਾਂਦੀਪਾਂ ‘ਚ ਦਿਸ ਜਾਣਗੇ, ਪਰ ਹੰਮਿੰਗਬਰਡ ਨਹੀਂ। ਮੈਂ ਕਈ ਵਾਰ ਬਹੁਤ ਹੈਰਾਨ ਹੁੰਦਾ ਹਾਂ ਕਿ ਭਾਰਤ ਸਮੇਤ ਏਸ਼ੀਆ ਦੇ ਕਈ ਹਿੱਸਿਆਂ ਦਾ ਮੌਸਮ, ਭੂਗੋਲ, ਬਨਸਪਤੀ, ਫੁੱਲ ਆਦਿ ਅਮਰੀਕਾ ਮਹਾਂਦੀਪ ਦੇ ਕਈ ਹਿੱਸਿਆਂ ਜਿਹੇ ਨੇ, ਪਰ ਏਥੇ ਹੰਮਿੰਗਬਰਡ ਨਹੀਂ ਹੁੰਦੇ। ਇਹਦਾ ਰਾਜ਼ ਕ੍ਰਮਵਿਕਾਸ ਦੇ ਗਹਿਰੇ ਰਹੱਸਾਂ: ਮੌਕਾਮੇਲ, ਕੁਦਰਤੀ ਚੋਣ, ਜਿਨੈਟਿਕ ਮਿਊਟੇਸ਼ਨ, ਮਹਾਂਦੀਪਾਂ ਦਾ ਸਰਕਣਾ ਆਦਿ ‘ਚ ਛਿਪਿਆ ਹੈ। ਜਿਉਂ ਲੀਮਰ ਸਿਰਫ ਮਡਗਾਸਕਰ ਤੇ ਕੰਗਾਰੂ ਸਿਰਫ ਆਸਟ੍ਰੇਲੀਆ ਵਿਚ ਹੁੰਦੇ ਨੇ।

ਏਸ਼ੀਆ ਤੇ ਅਫਰੀਕਾ ‘ਚ ਇੰਜ ਦੇ ਪੰਛੀ, ਸੰਨਬਰਡ ਮਿਲਦੇ ਨੇ, ਕਿਉਂਕਿ ਉਹ ਵੀ ਉਸੇ ਤਰ੍ਹਾਂ ਦੀ ਲੱਖਾਂ ਵਰ੍ਹੇ ਲੰਮੀ ਵਿਕਾਸ-ਉਤਪਤੀ ‘ਚੋਂ ਵਿਕਸਤ ਹੋ ਕੇ ਆਏ ਨੇ, ਪਰ ਉਹ ਆਕਾਰ ‘ਚ ਵੱਡੇ ਹੁੰਦੇ, ਤੇ ਹਮਿੰਗਬਰਡ’ਜ਼ ਦੀ ਮੁਹਾਰਤ ਨਾਲ ਫੁੱਲਾਂ ‘ਤੇ ਮੰਡਲਾਅ ਨਹੀਂ ਸਕਦੇ। ਉਨ੍ਹਾਂ ਨਾਲ ਇਨ੍ਹਾਂ ਦੀ ਕੋਈ ਰਿਸ਼ਤੇਦਾਰੀ ਵੀ ਨਹੀਂ। ‘ਪਰਪਲ ਸੰਨਬਰਡ’ ਨਾਂ ਦੀ, ਤਲਵਾਰ ਜਿਹੀ ਮੁੜੀ ਤੇ ਲੰਮੀ ਚੁੰਝ ਵਾਲੀ ਇਕ ਨਿੱਕੀ ਜਾਮਨੀ-ਕਾਲੀ ਚਿੜੀ ਅੰਮ੍ਰਿਤਸਰ ਸਾਡੇ ਘਰ ਅਕਸਰ ਕਨੇਰ ਦੇ ਫੁੱਲਾਂ ਦਾ ਸ਼ਹਿਦੀ-ਮਿੱਠਾ ਰਸ ਪੀਣ ਆਉਂਦੀ ਹੈ।



ਹੰਮਿੰਗਬਰਡ’ਜ਼ ਨੂੰ ਮੈਂ ਡਿਸਕਵਰੀ, ਨੈਸ਼ਨਲ ਜੀਓਗਰਾਫਿਕ ਤੇ ਐਨੀਮਲ ਪਲੈਨੇਟ ਆਦਿ ਚੈਨਲਾਂ ‘ਤੇ ਕਈ ਵਾਰ ਤੱਕਿਆ ਹੈ। ਇਨ੍ਹਾਂ ਦੇ ਲਾਲ, ਪੀਲੇ, ਨੀਲੇ, ਸੁਰਮਈ, ਬਿਲੰਬਰੀ, ਗੁਲਾਬੀ, ਭੂਰੇ, ਸੁਨਹਿਰੀ ਤੇ ਬਦਾਮੀ ਆਦਿ ਝਿਲਮਿਲਾਉਂਦੇ ਪਰਾਂ ਨੂੰ ਤੱਕਦਿਆਂ ਤੁਹਾਡੇ ਕੋਲ ਰੰਗਾਂ ਦੇ ਨਾਂ ਮੁੱਕ ਜਾਣਗੇ। ਉਨ੍ਹਾਂ ਪਰਾਂ ਦੀ ਇਹ ਵੀ ਖਾਸੀਅਤ ਹੈ ਕਿ ਹਰ ਵੱਖਰੇ ਕੋਣ ਤੋਂ, ਤੇ ਧੁੱਪ-ਛਾਂ ਦੇ ਹਿਸਾਬ ਨਾਲ, ਉਹ ਵੱਖਰੇ ਰੰਗਾਂ-ਭਾਹਾਂ ’ਚ ਝਿਲਮਿਲਾਉਂਦੇ ਨੇ - ਜਿਉਂ ਸਵੇਰ ਦੀ ਤਿਰਸ਼ੀ ਧੁੱਪ ’ਚ ਪੱਤੇ ਦੀ ਨੋਕ ‘ਤੇ ਅਟਕਿਆ ਮੋਟਾ ਤ੍ਰੇਲ-ਤੁਪਕਾ, ਵੇਖਣ ਦਾ ਕੋਣ ਜ਼ਰਾ ਕੁ ਬਦਲਣ ‘ਤੇ ਵੱਖ ਰੰਗਾਂ ’ਚ ਚਮਕਣ ਲੱਗਦਾ ਹੈ। ਸੰਘਣੇ ਜੰਗਲ ਦੀ ਹਰੀ-ਸਾਉਲੀ ਧੁੱਪ-ਛਾਂ ’ਚ, ਕਿਸੇ ਹੰਮਿੰਗਬਰਡ ਦਾ ਕਿਸੇ ਫੁੱਲ ‘ਤੇ ਮੰਡਲਾਉਂਦਿਆਂ ਦਾ ਤਸੱਵੁਰ ਤਾਂ ਕਰੋ! ਇਹ ਜੰਗਲ ਦੇ ਉੱਡਦੇ ਹੀਰੇ ਨੇ।

ਇਨ੍ਹਾਂ ਦੀ ਸੀਰਤ ਇਨ੍ਹਾਂ ਦੀ ਸੂਰਤ ਤੋਂ ਵੀ ਵੱਧ ਕਮਾਲ ਹੈ। ਮਹਿਜ਼ 2 ਤੋਂ 7-8 ਗ੍ਰਾਮ ਭਾਰਾ - ਹਾਂ, ਔਸਤਨ 5 ਗ੍ਰਾਮ ਭਾਰਾ - ਖਾਂਦੇ-ਪੀਂਦੇ ਘਰਾਂ ਦੀਆਂ ਤ੍ਰੀਮਤਾਂ ਦੀਆਂ ਸੋਨੇ ਦੀਆਂ ਚੇਨੀਆਂ ਅਕਸਰ 20-25 ਗ੍ਰਾਮ ਦੀਆਂ ਹੁੰਦੀਆਂ ਨੇ - ਇਹ ਪੰਛੀ ਉੱਡਣ-ਮੁਹਾਰਤ ਦੀ ਸਿਖਰ ਛੋਹ ਚੁੱਕਿਆ, ਉਡਾਰੂਆਂ ‘ਚ ਚੈਂਪੀਅਨ ਹੈ। ਇਹ ਇਕ ਬਿੰਦੂ ‘ਤੇ ਮੰਡਲਾਅ ਤਾਂ ਸਕਦਾ ਹੀ, ਪਿਛਾਂਹ ਨੂੰ, ਪਿੱਠ ਭਰਨੇ ਵੀ ਉੱਡ ਸਕਦਾ, ਕੁਝ ਪ੍ਰਜਾਤੀਆਂ ਤਾਂ ਹਰ ਵਰ੍ਹੇ ਕੈਨੇਡਾ ਤੋਂ ਮੱਧ ਦੱਖਣੀ ਅਮਰੀਕਾ ਦਾ, ਖੁੱਲ੍ਹੇ ਸਮੁੰਦਰ, ਮੈਕਸਿਕੋ ਦੀ ਖਾੜੀ ਤੋਂ ਦੀ, ਬਿਨਾਂ ਰੁਕੇ ਹਜ਼ਾਰ ਤੋਂ ਵੱਧ ਕਿਲੋਮੀਟਰ ਦਾ ਪਰਵਾਸ ਕਰਦਾ ਹੈ। Aeronautical ਇੰਜੀਨੀਅਰਾਂ ਨੇ ਇਹਦੀ ਇਸ ਮੁਹਾਰਤ ਤੋਂ ਬਹੁਤ ਵਿਕਸਤ ਉੱਡਣ-ਮਸ਼ੀਨਾਂ ਬਣਾਉਣ ਲਈ ਮਦਦ ਲਈ ਹੈ।

ਪਰ ਇਸ ਕਮਾਲ ਦੀ ਉੱਡਣ-ਮੁਹਾਰਤ ਦੀ ਇਸ ਅਤਿ ਸੋਹਣੇ ਪੰਛੀ ਨੂੰ ਕੀਮਤ ਚੁਕਾਉਣੀ ਪਈ/ਪੈ ਰਹੀ ਹੈ। ਦਰਅਸਲ ਲੱਖਾਂ, ਸ਼ਾਇਦ ਕਰੋੜਾਂ ਵਰ੍ਹਿਆਂ ਦੌਰਾਨ, ਇਹਦੀ ਚੁੰਝ ਤੇ ਸਰੀਰ ਦੇ ਆਕਾਰ, ਤੇ ਉੱਡਣ ਦੀ ਮੁਹਾਰਤ ਦਾ ਕ੍ਰਮਵਿਕਾਸ ਉਨ੍ਹਾਂ ਫੁੱਲਾਂ ਦੇ ਆਕਾਰਾਂ ਤੇ ਰੁੱਖਾਂ-ਝਾੜੀਆਂ ‘ਤੇ ਉਨ੍ਹਾਂ ਦੀਆਂ ਸਥਿਤੀਆਂ ਦੇ ਹਿਸਾਬ ਨਾਲ ਹੋਇਆ ਹੈ ਜਿਨ੍ਹਾਂ ਦਾ ਇਹ ਰਸ ਪੀਂਦਾ ਹੈ। ਤੇ ਫੁੱਲਰਸ ਤੇ ਕੁਝ ਨਿੱਕੇ ਕੀਟ-ਪਤੰਗਿਆਂ ਤੋਂ ਇਲਾਵਾ ਇਹਦੇ ਭੋਜਨ ਵਿਚ ਹੋਰ ਕੁਝ ਸ਼ਾਮਲ ਨਹੀਂ। ਇਸ ਹਿਸਾਬ ਨਾਲ ਇਹ ਕੁਦਰਤ ਦਾ super-specialist ਪੰਛੀ ਹੈ, ਘਰੇਲੂ ਚਿੜੀ ਜਿਹਾ generalist ਨਹੀਂ। ਸੋ ਕੁਝ ਖਾਸ ਫੁੱਲ ਖਤਮ ਤਾਂ ਇਹਦੀਆਂ ਕੁਝ ਪ੍ਰਜਾਤੀਆਂ ਖਤਮ। ਐਮੇਜ਼ੋਨ ਦੇ ਜੰਗਲਾਂ ਵਿਚ ਇਹੀ ਤਾਂ ਹੋਇਆ/ਹੋ ਰਿਹਾ ਹੈ। ਕੁਦਰਤ ਦੀ ਅਨੰਤ “survival of the fittest” ਦੀ ਖੇਡ ’ਚ ਇਹ ਪੰਛੀ ਪਿੱਛੇ ਰਹਿ ਗਿਆ ਹੈ।

ਕੁਦਰਤ ਨਹੀਂ ਸੀ ਜਾਣਦੀ, ਜਾਣ ਸਕਦੀ, ਕਿ ਡਾਇਨਾਸੌਰਾਂ ਦੀ ਵਿਲੁਪਤੀ ਮਗਰੋਂ ਧਰਤੀ ‘ਤੇ Homo sapiens ਨਾਂ ਦੀ ਇਕ ਪ੍ਰਜਾਤੀ ਆਏਗੀ ਜਿਹੜੀ ਧਰਤੀ ਗ੍ਰਹਿ ਦੇ ਜੀਵਾਂ ਵਾਸਤੇ ਉਸ ਉਲਕਾ-ਪਿੰਡ ਤੋਂ ਵੀ ਵੱਧ ਘਾਤਕ ਹੋਏਗੀ ਜਿਹਨੇ ਡਾਇਨਾਸੌਰਾਂ ਸਮੇਤ ਧਰਤੀ ਤੋਂ 99% ਤੋਂ ਵੱਧ ਪ੍ਰਜਾਤੀਆਂ ਦਾ ਸਫਾਇਆ ਕਰ ਦਿੱਤਾ ਸੀ।

### ਪਿੰਡ ਡਾਲੀਆ ਤੇ ਸ਼ਹਿਰ ਹੋਲਿਸਟਰ, ਕਿੰਨੀ ਦੂਰ, ਕਿੰਨੀ ਨੇੜੇ !

ਹੰਮਿੰਗਬਰਡ ਨੂੰ ਪਿੱਛੇ ਛੱਡ ਮੈਂ ਖੱਬੇ ਹੱਥ ਮੁੜ ਸ਼ਹਿਰ ਦੀ ਇਕ ਮੁੱਖ ਸੜਕ ਦੀ ਪਟੜੀ ‘ਤੇ ਤੁਰਨ ਲੱਗਾ ਹਾਂ। ਪਹਾੜੀ ‘ਤੇ ਅਜੇ ਬਚੀ ਇਕ ਨਿੱਕੀ ਖਾਲੀ ਥਾਂ ਕੋਲੋਂ ਗੁਜ਼ਰ ਰਿਹਾ ਹਾਂ ਜਿਸ ‘ਤੇ ਲੱਗੀ ਫੱਟੀ ‘ਤੇ ਖਤਰਨਾਕ ਲਾਲ ਅੱਖਰਾਂ ਚ ਲਿਖਿਆ ਹੈ: No Public Access. ਪਰ ਪਟੜੀ ‘ਤੇ ਤੁਰਦਾ ਮੈਂ ਮੇਰੇ ਅਣਜਾਣ ਉਸ ਨਿੱਕੇ ਜੰਗਲੀ ਰੁੱਖ ਨੂੰ ਅੱਖ ਭਰ ਤੱਕ ਸਕਦਾ ਹਾਂ ਜਿਹਦੀਆਂ ਬੇਪੱਤਾ ਟਹਿਣੀਆਂ ਹਲਕੀ ਗੁਲਾਬੀ ਰੰਗਤ ਵਾਲੇ ਸਫੈਦ ਫੁੱਲਾਂ ਨਾਲ ਭਰੀਆਂ ਨੇ; ਕਚੂਰ ਹਰੇ ਲੰਮੇ ਸੰਘਣੇ ਘਾਹ ਹੇਠ ਛਿਪੀ ਪਹਾੜੀ ਦੀ ਵੱਖੀ ‘ਤੇ ਢਾਲਵਾਂ ਖੜ੍ਹੇ, ਮੇਰੇ ਅਣਜਾਣੇ, ਆਪਣੀ ਤਰ੍ਹਾਂ ਦੇ ਇਕੋ ਇਕ (ਆਹ! ਕਿੰਨਾ ਇਕੱਲਾ) ਵਿਸ਼ਾਲ ਰੁੱਖ ਨੂੰ ਵੇਖ ਸਕਦਾ ਹਾਂ ਜਿਹਦੀਆਂ ਸੰਘਣੀਆਂ, ਲਗਭਗ ਜ਼ਮੀਨ ਛੋਂਹਦੀਆਂ ਟਹਿਣੀਆਂ ਨੇ ਉਹਦੇ ਮੋਟੇ ਤਣੇ ਦੁਆਲੇ ਝੁਰਮਟ ਪਾਇਆ ਹੋਇਆ ਹੈ, ਜਿਉਂ ਉਸ ਪਹਾੜੀ ‘ਤੇ ਇਕੋ ਬਚੇ ਉਹਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹੋਣ। ਇਨ੍ਹਾਂ ਦ੍ਰਿਸ਼ਾਂ ਨੂੰ ਤਾਂ ਕੋਈ ਆਰਥਿਕ ਦਿਓ ਮੈਥੋਂ ਖੋਹ ਨਹੀਂ ਸਕਦਾ।

ਓਥੇ ਭਰਪੂਰ ਉੱਗੀਆਂ ਬੂਟੀਆਂ, ਝਾੜੀਆਂ ਤੇ ਫੁੱਲਾਂ ਨੂੰ ਨਿਹਾਰ ਸਕਦਾ ਹਾਂ। ਉਸ ਹਲਕੀ ਮਹਿਕ ਨੂੰ ਸੁੰਘ ਸਕਦਾ ਹਾਂ ਜਿਹੜੀ ਕੋਸੀ ਤੋਂ ਹੁਣ ਗਰਮ ਹੁੰਦੀ ਹਵਾ ‘ਚ ਸਾਹ ਲੈਂਦੇ ਅਸੰਖ ਪੱਤੇ ਆਕਸੀਜਨ ਸਮੇਤ ਹਵਾ ‘ਚ ਘੋਲ ਰਹੇ ਨੇ। (ਤਿੰਨ ਕੁ ਹਫਤਿਆਂ ਮਗਰੋਂ ਇਕ ਕੂਲੀ ਸੀਤ ਸ਼ਾਮ ਮੈਂ ਏਥੋਂ ਦੀ ਗੁਜ਼ਰਨਾ ਤਾਂ ਮਹਿਕ ਹੋਰ ਤਰ੍ਹਾਂ ਦੀ ਹੋਣੀ ਹੈ; ਸਗੋਂ ਕਲੋਨੀ ਦਾ ਚੱਕਰ ਲਾਉਂਦਿਆਂ ਮਹਿਸੂਸ ਹੁੰਦੀਆਂ ਹੋਰ ਮਹਿਕਾਂ ਵੀ ਪਹਿਲੀਆਂ ਨਾਲੋਂ ਵੱਖਰੀਆਂ ਹੋਣੀਆਂ ਨੇ; ਉਦੋਂ ਬਹਾਰ ਦਾ ਆਗਮਨ ਹੋ ਗਿਆ ਹੋਣਾ ਹੈ।) ਹਰ ਜੰਗਲੀ ਥਾਂ, ਹਰ ਘਾਹ ਦੇ ਮੈਦਾਨ, ਹਰ ਛੰਭ, ਜੂਹ, ਨਦੀ, ਤੇ ਢਾਬ ਕਿਨਾਰੇ ਦੀ ਆਪਣੀ ਵੱਖਰੀ ਮਹਿਕ ਹੁੰਦੀ ਹੈ। ਪਹਾੜਾਂ ‘ਚ ਚੀੜ੍ਹ ਜਾਂ ਦੇਉਦਾਰ ਦੇ ਜੰਗਲ ‘ਚੋਂ ਗੁਜ਼ਰਦਿਆਂ ਸਾਡੇ ‘ਚੋਂ ਕਈਆਂ ਨੇ ਇਹਨੂੰ ਮਹਿਸੂਸ ਕੀਤਾ ਹੋਏਗਾ; ਤਾਜ਼ੇ ਕੱਟੇ ਘਾਹ ਦੀ ਖੁਸ਼ਬੂ ਦਾ ਤਾਂ ਹਰ ਕੋਈ ਵਾਕਿਫ ਹੈ।

ਇੰਜ ਦੀਆਂ ਥਾਂਵਾਂ ਤੋਂ ਗੁਜ਼ਰਦਿਆਂ ਇਕ ਹੋਰ ਗੱਲ ਮੈਨੂੰ ਬਹੁਤ ਹੈਰਾਨ ਕਰਦੀ ਹੈ।

ਕਿੱਥੇ ਗੁਰਦਾਸਪੁਰ ਜ਼ਿਲ੍ਹੇ, ਪੰਜਾਬ, ਭਾਰਤ, ਏਸ਼ੀਆ ਮਹਾਂਦੀਪ ਦੇ ਇਕ ਨਿੱਕੇ ਪਿੰਡ ਡਾਲੀਆ ਦੀਆਂ ਪੈਲੀਆਂ ਤੇ ਕਿੱਥੇ ਹੋਲਿਸਟਰ, ਕੈਲਿਫੋਰਨੀਆ, ਯੂ.ਐਸ.ਏ, ਉੱਤਰੀ ਅਮਰੀਕਾ ਮਹਾਂਦੀਪ ਦੀ ਇਕ ਪਹਾੜੀ ਦੀ ਖਾਲੀ ਥਾਂ! ਸੱਤ ਸਮੁੰਦਰਾਂ, ਸੱਤ ਧਰਤੀ-ਖੰਡਾਂ ਤੋਂ ਵੱਧ ਦਾ ਫਾਸਲਾ। ਡੇਢ ਮਹੀਨੇ ਦੀ ਸਮੁੰਦਰੀ, ਤੇ ਦਿੱਲੀ ਤੋਂ 15-16 ਘੰਟੇ ਲਗਾਤਾਰ ਹਵਾਈ ਯਾਤਰਾ ਦਾ ਫਾਸਲਾ। ਪਰ ਦੋਹੇਂ ਥਾਂਈਂ ਬਨਸਪਤੀਆਂ ਉਹੀ, ਜਾਂ ਲਗਭਗ ਉਹੀ। ਉਹੀ ਕਣਕਾਂ ‘ਚ ਉੱਗਣ ਵਾਲੀ ਬੂਟੀ ਜਮੰਧਰ (ਜਿਹਦੇ ਬਾਰੇ ਮੈਨੂੰ ਬਾਅਦ ‘ਚ ਪਤਾ ਚੱਲਣਾ ਕਿ ਉਹ ਜੰਗਲੀ ਓਟ’ਸ (wild oats) ਨੇ; ਤੇ ਜਿਹਦੇ ਬੀਜ, ਪੰਛੀਆਂ ਜਾਂ ਪਸ਼ੂਆਂ ਦੁਆਰਾ ਖਾਧੇ ਜਾਣ ਤੋਂ ਬਚਣ ਲਈ, ਆਪਣੀਆਂ ਲੰਮੀਆਂ, ਤੀਲਿਆਂ ਜਿਹੀਆਂ “ਲੱਤਾਂ” ਨਾਲ “ਤੁਰਦੇ”, ਜ਼ਮੀਨ ‘ਚ ਝੀਥਾਂ ਜਾਂ ਸੁਰਾਖਾਂ ‘ਚ ਲੁਕ ਜਾਂਦੇ ਨੇ) ਜਿਹੜੀ ਅਸੀਂ ਬਚਪਨ ‘ਚ ਕਣਕ ਦੀ ਗੋਡੀ ਕਰਦਿਆਂ ਡੰਗਰਾਂ ਲਈ ਰੱਖ ਲਿਆ ਕਰਦੇ ਸਾਂ। ਉਹੀ ਕਣਕਾਂ ਵਿਚ ਗੁਲਾਬੀ-ਜਾਮਨੀ ਨਿੱਕੇ ਫੁੱਲਾਂ ਵਾਲੀ ਬੇਨਾਮ ਬੂਟੀ ਜਿਹੜੀ ਗੋਡੀ ਕਰਨ ‘ਤੇ ਕੱਢਣ ਮਗਰੋਂ ਮਿੰਟਾਂ ‘ਚ ਆਪਣੇ ਫੁੱਲਾਂ ਸਮੇਤ ਉਦਾਸ ਕਰਦੀ ਮੁਰਝਾਅ ਜਾਇਆ ਕਰਦੀ ਸੀ। ਉਹੀ ਸੌਂਚਲ ਜਿਹੜੀ ਸਾਡੇ ਪਿੰਡ ਦੀਆਂ ਰੂੜੀਆਂ ਤੇ ਹੋਰ ਜੰਗਲੀ ਥਾਂਵਾਂ ‘ਤੇ ਭਰਪੂਰ ਉੱਗਿਆ ਕਰਦੀ, ਤੇ ਜਿਹਦੀ ਪਿੰਡ ਨਾਲ ਦੇ ਕਸਬੇ ਦੀਨਾਨਗਰ ‘ਚ ਕਿਸੇ ਦੇਸੀ ਦਵਾਈ ‘ਚ ਵਰਤੇ ਜਾਣ ਲਈ ਮੰਗ ਹੁੰਦੀ ਸੀ। ਉਹੀ ਮੈਨਾ ਜਿਹਨੂੰ ਪਿੰਡ ਸਾਡੇ ਬਚਪਨ ਵੇਲੇ ਕਦੇ ਕਦੇ ਮਾਂ ਆਲੂਆਂ ਵਿਚ ਮਿਲਾ ਭੁਰਜੀ ਬਣਾਇਆ ਕਰਦੀ ਸੀ (ਜਿਨ੍ਹਾਂ ਨੂੰ ਇਸ ਦਾ ਪਤਾ ਹੈ, ਉਹ ਅਮਰੀਕਾ ‘ਚ ਵੀ ਇਹ ਭੁਰਜੀ ਬਣਾਉਂਦੇ ਨੇ।) ਉਹੀ ਏਥੇ ਹੁਣ ਜੰਗਲੀ ਹੋ ਚੁੱਕੀ ਸਰ੍ਹੋਂ ਦੇ ਸਰ੍ਹੋਂ-ਪੀਲੇ, ਤੇ ਜੰਗਲੀ ਹੋ ਚੁੱਕੀਆਂ ਮੂਲੀਆਂ ਦੇ ਸਫੈਦ ਫੁੱਲ। ਉਹੀ ਹਰੇ ਘਾਹ ‘ਚ ਖਿੜੇ ਗੂੜ੍ਹੇ ਪੀਲੇ ਨਿੱਕੇ ਸੂਰਜ: ਕਕਰੌਂਦੇ (dandelion)। ਪੰਜਾਬ ‘ਚ ਆਮ ਇਸ ਜੰਗਲੀ ਫੁੱਲ ਨੂੰ ਮੈਂ ਇੰਗਲੈਂਡ ਤੇ ਆਸਟ੍ਰੇਲੀਆ ‘ਚ ਵੀ ਵੇਖਿਆ ਹੈ।

ਕੁਝ ਸਾਲ ਪਹਿਲਾਂ, ਅਮਰੀਕਾ ਵਿਚ ਕੈਲੇਫੋਰਨੀਆ ਆਇਆਂ ਮੈਂ, ਸ਼ਾਇਦ ਕਿਸੇ ਸਕੂਲ ਦੇ ਖੇਡ ਮੈਦਾਨ ‘ਚ, ਉਹੋ ਹਲਕੇ ਪਿਆਜ਼ੀ, ਨਾਜ਼ੁਕ ਜੰਗਲੀ ਫੁੱਲ - ਜਿਨ੍ਹਾਂ ਦੀ ਤੁਲਨਾ ਆਪਣੀ ਇਕ ਕਵਿਤਾ ‘ਚ ਕਦੇ ਮੈਂ ਬੁੱਧ-ਮੰਦਰ ‘ਚ ਜਗਦੇ ਸੈਂਕੜੇ ਦੀਵਿਆਂ ਨਾਲ ਕੀਤੀ ਸੀ - ਵੇਖੇ, ਜਿਹੜੇ ਮੈਂ ਦਹਾਕੇ ਪਹਿਲਾਂ ਫਰੀਦਕੋਟ ਦੇ ਮੈਡੀਕਲ ਕਾਲਜ ਦੇ ਕੈਂਪਸ, ਤੇ ਫਿਰ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਕੈਂਪਸ ਦੀ ਇਕ ਵੀਰਾਨ ਪਈ ਥਾਂ ‘ਤੇ ਵੇਖੇ ਸਨ, ਤੇ ਬਹੁਤ ਹੈਰਾਨ ਹੋਇਆ ਸਾਂ।

ਇਕ ਹੋਰ ਵਾਰ, ਕੈਲੇਫੋਰਨੀਆ ਦੇ ਸਮੁੰਦਰੀ ਕਿਨਾਰਿਆਂ ਦੀਆਂ ਕਈ ਥਾਂਵਾਂ ‘ਚੋਂ ਇਕ ‘ਤੇ ਗਿਆਂ, ਜਦੋਂ ਕਿ ਅਸੀਂ ਸਪਰੂਸ ਜਾਂ ਫ਼ਰ ਜਾਂ ਕੋਸਟਲ ਪਾਈਨ ਦੇ ਇਕ ਸੰਘਣੇ ਜੰਗਲ ‘ਚ ਘੁੰਮ ਰਹੇ ਸਾਂ ਤਾਂ ਅਚਾਨਕ ਮੇਰੀ ਨਜ਼ਰ ਝਾੜੀਆਂ ‘ਚ ਇਕ, ਫਿਰ ਹੋਰ ਕਈ ਥਾਂਵੀਂ ਖਿੜੇ ਗੁਲਾਬੀ-ਜਾਮਨੀ ਫੁੱਲਾਂ ‘ਤੇ ਪਈ। ਉਹ ਇਲਾਹੀ ਸਨ, ਸੁਫਨਿਆਂ ‘ਚ ਵੇਖੇ ਫੁੱਲਾਂ ਜਿਹੇ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਉਹ ਤਾਂ common periwinkle ਦੇ ਫੁੱਲ ਸਨ - ਆਮ, ਪਰ ਮੇਰੇ ਲਈ ਇਲਾਹੀ। ਪਰ ਇਸ ਤੋਂ ਵੱਧ ਅਚੰਭਿਤ ਕਰਨ ਵਾਲੀ ਗੱਲ ਹੋਰ ਹੈ। ਕੈਲੇਫੋਰਨੀਆ ਦੇ ਉਸ ਸਫਰ ਦੇ ਕੁਝ ਸਾਲ ਮਗਰੋਂ, ਅਸੀਂ ਕੁਝ ਦੋਸਤ ਡਲਹੌਜ਼ੀ ਜਾਂਦੇ ਹਿਮਾਚਲ ਪੁੱਜ ਇਕ ਥਾਂ ਕੁਝ ਖਰੀਦਣ ਵਾਸਤੇ ਸੜਕ ਕੰਢੇ ਰੁਕੇ, ਤਾਂ ਜਿਵੇਂ ਕਿ ਮੇਰਾ ਖਾਸਾ ਹੈ, ਮੈਂ ਆਸਾ-ਪਾਸਾ ਨਿਹਾਰਨ ਲਈ ਸੜਕ ਕੰਢੇ ਤੁਰਨ ਲੱਗਾ। ਤੇ ਅਚੰਭਿਆਂ ਦਾ ਅਚੰਭਾ! ਦੇਉਦਾਰਾਂ ਜਾਂ ਸ਼ਾਇਦ ਚੀੜ੍ਹ-ਬਿਰਖਾਂ ਦੇ ਮੁੱਢਾਂ ‘ਚ ਉਹੀ common periwinkle। ਏਥੇ ਧੂੜ ਚ ਅੱਟੇ, ਪਰ ਉਹੀ ਕੈਲੇਫੋਰਨੀਆ ਵਾਲੇ, ਹੂ-ਬ-ਹੂ ਉਹੀ।

**ਸਭ ਕੁਝ ਅਚੰਭਾ ਹੈ**

ਜੇਕਰ ਤੁਸੀਂ ਹੈਰਾਨ ਹੋ ਸਕਦੇ ਹੋ ਤਾਂ ਦੁਨੀਆ ‘ਚ ਅਚੰਭੇ ਹੀ ਅਚੰਭੇ ਨੇ, ਜੇਕਰ ਇਹ ਮਾਦਾ ਤੁਹਾਡੇ ‘ਚ ਨਹੀਂ ਹੈ ਤਾਂ ਤੁਹਾਨੂੰ ਕੁਝ ਵੀ ਹੈਰਾਨ ਨਹੀਂ ਕਰ ਸਕਦਾ। ਪਿਛਾਂਹ ਨੂੰ, ਤੇ ਪਿੱਠ ਭਰਨੇ ਉੱਡਦਾ ਹੰਮਿੰਗਬਰਡ ਵੀ ਨਹੀਂ।

**(ਬਾਕੀ ਅਗਲੇ ਸਫੇ ’ਤੇ)**

# ਗਊ-ਜੱਫੀ ਦਿਵਸ: "ਨ੍ਹਾਤੀ ਧੋਤੀ ਰਹਿ ਗਈ"

ਜਮਾਂਦਰੂ ਦਲਿੱਦਰ-ਨਰੈਣ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਜੰਗ-ਯੁੱਧ ਵਿਚ ਚੱਲਣ ਵਾਲੀਆਂ ਹਾਈ-ਟੈੱਕ ਮਿਸਾਈਲਾਂ ਵਰਗੀ ਫੁਰਤੀ ਦਿਖਾਈ ਅਤੇ ਇਕ ਅੱਛੀ ਨਸਲ ਦੀ ਮਹਿੰਗੀ ਗਊ ਆਪਣੇ ਕਿੱਲੇ 'ਤੇ ਬੰਨ੍ਹ ਬਿਠਾਈ।

ਹੋਇਆ ਐਂ ਕਿ ਦਲਿੱਦਰੀ ਨੂੰ ਕਿਤੋਂ ਪਤਾ ਲੱਗਾ ਕਿ ਕਿਸੇ ਬੋਰਡ ਨੇ ਇਹ ਐਲਾਨ ਕੀਤਾ ਹੈ

ਪ੍ਰੋ. ਜਸਵੰਤ ਸਿੰਘ ਗੰਡਮ

ਕਿ ਐਤਕੀਂ ਪਿਆਰ ਦਾ ਦਿਨ, ਜਾਣੀ 14 ਫਰਵਰੀ ਵਾਲਾ ਵੈਲੇਨਟਾਈਨ ਡੇਅ, 'ਗਊ ਜੱਫੀ ਦਿਵਸ' ਵਜੋਂ ਮਨਾਇਆ ਜਾਵੇਗਾ ਤਾਂ ਕਿ ਗਊ ਮਾਤਾ ਦਾ ਮਾਣ-ਸਤਿਕਾਰ ਹੋਰ ਵਧੇ, ਭਾਰਤੀ ਸਭਿਆਚਾਰ ਹੋਰ ਪ੍ਰਫੁੱਲਤ ਹੋਵੇ ਅਤੇ ਨਿਗੋੜੇ ਪੱਛਮੀ ਸਭਿਆਚਾਰ ਦੇ ਦਰਾਮਦੀ ਪਿਆਰ ਦਿਵਸ ਨੂੰ ਸੱਟ ਮਾਰੀ ਜਾ ਸਕੇ।

ਕੌਮੀ ਪਸ਼ੂ ਭਲਾਈ ਬੋਰਡ (ਦਿ ਐਨੀਮਲ ਵੈੱਲਫੇਅਰ ਬੋਰਡ ਆਫ ਇੰਡੀਆ) ਨਾਂ ਦੀ ਇਸ ਸੰਸਥਾ ਨੇ ਦਲੀਲ ਦਿੱਤੀ ਕਿ ਕਿ ਗਊ ਭਾਰਤੀ ਸਭਿਆਚਾਰ ਅਤੇ ਦਿਹਾਤੀ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹੈ। ਇਹ ਸਰਬਦਾਤੀ ਹੈ ਅਤੇ ਮਾਨਵਤਾ ਨੂੰ ਅਮੀਰੀ ਬਖਸ਼ਦੀ ਹੈ। ਇਸ ਬਾਰੇ ਦਿਵਸ ਮਨਾਉਣ ਨਾਲ ਨਾਗਰਿਕਾਂ ਦੀ ਭਾਵੁਕ ਅਮੀਰੀ ਵਧੇਗੀ ਅਤੇ ਸਥਾਨਕ ਵਿਰਸੇ ਨੂੰ ਪੱਛਮੀ ਸਭਿਆਚਾਰ ਉਪਰ ਪ੍ਰਭੂਤਾ ਮਿਲੇਗੀ।

ਪਰ ਦਲਿੱਦਰੀ ਦੀ ਸਾਰੀ ਚੁਸਤੀ-ਫੁਰਤੀ ਧਰੀ ਧਰਾਈ ਰਹਿ ਗਈ ਜਦ ਬੋਰਡ ਨੇ 'ਡੀ-ਡੇਅ' ਆਉਣ ਤੋਂ ਠੀਕ ਪਹਿਲਾਂ ਆਪਣਾ ਇਹ ਫੁਰਮਾਨ ਵਾਪਿਸ ਲੈ ਲਿਆ। ਦਲਿੱਦਰੀ ਨੂੰ ਇਸ ਦਾ ਕਾਰਨ ਤਾਂ ਨਹੀਂ ਪਤਾ ਲੱਗਾ ਪਰ ਉਸ ਨੇ ਕਿੱਧਰੋਂ ਸੁਣਿਆ ਕਿ ਇਸ ਹਾਸੋ-ਹੀਣੇ ਫੁਰਮਾਨ ਦਾ ਸੋਸ਼ਲ ਅਤੇ ਇਲੈਕਟ੍ਰਾਨਿਕ ਮੀਡੀਆ ਉਪਰ ਡਾਢਾ ਮਖੌਲ ਉਡਾਏ ਜਾਣ ਉਪਰੰਤ ਇਸ ਨੂੰ ਵਾਪਿਸ ਲਿਆ ਗਿਆ।

ਦਲਿੱਦਰੀ ਨਾਲ ਤਾਂ 'ਨ੍ਹਾਤੀ ਧੋਤੀ ਰਹਿ ਗਈ,ਮੂੰਹ/ਨੱਕ 'ਤੇ ਮੱਖੀ ਬਹਿ ਗਈ' ਵਾਲੀ ਹੋਈ। ਜਾਂ ਇਉਂ ਕਹਿ ਲਈਏ ਕਿ 'ਭੱਜ ਭੱਜ ਮੋਈ ਪੇਕੇ ਵੀ ਨਾ ਪਹੁੰਚੀ' ਤੇ ਜਾਂ 'ਭੱਜੀ ਰੀਝ ਨਾਲ ਦੱਬੀ ਦਹਿਲੀਜ਼ ਨਾਲ' ਵਰਗੀ ਵਾਪਰੀ! ਜਾਣੀ 'ਨਾ ਖੁਦਾ ਹੀ ਮਿਲਾ ਨਾ ਵਿਸਾਲੇ ਸਨਮ'!

ਉਸ ਨੇ ਤਾਂ ਯੋਜਨਾ ਬਣਾਈ ਸੀ ਕਿ ਗਊ ਮਾਤਾ ਨੂੰ ਵਾਹਵਾ ਸ਼ਿੰਗਾਰ ਕੇ ਪਿਆਰ-ਪਰੁੱਚੇ ਜਾਂ ਪ੍ਰੇਮ-ਗੜੁੱਚੇ ਜੋੜਿਆਂ ਨੂੰ ਉਸ ਨਾਲ ਖੁੱਲ੍ਹੀਆਂ ਜੱਫੀਆਂ ਪੁਆਏਗਾ ਅਤੇ ਫੋਟੋਆਂ ਖਿਚਵਾ ਖਿਚਵਾ ਖੂਬ ਮਸ਼ਹੂਰੀ ਖੱਟੇਗਾ (ਸ਼ਾਇਦ ਕੁਝ ਖੱਟੀ ਕਮਾਈ ਵੀ ਹੋ ਜਾਏ)। ਉਸ ਨੇ 2003 ਦੀ ਮਸ਼ਹੂਰ ਬੌਲੀਵੁੱਡ ਫਿਲਮ 'ਮੁੰਨਾ ਭਾਈ ਐਮ.ਬੀ.ਬੀ.ਐੱਸ' ਵਿਚ 'ਜਾਦੂ ਕੀ ਜੱਪੀ' ਦਾ ਅਸਰ ਦੇਖਿਆ ਸੀ। ਪਰ ਗਊ-ਜੱਫੀ ਮਾਮਲੇ ਵਿਚ ਉਸ ਦੀ 'ਦਿਲ ਕੀ ਦਿਲ ਹੀ ਮਾਹੇਂ ਰਹੀ'। ਹਾਰ ਕੇ ਉਸ ਨੇ ਆਪ ਹੀ ਜੱਫੀਆਂ ਪਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਪਰ ਇਸ ਦਾ ਅਸਰ ਬੜਾ ਉਲਟਾ ਨਿਕਲਿਆ। ਸ਼ਾਇਦ ਗਾਂ ਨੂੰ ਵੀ ਉਸ ਦੇ ਸਫੇਦ ਵਾਲਾਂ ਤੋਂ ਪਤਾ ਲੱਗ ਗਿਆ ਕਿ ਇਹ ਤਾਂ ਚੱਲਿਆ ਕਾਰਤੂਸ ਹੈ। ਭਲਾ ਥਾਂ ਬਦਲਿਆਂ ਕਦੀ ਫਿਊਜ਼ ਬਲਬ ਵੀ ਜਗਦੇ ਹਨ! ਗਾਂ ਨੇ ਐਸੀ ਛੜ/ਦੁਲੱਤੀ ਮਾਰੀ ਕਿ ਦਲਿੱਦਰੀ ਦੇ 'ਦੂਰ ਦੁਰਾਡੇ' ਤਕ ਸੱਟਾਂ ਲਗੀਆਂ। ਉਪਰੋਂ ਉਸ ਦੀ ਘਰ ਦੀ ਮਾਲਕਣ, ਜਾਣੀ ਪਤਨੀ ਨੇ ਜਦ ਉਸ ਨੂੰ ਇਨ੍ਹਾਂ ਜੱਫੀਆਂ-ਪੱਪੀਆਂ ਦੇ ਚੱਕਰ ਵਿਚ ਦੇਖਿਆ ਤਾਂ ਦੂਰੋਂ ਹੀ ਐਂ ਵੇਲਣ ਵਗਾਹ ਕੇ ਮਾਰਿਆ ਜਿਵੇਂ ਰੂਸ-ਯੂਕਰੇਨ ਵਿਚ ਚਲ ਰਹੀ ਜੰਗ ਵਿਚ ਗੋਲਾ-ਬਾਰੂਦ ਹਾਈ-ਟੈੱਕ ਸਾਧਨਾਂ ਰਾਹੀਂ ਚਲਾਇਆ ਜਾਂਦੈ! ਦੂਰ-ਦੁਰਾਡੇ ਲੱਗੀਆਂ ਸੱਟਾਂ ਹੋਰ ਗਹਿਰੀਆਂ ਹੋ ਗਈਆਂ ਤੇ ਤਰਾਟਾਂ ਪਾਉਣ ਲੱਗ ਪਈਆਂ। 'ਧੌਲਾ ਝਾਟਾ ਸ਼ਰਮ ਦਾ ਘਾਟਾ' ਵਾਲਾ ਅਖਾਣ ਸ੍ਰੀਮਾਨ ਵਰਗੀ ਸ੍ਰੀਮਤੀ ਤੋਂ ਰੂੰਘੇ/ਝੂੰਘੇ ਵਿਚ ਮਿਲ ਗਿਆ।

ਗੱਲ ਐਥੇ ਈ ਨਹੀਂ ਮੁੱਕੀ। ਸਾਡੇ ਐਧਰ ਮੱਝਾਂ ਵਧੇਰੇ ਪਾਲੀਆਂ ਜਾਂਦੀਆਂ ਹਨ। ਅਸੀਂ ਆਪ ਵੀ ਮੱਝਾਂ ਦਾ ਦੁੱਧ ਪੀ ਪੀ ਕੇ ਵੱਡੇ ਹੋਏ ਹਾਂ। ਮੁਰਾਹ ਨਸਲ ਦੀਆਂ ਮੱਝਾਂ ਤਾਂ ਵਿਸ਼ਵ ਪ੍ਰਸਿੱਧ ਹਨ।



ਜਦ ਸਾਡੀ ਪੰਜ-ਕਲਿਆਣੀ (ਜਿਸ ਦੇ ਮੱਥੇ ਅਤੇ ਪੈਰਾਂ ਵਿਚ ਫੁੱਲ ਹੋਣ) ਮੱਝ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਤਾਂ ਤੀਂਗੜ ਗਈ ਅਤੇ ਮਿਲਣੋਂ/ਦੁੱਧ ਦੇਣੋਂ ਹੀ ਇਨਕਾਰੀ ਹੋ ਗਈ। ਜਦ ਅਸੀਂ ਉਸ ਨੂੰ ਚੋਣ ਬੈਠੇ ਤਾਂ ਉਸ ਨੇ ਅੜ੍ਹੰਬਦਿਆਂ ਪਿਛਲੀਆਂ ਦੋਵੇਂ ਲੱਤਾਂ ਮਾਰ ਮਾਰ ਸਾਡਾ ਬੁਥਾੜਾ ਭੰਨ ਦਿੱਤਾ। ਉਸ ਨੂੰ ਇਸ ਗੱਲ ਦਾ ਗੁੱਸਾ ਸੀ ਕਿ ਅਸੀਂ ਦੁੱਧ ਤਾਂ ਉਸ ਦਾ ਪੀਂਦੇ ਹਾਂ ਪਰ ਜੱਫੀ ਦਿਵਸ ਗਾਂ ਦਾ ਮਨਾਉਂਦੇ ਹਾਂ।

ਇੱਥੇ ਸਾਨੂੰ ਇਕ ਮਜ਼ਾਹੀਆ ਪੋਸਟ ਚੇਤੇ ਆ ਗਈ-ਮੱਝ ਦੀ ਦੁੱਖਭਰੀ ਕਹਾਣੀ। ਇਸ ਵਿਚ ਵਿਤਕਰੇ ਤੋਂ ਪੀੜਤ ਮੱਝ ਕੁਝ ਇਸ ਤਰ੍ਹਾਂ ਕਹਿੰਦੀ ਹੈ-'ਬੱਚਾ ਜਦ ਥੋੜਾ ਵੱਡਾ ਹੁੰਦਾ ਤਾਂ ਦੁੱਧ ਮੇਰਾ ਪੀਂਦਾ, ਉਹ ਵੀ ਬੌਰਨਵੀਟਾ ਪਾ ਕੇ। ਪਰ ਨਿਬੰਧ ਲਿਖਣ ਲਈ ਗਾਂ, ਹਾਥੀ ਜਾਂ ਕੁੱਤਾ? ਜੇ ਬੱਚਾ ਲਿਖ ਨਹੀਂ ਸਕਦਾ ਤਾਂ ਕਹਿੰਦੇ-ਕਾਲਾ ਅੱਖਰ ਭੈਂਸ ਬਰਾਬਰ; ਕੀ ਦੂਜੇ ਜਾਨਵਰ ਪੋਸਟ ਗਰੈਜੂਏਟ ਹਨ? ਕੋਈ ਗਲਤੀ ਕਰੇ ਤਾਂ ਲੋਕ ਕਹਿਣਗੇ-ਗਈ ਭੈਂਸ ਪਾਨੀ ਮੇਂ, ਭਲਾ ਬਾਕੀ ਜਾਨਵਰ ਕੀ ਕੋਕਾ ਕੋਲਾ 'ਚ ਜਾਂਦੇ ਹਨ? ਗੋਕੇ ਤਾਂ ਪਾਣੀ ਤੋਂ ਐਂ ਡਰਦੇ ਹਨ ਜਿੱਦਾਂ ਸਾਹਨ ਲਾਲ ਕੱਪੜੇ ਤੋਂ। ਇਹ ਤਾਂ ਮਹਿਰੂ ਹੀ ਹਨ ਜੋ ਪਾਣੀ ਨੂੰ ਦੇਖ ਕੇ ਰੀਝਦੇ ਹਨ। ਫਿਰ ਜੇ ਕੋਈ ਨਾ ਸੁਣੇ ਤਾਂ ਕਹਿਣਗੇ-ਭੈਂਸ ਅੱਗੇ ਬੀਨ ਵਜਾਉਣਾ; ਬਾਕੀਆਂ ਅੱਗੇ ਕੀ ਲਤਾ ਮੰਗੇਸ਼ਕਰ ਦਾ ਗਾਣਾ ਵਜਾਉਂਦੇ ਹਨ? ਅਸੀਂ ਮੱਝਾਂ ਨੇ ਤੁਹਾਡਾ ਕੀ ਵਿਗਾੜਿਆ ਕਿ ਸਾਡੇ ਲਈ ਮੱਝ ਵਰਗੀ ਮੋਟੀ ਅਤੇ ਸਾਡੇ 'ਪਤੀ-ਪ੍ਰਮੇਸ਼ਰਾਂ' ਲਈ 'ਮਹੇਂ ਵਾਂਗ ਮਾਸ ਚੜ੍ਹਿਆ' ਅਤੇ 'ਭੂਸਰਿਆ/ਬਰੂ ਖਾਧਾ ਝੋਟਾ' ਵਰਗੇ ਨਾਂਹ-ਵਾਚੀ ਵਿਸ਼ੇਸ਼ਣ ਵਰਤੇ ਜਾਂਦੇ ਹਨ?

ਜਾਨਵਰੀ ਵਿਤਕਰੇ ਤੋਂ ਗੱਲ ਲ਼ਿੰਗੀ (ਜੈਂਡਰ) ਵਿਤਕਰੇ ਤਕ ਅੱਪੜ ਗਈ। ਬਲਦਾਂ/ਬੈਲਾਂ ਨੂੰ ਬੜਾ ਇਤਰਾਜ਼ ਹੋਇਆ ਕਿ 'ਮਾਦਾ-ਪ੍ਰਧਾਨ ਪਸ਼ੂ-ਸਮਾਜ' ਵਿਚ 'ਨਰ ਨਸਲ' ਨਾਲ ਦੁਜੈਗ ਹੋ ਰਹੀ ਹੈ। ਇਹ ਤਾਂ ਮਾਦਾ-ਮਾਨਸਿਕਤਾ ਦੀ ਸੰਕੀਰਨਤਾ ਦਾ ਪ੍ਰਤੀਕ ਹੋਈ। ਗੁੱਸੇ ਵਿਚ ਆਏ ਬਲਦਾਂ ਨੇ 'ਜੂਲਾ-ਛੋੜ' ਹੜਤਾਲ ਕਰ ਦਿੱਤੀ। ਜੇ ਕਿਸੇ ਨੇ ਕੁਝ ਸਖਤੀ ਕਰਨੀ ਚਾਹੀ ਤਾਂ ਉਹ ਸਿੰਗੋ-ਸਿੰਗੀ ਹੋ ਪਏ। ਚਾਰੇ ਪਾਸੇ ਬਾਂ ਬਾਂ ਹੋਣ ਲੱਗ ਪਈ।

ਕਿਸਾਨਾਂ ਨੇ ਇਸ ਗੱਲੋਂ ਰੋਸ ਪ੍ਰਗਟ ਕੀਤਾ ਕਿ ਹੁਣੇ ਜਿਹੇ ਫੈਲੀ 'ਲਿੰਪੀ ਸਕਿਨ ਡਿਸੀਜ਼' ਵਿਚ ਹਜ਼ਾਰਾਂ/ਲੱਖਾਂ ਗਊਆਂ/ਬੈਲ ਮਰੇ ਅਤੇ ਲੱਖਾਂ ਹੀ ਗਊਆਂ ਦੇ ਇਸ ਬਿਮਾਰੀ ਕਾਰਨ ਦੁੱਧ ਸੁੱਕ ਗਏ। ਕਿਸਾਨਾਂ/ਗਊ ਪਾਲਕਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ। ਚਮੜੀ ਦੀ ਇਸ ਭਿਆਨਕ ਬਿਮਾਰੀ ਤੋਂ ਪੀੜਤ ਆਵਾਰਾ ਗਊਆਂ/ਬਲਦ ਸੜਕਾਂ/ ਮੁਹੱਲਿਆਂ ਵਿਚ ਮਾਰੇ ਮਾਰੇ ਫਿਰਦੇ ਦੇਖੇ ਗਏ; ਕਈ ਰੁਲ ਖੁਲ ਕੇ ਮਰ ਗਏ। ਪਰ ਕੋਈ ਨਾ ਬਹੁੜਿਆ। ਨਾ ਬੋਰਡ ਅਤੇ ਨਾ ਹੀ ਅਖੌਤੀ ਗਊ-ਪ੍ਰੇਮੀ। ਹਜ਼ਾਰਾਂ ਦੀ ਗਿਣਤੀ ਵਿਚ ਗਊ-ਸ਼ਾਲਾਵਾਂ ਦੇ ਹੁੰਦੇ ਸੁੰਦੇ ਭਲਾ ਐਨੀ ਭਾਰੀ ਗਿਣਤੀ ਵਿਚ ਆਵਾਰਾ ਗਊਆਂ/ਬੈਲ ਕਿੱਥੋਂ ਆ ਗਏ?

ਸਾਡੇ ਦੇਸ਼ ਵਿਚ ਗਊ ਬਹੁਗਿਣਤੀ ਵਾਲ਼ੀ ਵਸੋਂ ਵਲੋਂ ਪੂਜੀ ਜਾਂਦੀ ਹੈ। ਇਸ ਨੂੰ ਗਊ ਮਾਤਾ ਦਾ ਦਰਜਾ ਪ੍ਰਾਪਤ ਹੈ। ਦੁੱਧ ਤਾਂ ਦੁੱਧ ਹੋਇਆ ਪਰ ਹੁਣ ਤਾਂ ਗਊ-ਮੂਤਰ ਦਾ ਵੀ ਕਾਰੋਬਾਰ ਹੁੰਦੈ। ਪਰ ਅਸੀਂ ਇਸ ਭੋਲੇ ਜਾਨਵਰ ਨੂੰ ਇਕ ਸਿਆਸੀ ਜੀਵ ਬਣਾ ਕੇ ਰੱਖ ਦਿੱਤੈ। ਰਾਜਨੀਤਕ ਲਾਹਾ ਲੈਣ ਲਈ ਅਤੇ ਬਹੁਗਿਣਤੀ ਸ਼੍ਰੇਣੀ ਨੂੰ ਖੁਸ਼ ਕਰਨ ਲਈ ਕਈ ਪਾਪੜ ਵੇਲੇ ਜਾਣ ਲੱਗ ਪਏ ਹਨ।

ਗਊ ਬਾਰੇ ਕਈ ਮੁਹਾਵਰੇ/ਅਖਾਣ ਵੀ ਹਨ-ਗਊ ਦਾ ਜਾਇਆ, ਗਊ-ਗਰੀਬ ਦੀ ਰੱਖਿਆ ਕਰਨੀ, ਗਊ ਹੋਣਾ, ਅਖੇ ਬੜਕ ਕਿਉਂ ਮਾਰਦੈਂ? ਕਿਉਂਕਿ ਅਸੀਂ ਸਾਹਨ ਹੁੰਦੇ ਹਾਂ। ਫਿਰ ਮੋਕ ਕਿਉਂ ਮਾਰਦੈਂ? ਕਿਉਂਕਿ ਅਸੀਂ ਗਊ ਦੇ ਜਾਏ ਹੁੰਦੇ ਹਾਂ!

ਸ਼ਬਦ-ਵਿਗਿਆਨ ਅਨੁਸਾਰ ਪਹਿਲੇ ਪਹਿਲ ਇਹ ਸ਼ਬਦ ਸਾਰੇ ਗੋਕਿਆਂ ਲਈ ਵਰਤਿਆ ਜਾਂਦਾ ਸੀ ਪਰ ਫਿਰ ਇਸ ਨੂੰ ਸਿਰਫ ਮਾਦਾ ਲਈ ਵਰਤਿਆ ਜਾਣ ਲੱਗ ਪਿਆ। ਮਹਾਨਕੋਸ਼ ਅਨੁਸਾਰ ਗਊ ਸੰਸਕ੍ਰਿਤ ਦੇ 'ਗੋ/ਗੌ' ਮੂਲ ਤੋਂ ਪੈਦਾ ਹੋਇਆ ਹੈ। ਸੰਗਯਾ ਵਜੋਂ ਇਸ ਦਾ ਅਰਥ 'ਬੈਲ' ਕੀਤਾ ਗਿਆ ਹੈ। ਮਦੀਨ ਲਈ ਸ਼ਬਦ 'ਗਾਂ' ਵਰਤਿਆ ਗਿਆ ਹੈ। ਭਾਵਾਤਮਕ ਤੌਰ 'ਤੇ ਇਸ ਦਾ ਅਰਥ ਗਰੀਬ, ਨਿਮਰਤਾ ਵਾਲਾ ਕੀਤਾ ਗਿਆ ਹੈ-'ਗਊ ਕਉ ਚਾਰੈ ਸਾਰਦੂਲ'॥ (ਗੁਰੂ ਗਰੰਥ ਸਾਹਿਬ, ਅੰਗ 898)। ਗਊ ਮੁਖ ਦਾ ਮਤਲਬ ਗਊ ਵਾਂਗ ਚੁਪ ਵੀ ਹੈ ਪਰ ਮੂੰਹ ਦਾ ਨਰਮ ਅਤੇ ਦਿਲੋਂ ਖੋਟਾ ਵੀ ਕੀਤਾ ਗਿਐ-' ਗਊਮੁਖ ਬਾਘ ਜੈਸੇ ਬਸੈ ਮ੍ਰਿਗਮਾਲ ਬਿਖੈ'(ਭਾਗੁ ਕ). ਗੋਮੁਖ, ਗਊ ਗ੍ਰਾਸ, ਗਊ ਚਰਾਹਾ, ਗਊਚਰਿ, ਗਊ ਚੋਣੀ ਆਦਿ ਹੋਰ ਸਬੰਧਤ ਸ਼ਬਦਾਂ ਦੀ ਚਰਚਾ ਵੀ ਹੈ।

ਅੰਗਰੇਜ਼ੀ ਵਿਚ ਗਾਂ/ਗਊ ਨੂੰ 'ਕਾਓ' ਕਿਹਾ ਜਾਂਦੈ। ਅਸੀਂ ਇਹ ਪੜ੍ਹ ਕੇ ਹੈਰਾਨ ਹੋਏ ਕਿ ਇਹ ਸ਼ਬਦ ਜਰਮੈਨਿਕ ਮੂਲ ਦਾ ਹੈ, ਭਾਵੇਂ ਇਸ ਦੀਆਂ ਜੜ੍ਹਾਂ ਸੰਸਕ੍ਰਿਤ ਨਾਲ ਵੀ ਸਾਂਝੀਆਂ ਹੁੰਦੀਆਂ ਹਨ। ਪਰੋਟੋ-ਵੈਸਟ ਜਰਮੈਨਿਕ ਦੇ 'ਕੂਹ', ਪਰੋਟੋ ਜਰਮੈਨਿਕ ਦੇ 'ਕੂਜ਼', ਪਰੋਟੋ-ਇੰਡੋ-ਯੂਰਪੀਅਨ ਦੇ 'ਗਾਉਜ਼', ਡੱਚ ਦੇ 'ਕੋਇ', ਸੰਸਕ੍ਰਿਤ ਦੇ 'ਗੋ' ਅਤੇ ਮਿਡਲ/ਓਲਡ ਇੰਗਲਿਸ਼ ਦੇ 'ਕੂ/ਕੂਹ' ਤੋਂ ਇਹ ਮੌਜੂਦਾ 'ਕਉ' 'ਤੇ ਅੱਪੜਿਆ। ਲਾਤੀਨੀ ਅਤੇ ਯੂਨਾਨੀ ਭਾਸ਼ਾ ਨਾਲ ਸਾਂਝੀਆਂ ਜੜ੍ਹਾਂ ਵਾਲੇ ਇੰਡੋ-ਯੂਰਪੀਅਨ ਮੂਲ਼ ਵਿਚ ਇਸ ਸਬੰਧੀ 'ਬੋਸ' ਅਤੇ ਬਾਉਸ' ਸ਼ਬਦ ਵੀ ਮਿਲਦੇ ਹਨ।

---

*(ਪਿਛਲੇ ਸਫੇ ਦਾ ਬਾਕੀ)*

ਸੱਤ ਸਮੁੰਦਰ ਪਾਰ, ਬਿਲਕੁਲ ਵੱਖਰੀਆਂ ਸਤਿਥੀਆਂ 'ਚ ਪਨਪਦਾ common periwinkle ਵੀ ਨਹੀਂ। ਹੈਰਾਨ ਹੋਣ ਦੀ ਸਮਰੱਥਾ ਮਨੁੱਖੀ ਦਿਮਾਗ ਦੀ ਸਮਰੱਥਾ ਦੇ ਸਮਾਨਾਂਤਰ ਚੱਲਦੀ ਹੈ। ਸਾਰੀ ਵਿੱਦਿਆ-ਪ੍ਰਣਾਲੀ ਬੱਚਿਆਂ ਨੂੰ ਹੈਰਾਨ ਹੋਣ ਦੀ ਸਮਰੱਥਾ ਪ੍ਰਦਾਨ ਕਰਨ 'ਤੇ ਕੇਂਦਰਿਤ ਹੋਣੀ ਚਾਹੀਦੀ ਹੈ।

ਜਿਨ੍ਹਾਂ ਮਨੁੱਖਾਂ ਨੂੰ ਪੌਦਿਆਂ ਤੇ ਜਾਨਵਰਾਂ ਦੇ ਕ੍ਰਮਵਿਕਾਸ ਦੀ ਜਾਣਕਾਰੀ ਹੈ ਉਹ ਜਾਣਦੇ ਨੇ ਕਿ ਵੱਖ ਮੌਸਮਾਂ-ਪ੍ਰਸਥਿਤੀਆਂ, ਵੱਖ ਭੂ-ਖੰਡਾਂ 'ਚ ਜੀਵ, ਵੱਖ ਵੱਖ ਤਰ੍ਹਾਂ ਵਿਕਾਸ ਕਰਦੇ ਨੇ। Survival of the Fittest ਦੇ ਕੁਦਰਤੀ ਨਿਯਮ ਤਹਿਤ। ਉਨ੍ਹਾਂ ਦੇ ਰੰਗ-ਰੂਪ ਵੱਖਰੇ ਹੋ ਜਾਂਦੇ ਨੇ, ਕਈ ਵਾਰ ਤਾਂ ਬਿਲਕੁਲ ਅਪਛਾਣ। ਮਸਲਨ, ਤਵੇ ਦੇ ਪੁੱਠੇ ਪਾਸੇ ਜਿੰਨੇ ਕਾਲੇ ਅਫਰੀਕੀ, ਤੇ ਨਾਮਨਿਹਾਦ ਸੋਹਣੇ, ਗੋਰੇ ਯੂਰਪੀ ਮਨੁੱਖ ਦਾ ਮੁੱਢ ਇਕੋ ਥਾਂ, ਲੱਖਾਂ ਵਰ੍ਹੇ ਪਹਿਲਾਂ ਅਫਰੀਕਾ ਦੀ "ਰਿਫ਼ਟ ਵੈਲਿ" ਵਿਚ ਬੱਝਿਆ ਸੀ; ਇਕੋ ਕਾਲੀ, mitochondrial ਮਾਂ ਉਨ੍ਹਾਂ ਦੀ ਪੂਰਵਜ਼ ਹੈ। ਮਨੁੱਖਾਂ ਬਾਰੇ ਅਸੀਂ ਜਾਣਦੇ ਹਾਂ ਕਿ ਲੱਖਾਂ ਵਰ੍ਹਿਆਂ ਦੌਰਾਨ ਉਹ ਵੱਖ ਭੂ-ਖਿੱਤਿਆਂ 'ਚ ਪਰਵਾਸ ਕਰਦੇ ਰਹੇ ਤੇ ਉਨ੍ਹਾਂ ਖਿੱਤਿਆਂ ਦੇ ਮੌਸਮ ਉਨ੍ਹਾਂ ਦਾ ਰੰਗਰੂਪ ਬਦਲਦੇ ਰਹੇ। ਪਰ common periwinkle ਏਨੇ ਦੂਰ ਦੇ ਭੂ-ਖਿੱਤਿਆਂ 'ਚ ਬਿਲਕੁਲ ਇਕੋ ਰੰਗਰੂਪ ਵਾਲਾ ਕਿੰਜ ਹੈ? ਕੀ ਬੰਦਿਆਂ ਨੇ, ਜਾਣੇ-ਅਣਜਾਣੇ ਉਨ੍ਹਾਂ ਨੂੰ ਇਕ ਮਹਾਂਦੀਪ ਤੋਂ ਦੂਸਰੇ 'ਤੇ ਲੈ ਆਂਦਾ ਹੈ? ਕੀ ਕੋਈ ਪ੍ਰਜਾਤੀ, ਵੱਖਰੇ ਮਹਾਂਦੀਪਾਂ 'ਤੇ ਬਿਲਕੁਲ ਇਕੋ ਤਰ੍ਹਾਂ ਵਿਕਾਸ ਕਰਦੀ, ਬਿਲਕੁਲ ਇਕੋ ਤਰ੍ਹਾਂ ਦੀ ਹੋ ਸਕਦੀ ਹੈ? ਕੀ ਇਹ ਪ੍ਰਜਾਤੀ ਦਰਅਸਲ ਉਦੋਂ ਦੀ ਹੈ ਜਦੋਂ ਕਰੋੜਾਂ ਵਰ੍ਹੇ ਪਹਿਲਾਂ ਮਹਾਂਦੀਪ ਅਜੇ ਆਪਸ 'ਚ ਜੁੜੇ ਸਨ?

ਇਨ੍ਹਾਂ ਸਭ ਸਵਾਲਾਂ ਦੇ ਜਵਾਬ ਸ਼ਾਇਦ ਵਿਗਿਆਨੀਆਂ ਨੂੰ ਪਤਾ ਨੇ, ਸ਼ਾਇਦ ਉਹ ਪਤਾ ਕਰ ਰਹੇ ਨੇ, ਸ਼ਾਇਦ ਇਨ੍ਹਾਂ ਨੂੰ ਜਾਨਣ ਦਾ ਕੋਈ ਮਹੱਤਵ ਹੀ ਨਹੀਂ। ਮੈਂ ਵੀ ਨਹੀਂ ਜਾਨਣਾ ਚਾਹੁੰਦਾ। ਜੀਵਨ 'ਚ ਰਹੱਸ ਬਣੇ ਰਹਿਣੇ ਚਾਹੀਦੇ ਨੇ, ਕਿਉਂਕਿ ਜਿਵੇਂ ਆਈਨਸਟਾਈਨ ਨੇ ਕਿਹਾ ਸੀ, ਰਹੱਸ, ਜੀਵਨ 'ਚ ਸਭ ਤੋਂ ਸੁੰਦਰ ਚੀਜ਼ਾਂ 'ਚੋਂ ਹੈ। ਤੇ ਜੀਵਨ ਤੇ ਸ੍ਰਿਸ਼ਟੀ ਦੇ ਸਭ ਤੋਂ ਗੂੜ੍ਹ ਰਹੱਸਾਂ 'ਚੋਂ ਇਕ ਇਹ ਹੈ ਕਿ ਤੁਸੀਂ ਸਭ ਬੁਝਾਰਤਾਂ ਬੁੱਝ ਸਕਦੇ ਹੋਵੋ ਤਾਂ ਬੁੱਝ ਲਵੋਗੇ ਕਿ ਘਾਹ ਦੇ ਇਕ ਤਿਨਕੇ 'ਚ – ਕੁਆਂਟਮ ਜਗਤ ਦੇ ਅਤਿ ਸੂਖਮ ਤੇ ਜਟਿਲ, ਤੇ ਅਨੰਤ ਬ੍ਰਹਿਮੰਡ ਦੇ ਵਿਰਾਟ ਰਹੱਸਾਂ ਸਮੇਤ – ਸਭ ਭੇਦ ਦਰਜ ਨੇ।

### ਧੁੱਪ ਨਾਲ ਲਬਾਲਬ ਸੰਗਤਰੀ ਕਲਸ਼

ਸਥੂਲ ਸਮੇਂ ਅਨੁਸਾਰ ਤਾਂ ਘਰੋਂ ਨਿਕਲਿਆਂ ਮੈਨੂੰ ਸਿਰਫ 25-30 ਮਿੰਟ ਹੋਏ ਨੇ, ਪਰ ਇਸ ਦੌਰਾਨ ਮੈਂ ਕਈ ਕਾਲ- ਤੇ ਭੂ-ਖੰਡਾਂ ਦਾ ਭ੍ਰਮਣ ਕਰ ਲਿਆ ਤੇ 'ਹੋਮ ਰਨ' 'ਤੇ ਪੁੱਜ ਗਿਆ ਹਾਂ। ਪਰ ਇਸ ਸੰਖੇਪ ਸੈਰ ਦਾ 'ਐਨਕੋਰ' ਅਜੇ ਬਾਕੀ ਹੈ।

ਕਲੋਨੀ ਦਾ ਚੱਕਰ ਪੂਰਾ ਕਰ, ਮੈਂ ਬੱਚਿਆਂ ਦੇ ਨਿੱਕੇ ਖੇਡ-ਪਾਰਕ ਕੋਲੋਂ ਘਰ ਵੱਲ ਨੂੰ ਪਰਤ ਪਿਆ ਹਾਂ। ਹੋਰ ਮਘ ਗਈ ਧੁੱਪ 'ਚ ਕਲੋਨੀ ਅੰਦਰ ਬਣੀ ਪਟੜੀ ਦੇ ਕਿਨਾਰੇ ਉਗਾਈਆਂ ਗਈਆਂ ਰੋਜ਼ਮੇਰੀ ਝਾੜੀਆਂ 'ਚੋਂ ਮੱਠੀ-ਮਿੱਠੀ ਮਹਿਕ ਉੱਠਣ ਲੱਗੀ ਹੈ। ਅਚਾਨਕ ਮੇਰੀ ਨਜ਼ਰ ਝਾੜੀਆਂ ਪਿੱਛੇ ਛਿਪੇ ਜਿਹੇ ਉਸ ਨਜ਼ਾਰੇ 'ਤੇ ਪੈਂਦੀ ਹੈ ਜਿਹਨੂੰ ਮੈਂ ਨਿਮਨਚੇਤਨ ਪੱਧਰ 'ਤੇ, ਕੁਝ ਦਿਨ ਪਹਿਲਾਂ ਅਮਰੀਕਾ ਆਉਣ ਤੋਂ ਹੀ ਲੱਭ ਰਿਹਾ ਸਾਂ: ਧੁੱਪ 'ਚ ਲਿਸ਼ਕਦੇ ਗੂੜ੍ਹੇ ਸੰਗਤਰੀ ਰੰਗ ਦੇ, ਸਗੋਂ ਧੁੱਪ ਨਾਲ ਲਬਾਲਬ ਸੰਗਤਰੀ ਕਲਸ਼, ਤੇ ਆਮ ਤੌਰ 'ਤੇ ਜੰਗਲੀ ਫੁੱਲਾਂ ਦੇ ਆਕਾਰ ਦੇ ਹਿਸਾਬ ਨਾਲ ਵੱਡੇ, ਕੈਲੇਫੋਰਨੀਆ ਪੌਪੀ। ਉਨ੍ਹਾਂ ਦੀ ਇਕ ਨਿੱਕੀ ਕਿਆਰੀ ਹੀ। ਵਾਹ! ਇਨ੍ਹਾਂ ਨੂੰ ਸੋਹਣੇ ਕਹਿਣਾ ਘੱਟ-ਬਿਆਨੀ ਹੈ। ਸ਼ੁਕਰ ਹੈ ਪੋਸਤ ਪਰਿਵਾਰ ਦੇ ਇਨ੍ਹਾਂ ਫੁੱਲਾਂ 'ਚ ਅਫੀਮ ਨਹੀਂ ਹੁੰਦੀ; ਨਹੀਂ ਤਾਂ ਹੋ ਸਕਦਾ ਏ ਜੰਗਲੀ ਫੁੱਲਾਂ ਦੇ ਇਸ ਰਾਜੇ ਦਾ ਜੰਗਲੀ ਥਾਂਵਾਂ 'ਤੇ ਬੀਜ ਹੀ ਨਾਸ ਕਰ ਦਿੱਤਾ ਜਾਂਦਾ।

ਦਰਅਸਲ ਇਹ ਇਕ ਜੰਗਲੀ ਫੁੱਲ ਹੀ ਨਹੀਂ, ਸੈਂਕੜੇ ਪੱਤਰਿਆਂ ਵਾਲੀ ਮੇਰੀ ਜ਼ਿਹਨੀ ਐਲਬਮ 'ਚ ਜੜੀ ਤਸਵੀਰ ਹੈ, ਜਿਹਨੂੰ ਵੇਖਦਿਆਂ ਕਈ ਸਿਮਰਤੀਆਂ ਪਰਤ ਆਈਆਂ ਨੇ। ਇਸ ਫੁੱਲ ਨਾਲ ਮੇਰੀ ਦੋਸਤੀ 5-6 ਸਾਲ ਪਹਿਲਾਂ ਪਈ ਸੀ। ਉਦੋਂ ਅਮਰੀਕਾ ਆਉਂਦੇ ਅਸੀਂ, ਇੰਗਲੈਂਡ ਦੇ ਧੁਰ ਦੱਖਣ 'ਚ ਅੰਧ ਮਹਾਂਸਾਗਰ ਕੰਢਲੇ ਸੋਹਣੇ ਸ਼ਹਿਰ ਸਾਊਥਹੈਂਪਟਨ 'ਚ ਵੱਸੇ ਕਵੀ-ਦੋਸਤ ਵਰਿੰਦਰ ਪਰਿਹਾਰ ਦੇ ਘਰ ਤਿੰਨ ਕੁ ਹਫਤਿਆਂ ਲਈ ਰੁਕੇ ਸਾਂ ਤੇ Eden Project ਵੇਖਣ ਗਏ ਸਾਂ। ਇਹਨੂੰ ਮੈਂ ਓਥੇ ਂediterranean Dome 'ਚ ਤੱਕਿਆ ਸੀ, ਪਰ ਓਥੇ ਇਹ ਕਮਜ਼ੋਰ ਤੇ ਘਸਮੈਲਾ ਸੀ। ਮੈਨੂੰ Eden Project 'ਚ ਬਿਤਾਇਆ ਦਿਨ, ਓਥੋਂ ਤੱਕ ਦਾ ਤੇ ਪਰਤਣ ਦਾ ਸਫਰ, ਵਰਿੰਦਰ ਦਾ ਘਰ, ਉਹਦਾ ਪਰਿਵਾਰ, ਉਹਦੇ ਨਾਲ ਕਵਿਤਾ ਤੇ ਸਾਹਿਤ ਦੀਆਂ ਗੱਲਾਂ, ਇੰਗਲੈਂਡ ਦੀ ਧੁਪੀ-ਲਿਸ਼ਕਦੀ ਬਨਸਪਤੀ, ਸਮੁੰਦਰ ਕੰਢੇ ਫਿਰਦਿਆਂ ਓਥੋਂ ਦੀ ਸੀਤ, ਸਿੱਲ੍ਹੀ, ਹਲਕੀ ਨਮਕੀਨ ਸੁਗੰਧ ਵਾਲੀ ਤੇਜ਼ ਹਵਾ, ਆਮ ਤੌਰ 'ਤੇ ਬਦਲਵਾਇਆ ਰਹਿੰਦਾ ਅਸਮਾਨ, ਰਾਤ ਦੇ ਖਾਣੇ ਮਗਰੋਂ ਦੀ 'ਐਪਲ-ਪਾਈ'। ਸਭ ਧਾਅ ਕੇ ਮਿਲੇ ਨੇ।

ਮੈਨੂੰ ਕੈਲੇਫੋਰਨੀਆਈ ਪੌਪੀ ਦਾ ਇਕ ਭਾਈਬੰਦ Himalayan Blue Poppy ਵੀ ਯਾਦ ਆਇਆ ਹੈ। ਕਰੀਬ ਡੇਢ ਦਹਾਕਾ ਪਹਿਲਾਂ ਮੇਰੇ ਕੁਦਰਤ-ਪ੍ਰੇਮੀ ਤੇ ਘੁਮੱਕੜ ਦੋਸਤ ਪਿਆਰਾ ਸਿੰਘ ਨੇ ਮੈਨੂੰ ਇਕ ਵੱਡ-ਆਕਾਰੀ ਸਚਿੱਤਰ ਪੁਸਤਕ ਭੇਟ ਕੀਤੀ ਸੀ: Hundred Himalayan Flowers. ਉਹਦੇ ਸਰਵਰਕ 'ਤੇ ਇਸ ਫੁੱਲ ਦੀ ਤਸਵੀਰ ਸੀ। ਅਕਸਰ ਇਸ ਪੁਸਤਕ ਦੇ ਵਰਕੇ ਫਲੋਰਦਿਆਂ ਤੇ ਹਿਮਾਲਾ ਪਰਬਤਮਾਲਾ 'ਚ ਮਿਲਣ ਵਾਲੇ ਵੱਖ ਰੰਗਾਂ-ਆਕਾਰਾਂ ਦੇ ਜੰਗਲੀ ਫੁੱਲਾਂ ਦੀਆਂ ਤਸਵੀਰਾਂ ਵੇਖਦਿਆਂ ਇਹ ਸੁਫਨੇ 'ਚ ਵੀ ਨਹੀਂ ਸੋਚਿਆ ਸੀ ਕਦੇ ਮੈਂ ਹਿਮਾਲਿਆਈ ਬਲੂ ਪੌਪੀ ਦੇ ਸਾਖਸ਼ਾਤ ਦਰਸ ਕਰਾਂਗਾ।

10 ਕੁ ਸਾਲ ਪਹਿਲਾਂ ਉਹ ਸਾਡੇ 4 ਜਣਿਆਂ, ਪਤਨੀ ਪੰਮੀ ਤੇ ਮੇਰਾ, ਅਤੇ ਕਵੀ-ਦੰਪਤੀ ਦੋਸਤ ਭੁਪਿੰਦਰਪ੍ਰੀਤ ਤੇ ਬਿਪਨਪ੍ਰੀਤ ਦਾ, ਜੀਵਨ ਦਾ ਸ਼ਾਇਦ ਸਭ ਤੋਂ ਮੁਸ਼ਕਲ ਟਰਏਕ ਸੀ। ਕਸ਼ਮੀਰ-ਯਾਤਰਾ 'ਤੇ ਪਹਿਲਗਾਮ ਗਏ ਅਸੀਂ ਪਹਿਲਗਾਮ ਤੋਂ ਘੰਟੇ ਕੁ ਦੀ ਦੂਰੀ 'ਤੇ ਦੋ ਰਾਤਾਂ ਤੇ ਦਿਨਾਂ ਵਾਸਤੇ ਨਿੱਕੇ ਕਸਬੇ/ਪਿੰਡ ਆਰੂ ਚਲੇ ਗਏ ਸਾਂ। ਰਾਤ ਨੂੰ ਮੈਂ – ਤੇ ਬਾਕੀ ਸਭ ਨੇ ਮੇਰੀ ਵੇਖਾ-ਵੇਖੀ – ਆਰੂ ਤੋਂ 3-4 ਘੰਟੇ ਇਕ ਪਾਸੇ ਦਾ, ਪਹਿਲਾ ਅੱਧਾ ਰਾਹ ਘੋੜਿਆਂ 'ਤੇ ਅਤੇ ਫਿਰ ਪੈਦਲ, ਕਤਰਨਾਗ ਝੀਲ ਤੱਕ ਦਾ ਬੇਹੱਦ ਮੁਸ਼ਕਲ, ਤੇ ਜਿਉਂ ਟਰਏਕ ਦੀ ਅੱਧੀ ਤੋਂ ਘੱਟ ਚੜ੍ਹਾਈ 'ਤੇ ਹੀ ਲੱਗਣ ਲੱਗਾ ਸੀ, ਮੂਰਖਾਨਾ, ਫੈਸਲਾ ਕਰ ਲਿਆ ਸੀ। ਮੇਰੇ ਲਈ ਇਹ ਰਾਹ ਬਾਕੀ ਸਭਨਾਂ ਤੋਂ ਰਤਾ ਸੌਖਾ ਸੀ, ਕਿਉਂਕਿ ਮੈਂ ਸਾਰੀ ਅਤਿ ਮੁਸ਼ਕਲ ਚੜ੍ਹਾਈ ਦੌਰਾਨ, ਹਫਦਾ ਵੀ, Hundred Himalayan Flowers 'ਚ ਵੇਖੇ ਜੰਗਲੀ ਫੁੱਲਾਂ ਦੀਆਂ ਤਸਵੀਰਾਂ ਖਿੱਚਦਾ ਰਿਹਾ ਸਾਂ। ਪਰ ਇਨ੍ਹਾਂ ਫੁੱਲਾਂ ਦਾ ਸਿਰਤਾਜ, ਹਿਮਾਲਿਆਈ ਬਲੂ ਪੌਪੀ, ਮੈਨੂੰ ਅਚਾਨਕ ਉਦੋਂ ਦਿਸਿਆ ਸੀ ਜਦੋਂ ਅਸੀਂ ਆਪਣੀ ਮੰਜ਼ਲ ਝੀਲ 'ਤੇ ਪੁੱਜ, ਕੁਝ ਹਲਕਾ ਖਾ ਕੇ ਤੇ ਰਤਾ ਅਰਾਮ ਕਰ ਕੇ ਉਤਰਣ ਦੀ ਤਿਆਰੀ ਕਰ ਰਹੇ ਸਾਂ। ਝੀਲ ਕੰਢੇ, ਕਾਲੀ, ਸਿੱਧੀ ਖੜੀ ਇਕ ਗ੍ਰੇਨਾਈਟੀ ਚੱਟਾਨ 'ਚ ਉੱਗੇ ਉਸ ਬੂਟੇ 'ਤੇ 4-5 ਫੁੱਲ ਸਨ: ਵੱਡੀਆਂ ਨੀਲੀਆਂ ਪੰਖੜੀਆਂ ਵਾਲੇ, ਹਲਕੀ ਵਹਿੰਦੀ ਸੀਤ ਹਵਾ 'ਚ ਹੌਲੀ ਹੌਲੀ ਝੂਮਦੇ, ਜਿਉਂ ਮੈਨੂੰ ਹੀ ਉਡੀਕਦੇ, ਜੀ ਆਇਆਂ ਕਹਿੰਦੇ। ਉਹ ਮੈਨੂੰ ਜੀਵਨ 'ਚ ਉਸ ਇਕ ਵਾਰ ਸਿਰਫ ਇਕ ਬੂਟੇ 'ਤੇ ਖਿੜੇ ਦਿਸਣ ਮਗਰੋਂ, ਉਸ ਟਰਏਕ 'ਤੇ, ਜਾਂ ਬਾਅਦ ਦੇ ਸਾਲਾਂ 'ਚ ਹਿਮਾਲਾ 'ਚ ਵੱਖ ਵੱਖ ਥਾਂਵਾਂ 'ਤੇ ਹੋਰ ਕਈ ਸੈਰਾਂ ਦੌਰਾਨ, ਕਦੇ ਨਹੀਂ ਦਿਸੇ। ਕਾਸ਼! ਮੈਂ ਉਨ੍ਹਾਂ ਨੂੰ ਉਦੋਂ ਹੋਰ ਜੀ ਭਰ ਕੇ ਵੇਖ ਲੈਂਦਾ। ਹੁਣ ਸੋਚਦਾ ਹਾਂ ਕਿ ਮੈਨੂੰ ਪਹਿਲਾਂ ਪਤਾ ਹੁੰਦਾ ਤਾਂ ਸਿਰਫ ਉਸ ਇਕ ਫੁੱਲ ਨੂੰ ਵੇਖਣ ਵਾਸਤੇ ਮੈਂ ਉਸ ਜ਼ੋਖਮ ਭਰੇ ਤੇ ਦੁਰਗਮ ਟਰਏਕ 'ਤੇ ਜਾ ਸਕਦਾ ਸਾਂ।

ਜਿਨ੍ਹਾਂ ਨੂੰ ਫੁੱਲਾਂ ਨਾਲ ਪ੍ਰੇਮ ਨਹੀਂ (ਕੀ ਇੰਜ ਦੇ ਲੋਕ ਵੀ ਹੁੰਦੇ ਨੇ?) ਉਹ ਹੈਰਾਨ ਹੋ ਸਕਦੇ ਨੇ ਕਿ ਕੁਝ ਲੋਕ ਸਿਰਫ ਫੁੱਲਾਂ ਨੂੰ ਵੇਖਣ ਵਾਸਤੇ ਦੂਰ-ਦੁਰਗਮ ਸਫਰ ਕਰ ਸਕਦੇ ਨੇ। ਜਿਉਂ ਭਾਰਤ ਦੇ ਉੱਤਰਾਖੰਡ 'ਚ ਹੇਮਕੁੰਟ ਸਾਹਿਬ ਦੇ ਕੋਲ ਲੋਕ ਫੁੱਲਾਂ ਦੀ ਘਾਟੀ ਵੇਖਣ ਜਾਂਦੇ ਨੇ। ਜਿਉਂ ਕੁਝ ਅਮਰੀਕੀ, ਕੈਲੇਫੋਰਨੀਆ ਚ ਕੁਝ ਥਾਂਵਾਂ 'ਤੇ ਹਜ਼ਾਰਾਂ, ਲੱਖਾਂ ਦੀ ਤਾਦਾਦ 'ਚ ਇਕੱਠੇ ਖਿੜੇ ਜੰਗਲੀ ਕੈਲੇਫੋਰਨੀਆ ਪੌਪੀਆਂ ਨੂੰ ਵੇਖਣ ਹਰ ਸਾਲ ਜਾਂਦੇ ਨੇ।

ਉਂਜ ਇਨ੍ਹਾਂ ਦੀਆਂ ਨਿੱਕੀਆਂ-ਟਾਵੀਆਂ ਜੁੰਡਲੀਆਂ ਤੁਹਾਨੂੰ ਇਨ੍ਹਾਂ ਦੇ ਖਿੜਣ-ਮੌਸਮ ਦੌਰਾਨ, ਕੈਲੇਫੋਰਨੀਆ ਦੇ ਸਟੇਟ ਹਾਈਵੇਅ'ਜ਼ ਦੇ ਕੰਢਿਆਂ ਅਤੇ ਹੋਰ ਕਈ ਖਾਲੀ ਥਾਂਵਾਂ 'ਤੇ ਦਿਸ ਜਾਣਗੀਆਂ। ਪਛਾਣਦੇ ਹੋਵੋ ਤਾਂ ਤੁਸੀਂ ਇਨ੍ਹਾਂ ਨੂੰ ਇਨ੍ਹਾਂ ਦੇ ਗੂੜ੍ਹੇ ਸੁਨਹਿਰੀ-ਕੇਸਰੀ ਰੰਗ ਕਾਰਨ ਅਣਵੇਖਿਆ ਨਹੀਂ ਕਰ ਸਕਦੇ। ਏਥੋਂ ਦੇ ਮੂਲਨਿਵਾਸੀ ਇੰਡੀਅਨ ਇਸ ਫੁੱਲ ਦੀਆਂ ਪੰਖੜੀਆਂ ਤੇ ਬੀਜਾਂ ਨੂੰ ਭੋਜਨ 'ਚ, ਅਤੇ ਇਹਦਾ ਤੇਲ ਵਰਤਦੇ ਸਨ। ਬੇਵਜ੍ਹਾ ਨਹੀਂ ਕਿ ਇਹ 'ਸੋਨੇ ਦਾ ਪਿਆਲਾ' ਸੰਨ 1903 ਤੋਂ ਕੈਲੇਫੋਰਨੀਆ ਦਾ ਰਾਜ ਫੁੱਲ ਵੀ ਹੈ।

(ਤਕਰੀਬਨ ਇਕ ਮਹੀਨੇ ਮਗਰੋਂ, ਜਦੋਂ ਕਿ ਕੈਲੇਫੋਰਨੀਆ ਦੀ ਬਹਾਰ ਆਪਣੇ ਭਰਪੂਰ ਜੋਬਨ 'ਤੇ ਹੋਣੀ, ਅਸੀਂ ਇਕ ਧੁਪੀਲੀ ਦੁਪਹਿਰ ਹੋਲਿਸਟਰ ਤੋਂ, ਗਿਲਰੌਏ ਸ਼ਹਿਰ 'ਚੋਂ ਦੀ ਹੁੰਦਿਆਂ, ਮੁੜ ਊਵਾਸ ਕੈਨਿਅਨ ਪਾਰਕ ਨੂੰ ਜਾਂਦੇ ਸੋਹਣੇ ਅਰਧ-ਪਰਬਤੀ ਇਲਾਕੇ 'ਚੋਂ ਦੀ ਗੁਜ਼ਰਨਾ, ਤਾਂ ਸ਼ਹਿਰ ਦੇ ਡਿਵਾਈਡਰਾਂ 'ਤੇ, ਕੁਝ ਘਰਾਂ ਦੇ ਬਾਹਰ, ਸੜਕ ਦੇ ਕਿਨਾਰਿਆਂ 'ਤੇ ਜਾਂ ਕੋਲ ਢੱਕੀਆਂ ਤੇ ਖਾਲੀ ਥਾਂਵਾਂ 'ਤੇ, ਅਜੇ ਜਮ੍ਹਾਂ ਨਿਪੱਤਰੀਆਂ ਤੇ ਛਾਂਗੀਆਂ ਅੰਗੂਰ-ਵੇਲਾਂ ਦੇ ਬਾਗਾਂ 'ਚ, ਚਰਾਗਾਹਾਂ ਦੀਆਂ ਘਾਹੀ ਢਲਾਨਾਂ 'ਤੇ ਅਤੇ ਕੁਝ ਹੋਰ ਖਾਲੀ ਥਾਂਵਾਂ 'ਤੇ, ਨਿੱਕੀਆਂ ਝੰਗੀਆਂ ਤੇ ਖਿੱਤਿਆਂ 'ਚ ਤੇ ਨਿੱਕੇ ਝੁਰਮਟਾਂ 'ਚ ਇਹ ਫੁੱਲ ਏਨੇ ਭਰਪੂਰ ਤੇ ਸ਼ੋਖ ਦਿਸਨੇ ਕਿ ਮੇਰੇ ਕੋਲ ਇਨ੍ਹਾਂ ਨੂੰ ਬਿਆਨ ਕਰਨ ਲਈ ਸ਼ਬਦ ਮੁੱਕ ਜਾਣੇ; ਕਿਉਂਕਿ ਉਨ੍ਹਾਂ ਨੂੰ ਸਿਰਫ "ਸੋਹਣੇ" ਕਹਿਣਾ ਮੈਨੂੰ ਬਿਲਕੁਲ ਉਸ ਦ੍ਰਿਸ਼ ਨੂੰ ਸਹੀ ਦਰਸਾਉਣਾ ਨਹੀਂ ਲੱਗਣਾ।)

# 21ਵੀਂ ਸਦੀ ਵਿਚ ਬਾਲ ਵਿਆਹ ਦੀ ਸਮੱਸਿਆ

ਕੰਵਲਜੀਤ ਕੌਰ ਗਿੱਲ

ਅਸੀਂ ਇੱਕੀਵੀਂ ਸਦੀ ਵਿਚ ਜੀਅ ਰਹੇ ਹਾਂ। ਬਾਲ ਵਿਆਹ, ਸਤੀ ਪ੍ਰਥਾ, ਵਿਧਵਾ ਵਿਆਹ ਦੀ ਮਨਾਹੀ, ਲੜਕੀਆਂ ਨੂੰ ਸਿੱਖਿਆ ਪ੍ਰਾਪਤ ਕਰਨ ਦੀ ਮਨਾਹੀ ਆਦਿ ਕੁਝ ਅਜਿਹੀਆਂ ਸਮਾਜਿਕ ਕੁਰੀਤੀਆਂ ਸਨ ਜਿਹੜੀਆਂ ਅਠਾਰਵੀਂ ਅਤੇ ਉਨ੍ਹੀਵੀਂ ਸਦੀ ਵਿਚ ਪ੍ਰਚਲਿਤ ਸਨ। ਵੱਖ-ਵੱਖ ਸਮਿਆਂ 'ਤੇ ਉੱਠੀਆਂ ਸਮਾਜ ਸੁਧਾਰ ਲਹਿਰਾਂ ਤੇ ਸਮਾਜ ਸੁਧਾਰਕਾਂ ਦੇ ਅਣਥੱਕ ਯਤਨਾਂ ਸਦਕਾ ਨਾ ਸਿਰਫ਼ ਇਹ ਕੁਰੀਤੀਆਂ ਬੰਦ ਕਰਵਾਈਆਂ ਗਈਆਂ ਸਗੋਂ ਬਾਅਦ ਵਿਚ ਇਨ੍ਹਾਂ ਖਿਲਾਫ਼ ਵਿਸ਼ੇਸ਼ ਕਾਨੂੰਨ ਵੀ ਬਣਾ ਦਿੱਤੇ ਗਏ। ਜੇਕਰ ਅਜੋਕੇ ਸਮੇਂ ਵਿਚ ਅਸੀਂ ਬਾਲ ਵਿਆਹ ਦੀ ਸਮੱਸਿਆ ਬਾਰੇ ਅਖ਼ਬਾਰਾਂ ਵਿਚ ਪੜ੍ਹਦੇ ਹਾਂ ਜਾਂ ਕਿਸੇ ਰਾਜ ਦੀ ਸਰਕਾਰ ਬਾਲ ਵਿਆਹ ਕਰਵਾਉਣ ਵਾਲਿਆਂ ਉਪਰ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕਰਦੀ ਹੈ, ਇਨ੍ਹਾਂ ਵਿਚੋਂ ਕਈਆਂ ਨੂੰ ਜੇਲ੍ਹ ਵੀ ਹੋ ਜਾਂਦੀ ਹੈ ਅਤੇ ਉਨ੍ਹਾਂ ਹੀ ਮਰਦਾਂ ਦੀਆਂ ਪਤਨੀਆਂ ਵੱਲੋਂ ਇਸ ਵਿਰੁੱਧ ਰੋਸ ਪ੍ਰਦਰਸ਼ਨ ਹੁੰਦੇ ਹਨ ਤਾਂ ਇਸ ਵਰਤਾਰੇ ਬਾਰੇ ਡੂੰਘਾਈ ਨਾਲ ਵਿਚਾਰ ਚਰਚਾ ਕਰਨੀ ਬਣਦੀ ਹੈ।

ਅਸਾਮ ਸੂਬੇ ਦੀ ਸਰਕਾਰ ਨੇ 4074 ਜੋੜਿਆਂ ਵਿਰੁੱਧ ਬਾਲ ਵਿਆਹ ਕਰਵਾਉਣ ਕਾਰਨ ਕੇਸ ਦਰਜ ਕੀਤੇ ਹਨ। ਨਾਲ ਹੀ ਉਨ੍ਹਾਂ 2300 ਤੋਂ ਵੱਧ ਮਰਦਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਨੇ 18 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਨਾਲ ਵਿਆਹ ਕਰਵਾਇਆ ਸੀ। ਇੰਨਾ ਹੀ ਨਹੀਂ, ਉਨ੍ਹਾਂ ਮਰਦਾਂ ਵਿਰੁੱਧ ਬਾਲਾਂ ਦੇ ਜਿਨਸੀ ਸ਼ੋਸ਼ਣ ਤੋਂ ਸੁਰੱਖਿਆ ਸਬੰਧੀ ਕਾਨੂੰਨ (ਪੋਕਸੋ) ਤਹਿਤ ਕਾਰਵਾਈ ਕਰਨ ਦੀ ਸਿਫ਼ਾਰਿਸ਼ ਵੀ ਕੀਤੀ ਹੈ। ਇਸ ਖ਼ਬਰ ਨੇ ਇੱਕੋ ਸਮੇਂ ਕਈ ਸੁਆਲ ਖੜ੍ਹੇ ਕਰ ਦਿੱਤੇ ਹਨ। ਪਹਿਲਾ, ਕੀ ਬਾਲ ਵਿਆਹ ਦੀ ਪ੍ਰਥਾ ਆਧੁਨਿਕ ਦੌਰ ਵਿਚ ਅਜੇ ਵੀ ਪ੍ਰਚੱਲਿਤ ਹੈ? ਦੂਜਾ, ਜਦੋਂ ਇਹ ਵਿਆਹ ਹੋ ਰਹੇ ਸਨ ਤਾਂ ਸਰਕਾਰ ਉਸ ਵੇਲੇ ਹਰਕਤ ਵਿਚ ਕਿਉਂ ਨਹੀਂ ਆਈ? ਇਹ ਵਿਆਹ ਹੋਣ ਹੀ ਨਹੀਂ ਦੇਣੇ ਚਾਹੀਦੇ ਸਨ। ਤੀਜਾ, ਇਹ ਬਾਲ ਵਿਆਹ ਕਰਵਾਉਣ ਵਾਲੇ ਜੋੜਿਆਂ ਵਿਚ ਸਿਰਫ਼ ਮਰਦਾਂ ਦੀਆਂ ਹੀ ਕਿਉਂ ਗ੍ਰਿਫ਼ਤਾਰੀਆਂ ਹੋਈਆਂ ਹਨ ਤੇ ਉਨ੍ਹਾਂ ਉਪਰ ਹੀ ਪੋਕਸੋ ਤਹਿਤ ਕੇਸ ਕਿਉਂ ਦਰਜ ਕੀਤੇ ਜਾ ਰਹੇ ਹਨ? ਚੌਥਾ, ਉਨ੍ਹਾਂ ਹੀ ਮਰਦਾਂ ਦੀਆਂ ਔਰਤਾਂ/ਪਤਨੀਆਂ ਇਨ੍ਹਾਂ ਗ੍ਰਿਫ਼ਤਾਰੀਆਂ ਵਿਰੁੱਧ ਥਾਣੇ ਜਾ ਕੇ ਵਿਰੋਧ, ਪ੍ਰਦਰਸ਼ਨ ਕਰ ਰਹੀਆਂ ਹਨ ਕਿ ਸਰਕਾਰ ਸਾਡੇ ਵੱਸੇ ਵਸਾਏ ਘਰ ਕਿਉਂ ਉਜਾੜ ਰਹੀ ਹੈ। ਇਹ ਉਨ੍ਹਾਂ ਦੀ ਨਿੱਜੀ ਪਰਿਵਾਰਕ ਜ਼ਿੰਦਗੀ ਵਿਚ ਸਿੱਧੀ ਦਖਲਅੰਦਾਜ਼ੀ ਹੈ। ਜੇਕਰ ਪਰਿਵਾਰ ਟੁੱਟਦੇ ਹਨ ਤਾਂ ਇਸ ਦਾ ਖਮਿਆਜ਼ਾ ਔਰਤ ਅਤੇ ਉਸ ਦੇ ਪਰਿਵਾਰ ਨੂੰ ਹੀ ਭੁਗਤਣਾ ਪੈਂਦਾ ਹੈ। ਇਸ ਲਈ ਵਿਆਹ ਕਾਰਜ ਸੰਪੰਨ ਹੋ ਜਾਣ ਮਗਰੋਂ ਇਸ ਵਿਰੁੱਧ ਕਾਰਵਾਈ ਕਰਨੀ ਸਮਾਜਿਕ ਪੱਖ ਤੋਂ ਬਿਲਕੁਲ ਵੀ ਜਾਇਜ਼ ਨਹੀਂ। ਰਾਜਾ ਰਾਮਮੋਹਨ ਰਾਏ ਤੇ ਈਸ਼ਵਰ ਚੰਦਰ ਵਿਦਿਆ ਸਾਗਰ ਨੇ ਉਸ ਵੇਲੇ ਦੇ ਸਮਾਜ ਵਿਚ ਚੱਲ ਰਹੀਆਂ ਬਾਲ ਵਿਆਹ ਅਤੇ ਸਤੀ ਪ੍ਰਥਾ ਜਿਹੀਆਂ ਕੁਰੀਤੀਆਂ ਨੂੰ ਖ਼ਤਮ ਕਰਨ ਵਿਚ ਮੁੱਖ ਭੂਮਿਕਾ ਨਿਭਾਈ। ਇਸ ਤੋਂ ਬਾਅਦ 1872 ਵਿਚ ਸਪੈਸ਼ਲ ਮੈਰਿਜ ਐਕਟ ਅਤੇ 1929 ਵਿਚ ਬਾਲ ਵਿਆਹ ਰੋਕੂ ਕਾਨੂੰਨ ਹੋਂਦ ਵਿਚ ਆਏ। ਇਨ੍ਹਾਂ ਕਾਨੂੰਨਾਂ ਦਾ ਮਕਸਦ ਬਾਲ ਵਿਆਹ ਦੀ ਪ੍ਰਥਾ ਨੂੰ ਖ਼ਤਮ ਕਰਦਿਆਂ ਵਿਆਹ ਲਈ ਘੱਟੋ-ਘੱਟ ਉਮਰ ਨਿਸ਼ਚਿਤ ਕਰਨਾ ਸੀ ਜਿਹੜੀ ਲੜਕੇ ਲਈ 18 ਸਾਲ ਅਤੇ ਲੜਕੀ ਲਈ 14 ਸਾਲ ਰੱਖੀ ਗਈ ਸੀ। ਆਜ਼ਾਦੀ ਤੋਂ ਬਾਅਦ 1949 ਵਿਚ ਇਸ ਵਿਚ ਸੋਧ ਕਰਕੇ ਲੜਕੀ ਦੀ ਉਮਰ 15 ਸਾਲ ਕਰ ਦਿੱਤੀ ਗਈ। 1978 ਵਿਚ ਇਸ ਕਾਨੂੰਨ ਵਿਚ ਮੁੜ ਸੋਧ ਕਰਕੇ ਲੜਕੇ ਅਤੇ ਲੜਕੀ ਦੀ ਵਿਆਹ ਲਈ ਘੱਟੋ-ਘੱਟ ਉਮਰ ਕ੍ਰਮਵਾਰ 21 ਸਾਲ ਤੇ 18 ਸਾਲ ਕਰ ਦਿੱਤੀ ਗਈ ਜਿਹੜੀ ਹੁਣ ਤੱਕ ਮੰਨੀ ਜਾ ਰਹੀ ਹੈ। 2006 ਵਿਚ ਬਾਲ ਵਿਆਹ ਮਨਾਹੀ ਕਾਨੂੰਨ ਤਹਿਤ ਇਹ ਪ੍ਰਭਾਵ ਦਿੱਤਾ ਗਿਆ ਕਿ ਬਾਲ ਵਿਆਹ ਦੀ ਕਾਨੂੰਨੀ ਤੌਰ 'ਤੇ ਮਨਾਹੀ ਹੈ। ਦਸੰਬਰ 2021 ਵਿਚ ਮੌਜੂਦਾ ਕੇਂਦਰ ਸਰਕਾਰ ਨੇ ਜਯਾ ਜੇਤਲੀ ਕਮੇਟੀ ਦੀਆਂ ਸਿਫ਼ਾਰਿਸ਼ਾਂ ਤਹਿਤ ਲੜਕੀਆਂ ਦੇ ਵਿਆਹ ਦੀ ਘੱਟੋ-ਘੱਟ ਉਮਰ ਵੀ ਵਧਾ ਕੇ 21 ਸਾਲ ਕਰ ਦੇਣ ਦੀ ਤਜਵੀਜ਼ ਰੱਖੀ ਹੈ ਜਿਹੜੀ ਹਾਲ ਦੀ ਘੜੀ ਵਿਚਾਰ ਅਧੀਨ ਹੈ।

ਬਾਲ ਵਿਆਹ ਵਿਰੁੱਧ ਸਖ਼ਤ ਕਾਨੂੰਨ ਬਣ ਗਏ ਹਨ ਪਰ ਕੁਝ ਥਾਵਾਂ, ਜਾਤੀਆਂ, ਵਰਗਾਂ ਅਤੇ ਕਬੀਲਿਆਂ ਵਿਚ ਇਹ ਪ੍ਰਥਾ ਅਜੇ ਵੀ ਉਵੇਂ ਹੀ ਚੱਲ ਰਹੀ ਹੈ ਜਿਸ ਦੇ ਆਪਣੇ ਹੀ ਸਮਾਜਿਕ ਅਤੇ ਸਭਿਆਚਾਰ ਕਾਰਨ ਜਾਂ ਮਜਬੂਰੀਆਂ ਹਨ। ਇਤਿਹਾਸਕ ਪੱਖ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਕੋਈ ਧਾੜਵੀ ਦੂਜੇ ਦੇਸ਼ ਜਾਂ ਰਾਜ 'ਤੇ ਹਮਲਾ ਕਰਦੇ ਸਨ ਤਾਂ ਜਿੱਤ ਦੀ ਖ਼ੁਸ਼ੀ ਵਿਚ ਹਾਰੇ ਹੋਏ ਇਲਾਕੇ ਦਾ ਮਾਲ-ਧਨ ਲੁੱਟਣ ਦੇ ਨਾਲ-ਨਾਲ ਉਹ ਔਰਤਾਂ ਨੂੰ ਵੀ ਬੇਪੱਤ ਕਰਦੇ ਹੋਏ ਆਪਣੇ ਦੇਸ਼ ਲੈ ਜਾਂਦੇ ਸਨ। ਇਸ ਨਮੋਸ਼ੀ ਤੋਂ ਬਚਣ ਵਾਸਤੇ ਹੀ ਧੀਆਂ ਨੂੰ ਪੈਦਾ ਹੋਣ ਤੋਂ ਬਾਅਦ ਮਾਰ ਮੁਕਾਉਣਾ ਅਤੇ ਬਾਲ ਵਿਆਹ ਜਿਹੀਆਂ ਕੁਰੀਤੀਆਂ ਪ੍ਰਚੱਲਿਤ ਸਨ। ਲਿੰਗਕ ਨਾ-ਬਰਾਬਰੀ ਪੁਰਾਤਨ ਸਮੇਂ ਤੋਂ ਹੀ ਚੱਲੀ ਆ ਰਹੀ ਹੈ। ਪਰਿਵਾਰ ਦਾ ਇੱਜ਼ਤ ਮਾਣ ਬਰਕਰਾਰ ਰੱਖਣ ਵਾਸਤੇ ਮਾਪੇ ਛੋਟੀ ਉਮਰ ਦੀ ਧੀ ਦਾ ਵਿਆਹ ਕਰ ਕੇ ਸੁਰਖ਼ਰੂ ਹੋਣਾ ਲੋਚਦੇ ਸਨ। ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਦਾ ਨਾ-ਬਰਾਬਰੀ ਵਾਲਾ ਦਰਜਾ, ਔਰਤਾਂ ਲਈ ਸੁਰੱਖਿਅਤ ਮਾਹੌਲ ਦੀ ਅਣਹੋਂਦ ਅਤੇ ਔਰਤਾਂ ਨੂੰ ਅਜੇ ਵੀ ਭੋਗ-ਵਿਲਾਸ ਦੀ ਵਸਤੂ ਮੰਨਣਾ ਆਦਿ ਪ੍ਰਮੁੱਖ ਕਾਰਨ ਦੱਸੇ ਜਾਂਦੇ ਹਨ ਜਿਹੜੇ ਲੜਕੀ ਦੇ ਛੋਟੀ ਉਮਰ ਵਿਚ ਵਿਆਹ ਨੂੰ ਜਾਇਜ਼ ਠਹਿਰਾਉਂਦੇ ਹਨ। ਪੇਂਡੂ ਇਲਾਕਿਆਂ ਦੀਆਂ ਅਨਪੜ੍ਹ ਜਾਂ ਘੱਟ ਪੜ੍ਹੀਆਂ ਲਿਖੀਆਂ ਔਰਤਾਂ ਜਿਹੜੀਆਂ ਵਧੇਰੇ ਕਰ ਕੇ ਗ਼ਰੀਬ ਪਰਿਵਾਰਾਂ ਵਿਚੋਂ ਹਨ ਜਾਂ ਪੱਛੜੀਆਂ ਜਾਤਾਂ/ਜਨਜਾਤੀਆਂ ਨਾਲ ਸਬੰਧਿਤ ਹਨ ਉਨ੍ਹਾਂ ਲੜਕੀਆਂ ਦੇ ਵਿਆਹ ਛੋਟੀ ਉਮਰ ਵਿਚ ਕਰ ਦਿੱਤੇ ਜਾਂਦੇ ਹਨ। ਤਰਕ ਇਹ ਦਿੱਤਾ ਜਾਂਦਾ ਹੈ ਕਿ ਛੋਟੀ ਉਮਰ ਦੀ ਲੜਕੀ ਨੂੰ ਵਿਆਹ ਵੇਲੇ ਦਾਜ ਦੀ ਰਕਮ ਵੀ ਘੱਟ ਦੇਣੀ ਪੈਂਦੀ ਹੈ ਪਰ ਹੁਣ ਜ਼ਮਾਨਾ ਬਦਲ ਚੁੱਕਾ ਹੈ। ਸਮਾਜਿਕ ਕਦਰਾਂ ਕੀਮਤਾਂ ਵਿਚ ਵੀ ਉਸੇ ਹਿਸਾਬ ਨਾਲ ਤਬਦੀਲੀ ਆ ਰਹੀ ਹੈ। ਬਾਲ ਵਿਆਹ ਨਾ ਸਿਰਫ਼ ਕਾਨੂੰਨੀ ਅਪਰਾਧ ਹੈ ਸਗੋਂ ਇਸ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਗਿਆ ਹੈ। ਇਸ ਦਾ ਭਾਵ ਹੈ ਕਿ ਉਨ੍ਹਾਂ ਬੱਚਿਆਂ ਨੂੰ ਸਿੱਖਿਆ, ਸਿਹਤ, ਆਜ਼ਾਦ ਵਿਚਾਰ ਪ੍ਰਗਟ ਕਰਨ ਦੇ ਅਧਿਕਾਰ ਤੋਂ ਵਿਰਵੇ ਕਰਨ ਦੇ ਨਾਲ ਨਾਲ ਆਪਣੇ ਸਰੀਰ ਉਪਰ ਆਪਣਾ ਅਧਿਕਾਰ ਜਾਂ ਫ਼ੈਸਲੇ ਲੈਣ ਆਦਿ, ਸਭ ਕੁਝ ਤੋਂ ਵਾਂਝਿਆ ਕਰਨਾ ਹੈ। ਇਸ ਨਾਲ ਛੋਟੀ ਉਮਰ ਵਿਚ ਮਾਂ ਬਣਨ ਦੇ ਮੌਕੇ ਵਧਣ ਕਾਰਨ ਜਣੇਪੇ ਦੌਰਾਨ ਹੋਣ ਵਾਲੀਆਂ ਮੌਤਾਂ ਦੀ ਦਰ ਅਤੇ ਪੰਜ ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀ ਮੌਤ ਦਰ ਵਿਚ ਵਾਧਾ ਹੁੰਦਾ ਹੈ। ਅਣਚਾਹੇ ਗਰਭ ਠਹਿਰਨੇ, ਮਰੇ ਹੋਏ ਬੱਚੇ ਪੈਦਾ ਹੋਣੇ, ਗਰਭ ਗਿਰਨ ਆਦਿ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਇਸ ਤੋਂ ਇਲਾਵਾ ਘਰੇਲੂ ਹਿੰਸਾ ਅਤੇ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਧਣ ਕਾਰਨ ਮਾਨਸਿਕ ਅਤੇ ਸਰੀਰਕ ਪ੍ਰੇਸ਼ਾਨੀਆਂ ਵੀ ਵਧਦੀਆਂ ਹਨ। ਬਾਲ ਵਿਆਹਾਂ ਦੇ ਭਿਆਨਕ ਪ੍ਰਭਾਵਾਂ ਦੇ ਬਾਵਜੂਦ ਇਸ ਵਰਤਾਰੇ ਤੋਂ ਕੋਈ ਵੀ ਦੇਸ਼ ਮੁਕਤ ਨਹੀਂ ਹੈ, ਪਰ ਦੱਖਣੀ ਏਸ਼ਿਆਈ ਮੁਲਕ ਇਸ ਤੋਂ ਜ਼ਿਆਦਾ ਪ੍ਰਭਾਵਿਤ ਹਨ ਜਿਵੇਂ ਬੰਗਲਾਦੇਸ਼, ਨੇਪਾਲ, ਭਾਰਤ ਅਤੇ ਪਾਕਿਸਤਾਨ ਦਾ ਪੱਛਮੀ ਭਾਗ। ਦੁਨੀਆਂ ਦੇ ਕਹਿੰਦੇ ਕਹਾਉਂਦੇ ਵਿਕਸਿਤ ਪੱਛਮੀ ਦੇਸ਼ ਵੀ ਇਸ ਸਮੱਸਿਆ ਤੋਂ ਮੁਕਤ ਨਹੀਂ। ਅਮਰੀਕਾ ਦੇ ਪੀ.ਈ.ਡਬਲਿਊ. ਖੋਜ ਕੇਂਦਰ ਨੇ ਜਨਗਣਨਾ ਬਿਊਰੋ ਅਮਰੀਕਾ ਦੇ ਕਮਿਊਨਟੀ ਸਰਵੇ 2014 ਦੇ ਹਵਾਲੇ ਨਾਲ ਦੱਸਿਆ ਕਿ ਅਮਰੀਕਾ ਦੇ 36 ਰਾਜਾਂ, ਖ਼ਾਸ ਤੌਰ 'ਤੇ ਮੱਧ ਅਮਰੀਕਾ ਦੇ ਦੱਖਣੀ ਰਾਜਾਂ ਵਿਚ ਬਾਲ ਵਿਆਹ ਹੋ ਰਹੇ ਹਨ। ਇਨ੍ਹਾਂ ਵਿਚ ਪੱਛਮੀ ਵਰਜੀਨੀਆ, ਟੈਕਸਾਸ, ਫਲੋਰੀਡਾ ਦਾ ਜ਼ਿਕਰ ਵਧੇਰੇ ਹੁੰਦਾ ਹੈ। ਭਾਵੇਂ ਇਹ ਪ੍ਰਥਾ ਆਮ ਨਹੀਂ ਹੈ ਪਰ ਉੱਥੇ ਕਾਨੂੰਨੀ ਮਨਾਹੀ ਜਾਂ ਆਦੇਸ਼ ਵੀ ਨਹੀਂ ਹੈ। ਉੱਥੇ ਕਾਨੂੰਨੀ ਸਹਿਮਤੀ ਜਾਂ ਮਾਪਿਆਂ ਦੀ ਰਜ਼ਾਮੰਦੀ ਅਤੇ ਜਾਣਕਾਰੀ ਤਹਿਤ 16-17 ਸਾਲਾਂ ਦੇ ਬੱਚੇ ਵਿਆਹ ਕਰਵਾ ਸਕਦੇ ਹਨ। ਇਸ ਰਿਪੋਰਟ ਵਿਚ ਇਹ ਵੀ ਦਰਜ ਹੈ ਕਿ 15 ਤੋਂ 17 ਸਾਲ ਦੀ ਉਮਰ ਦੇ ਵਿਆਹੇ ਜੋੜਿਆਂ ਵਿਚ 55 ਫ਼ੀਸਦੀ ਕੁੜੀਆਂ ਹਨ। ਇਸ ਦੇ ਨਾਲ ਹੀ ਕਿਹਾ ਗਿਆ ਹੈ ਕਿ ਇਸ ਬਾਰੇ ਲੋਕ ਖੁੱਲ੍ਹ ਕੇ ਨਹੀਂ ਦੱਸਦੇ। ਇਸ ਲਈ ਇਹ ਅੰਕੜੇ ਅਸਲੀਅਤ ਤੋਂ ਕਿਤੇ ਵਧੇਰੇ ਹੋ ਸਕਦੇ ਹਨ। ਇਹ ਗੱਲਾਂ ਅਮੀਰ ਅਤੇ ਵਿਕਸਿਤ ਦੇਸ਼ਾਂ ਦੀਆਂ ਹਨ ਜਿੱਥੇ ਇਹ ਵਰਤਾਰਾ ਮਜਬੂਰੀਵੱਸ ਨਹੀਂ ਹੈ। ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਇਹ ਸਮੱਸਿਆ ਵਧੇਰੇ ਚਿੰਤਾਜਨਕ ਹੈ। ਭਾਰਤ ਵਿਚ ਕੌਮੀ ਪਰਿਵਾਰ ਸਿਹਤ ਸਰਵੇਖਣ ਅਨੁਸਾਰ 2005-06 ਵਿਚ 47 ਫ਼ੀਸਦੀ ਬਾਲ ਵਿਆਹ ਹੋ ਰਹੇ ਸਨ ਜਿਹੜੇ ਘਟ ਕੇ 2015-16 ਵਿਚ 26.8 ਫ਼ੀਸਦੀ ਅਤੇ 2020-21 ਵਿਚ 23.3 ਫ਼ੀਸਦੀ ਹਨ। ਵੱਖੋ ਵੱਖਰੇ ਰਾਜਾਂ ਦੇ ਅੰਕੜੇ ਦੇਖਣ ਤੋਂ ਪਤਾ ਲੱਗਦਾ ਹੈ ਕਿ ਪੱਛਮੀ ਬੰਗਾਲ, ਬਿਹਾਰ ਅਤੇ ਤ੍ਰਿਪੁਰਾ ਉਨ੍ਹਾਂ ਅੱਠ ਰਾਜਾਂ ਵਿਚੋਂ ਹਨ ਜਿੱਥੇ 40 ਫ਼ੀਸਦੀ ਲੜਕੀਆਂ ਦੇ ਵਿਆਹ 18 ਸਾਲ ਤੋਂ ਘੱਟ ਉਮਰ ਵਿਚ ਹੋਏ ਹਨ। ਬਾਕੀ ਰਾਜ ਹਨ- ਝਾਰਖੰਡ, ਆਸਾਮ ,ਆਂਧਰਾ ਪ੍ਰਦੇਸ਼, ਰਾਜਸਥਾਨ ਅਤੇ ਤਿਲੰਗਾਨਾ। ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ 2022 ਵਿਚ ਝਾਰਖੰਡ ਵਿਚ 54.6 ਫ਼ੀਸਦੀ ਅਤੇ ਰਾਜਸਥਾਨ ਵਿਚ 54.9 ਫ਼ੀਸਦੀ ਕੇਸ ਦਰਜ ਕੀਤੇ ਗਏ ਹਨ। ਇਹ ਬਾਲ ਵਿਆਹ ਗ਼ਰੀਬ ਪਰਿਵਾਰਾਂ, ਪਛੜੀਆਂ ਜਾਤੀਆਂ ਤੇ ਕਬੀਲਿਆਂ ਵਿਚ ਜ਼ਿਆਦਾ ਪ੍ਰਚੱਲਿਤ ਹਨ ਜਿੱਥੇ ਜ਼ਿਆਦਾਤਰ ਲੋਕ ਅਨਪੜ੍ਹ ਹਨ। ਕੇਰਲ ਅਤੇ ਜੰਮੂ ਕਸ਼ਮੀਰ ਵਿਚ ਬਾਲ ਵਿਆਹ ਦਾ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ। ਕਾਰਨ ਸਪਸ਼ਟ ਹੈ ਕਿ ਕੇਰਲ ਸਾਖਰਤਾ ਦਰ ਵਿਚ ਸਭ ਤੋਂ ਅੱਗੇ ਹੈ ਅਤੇ ਜੰਮੂ ਕਸ਼ਮੀਰ ਵਿਚ ਮਰਦ-ਔਰਤ ਹੱਡ ਭੰਨਵੀਂ ਮਿਹਨਤ ਕਰਦੇ ਹਨ। ਸੋ ਔਰਤ ਦਾ ਦਰਜਾ ਪਰਿਵਾਰ ਵਿਚ ਲਗਪਗ ਬਰਾਬਰੀ ਵਾਲਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੋਵਾਂ ਰਾਜਾਂ ਵਿਚ ਗ਼ਰੀਬੀ ਰੇਖਾ ਤੋਂ ਥੱਲੇ ਰਹਿੰਦੇ ਲੋਕਾਂ ਦਾ ਅਨੁਪਾਤ ਵੀ ਕੌਮੀ ਅਨੁਪਾਤ ਤੋਂ ਘੱਟ ਹੈ।

ਜਦੋਂ ਬਾਲ ਵਿਆਹਾਂ ਦੇ ਮਾੜੇ ਪ੍ਰਭਾਵਾਂ ਨੂੰ ਦੇਖਦਿਆਂ ਇਨ੍ਹਾਂ ਵਿਰੁੱਧ ਕਾਰਵਾਈ ਕਰਨ ਦਾ ਸੁਆਲ ਉਠਦਾ ਹੈ ਤਾਂ ਸਮਾਜਿਕ ਪੱਖ ਨਾਲੋਂ ਰਾਜਨੀਤਕ ਪੱਖ ਵਧੇਰੇ ਭਾਰੂ ਹੋ ਜਾਂਦਾ ਹੈ। ਆਸਾਮ ਸਭ ਤੋਂ ਪਹਿਲਾਂ ਨਿਸ਼ਾਨੇ 'ਤੇ ਆਇਆ ਹੈ ਜਿੱਥੇ ਇਹ ਵਰਤਾਰਾ ਗ਼ਰੀਬ ਅਤੇ ਮੁਸਲਿਮ ਭਾਈਚਾਰੇ ਵਿਚ ਜ਼ਿਆਦਾ ਹੈ। ਉੱਥੇ ਕੇਂਦਰ ਦੀ ਆਪਣੀ ਸਰਕਾਰ ਹੈ ਪਰ ਵਧੇਰੇ ਲੋਕ ਦੂਜੇ ਧਰਮ ਦੇ ਅਤੇ ਆਰਥਿਕ ਪੱਖੋਂ ਕਮਜ਼ੋਰ ਹਨ। ਇਸ ਲਈ ਉੱਥੇ ਕਾਨੂੰਨ ਦੀ ਆੜ ਹੇਠ ਸਖ਼ਤੀ ਕਰਨਾ ਆਸਾਨ ਵੀ ਹੈ। ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਸਿਰਫ਼ ਆਸਾਮ ਰਾਜ ਵਿਚ ਹੋ ਚੁੱਕੇ ਬਾਲ ਵਿਆਹਾਂ ਵਿਰੁੱਧ ਚਾਣਚੱਕ ਕਾਰਵਾਈ ਕਰਨੀ ਜਾਂ ਉਨ੍ਹਾਂ ਨੂੰ ਰੱਦ ਕਰਨ ਦੇ ਯਤਨ ਕਰਨੇ, ਰਾਜਨੀਤਕ ਪੱਖ ਤੋਂ ਸ਼ਾਇਦ ਕਿਸੇ ਮਕਸਦ ਨੂੰ ਪੂਰਾ ਕਰਦੇ ਹੋਣ ਪਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਨਜ਼ਰੀਏ ਤੋਂ ਇਹ ਅਤਿਅੰਤ ਨਿਰਾਸ਼ਾਜਨਕ ਹੈ।

ਬਾਲ ਵਿਆਹ ਦੀ ਸਮੱਸਿਆ ਉੱਪਰ ਕਾਬੂ ਪਾਉਣ ਲਈ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੀ ਵਿਵਸਥਾ ਉਪਰ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ। ਯੂਨਾਈਟਡ ਨੇਸ਼ਨਜ਼ ਫੰਡ ਫਾਰ ਪਾਪੂਲੇਸ਼ਨ ਐਕਵਿਟੀ (ਯੂ.ਐਨ.ਐਫ.ਪੀ.ਏ.) ਸੰਯੁਕਤ ਰਾਸ਼ਟਰ ਸੰਘ ਦੀ ਵਸੋਂ ਨਾਲ ਸਬੰਧਿਤ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਲਈ ਫੰਡ ਜੁਟਾਉਣ ਵਾਲੀ ਸੰਸਥਾ ਹੈ। ਇਸ ਦੀ 2020 ਦੀ ਰਿਪੋਰਟ ਅਨੁਸਾਰ 51 ਫ਼ੀਸਦੀ ਅਨਪੜ੍ਹ ਅਤੇ 47 ਫ਼ੀਸਦੀ ਘੱਟ ਪੜ੍ਹੀਆਂ ਲਿਖੀਆਂ (ਪੰਜਵੀਂ ਪਾਸ) ਲੜਕੀਆਂ ਦੇ ਵਿਆਹ 18 ਸਾਲ ਤੱਕ ਹੋ ਜਾਂਦੇ ਹਨ ਜਦੋਂਕਿ ਪੜ੍ਹੀਆਂ ਲਿਖੀਆਂ ਲੜਕੀਆਂ ਦੇ ਵਿਆਹ ਲੇਟ ਹੁੰਦੇ ਹਨ। ਇਹੀ ਹਾਲ ਗ਼ਰੀਬ ਅਤੇ ਪਛੜੀਆਂ ਜਾਤਾਂ, ਜਨਜਾਤੀਆਂ ਦਾ ਹੈ। ਕੌਮੀ ਪਰਿਵਾਰ ਸਿਹਤ ਸਰਵੇਖਣ-5 ਦੀ ਰਿਪੋਰਟ ਇਹ ਵੀ ਸਪਸ਼ਟ ਕਰਦੀ ਹੈ ਕਿ ਸਿੱਖਿਆ ਅਤੇ ਆਰਥਿਕ ਵਿਕਾਸ, ਜਿਸ ਵਿਚ ਰੁਜ਼ਗਾਰ ਵੀ ਸ਼ਾਮਲ ਹੈ, ਬਾਲ ਵਿਆਹਾਂ ਨੂੰ ਠੱਲ ਪਾਉਣ ਲਈ ਸਹਾਈ ਹੁੰਦੇ ਹਨ। ਅੰਤਰਰਾਸ਼ਟਰੀ ਸੰਸਥਾ ਯੂਨੀਸੈਫ ਸਮੇਤ ਹੋਰ ਕਈ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਜਾਗਰੂਕ ਜਥੇਬੰਦੀਆਂ ਨੇ 2030 ਤੱਕ ਇਸ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਦਾ ਟੀਚਾ ਮਿੱਥਿਆ ਹੋਇਆ ਹੈ। ਇਸ ਵਿਚ ਮੁੱਖ ਤੌਰ 'ਤੇ ਅੱਲ੍ਹੜ ਉਮਰ ਦੇ ਬੱਚਿਆਂ ਨੂੰ ਸਰੀਰਕ ਸਿੱਖਿਆ, ਪ੍ਰਜਨਣ ਅੰਗਾਂ ਬਾਰੇ ਜਾਣਕਾਰੀ ਤੋਂ ਇਲਾਵਾ ਉਨ੍ਹਾਂ ਨੂੰ ਕਿੱਤਾਮੁਖੀ ਕੋਰਸਾਂ ਦੀ ਸਿਖਲਾਈ ਦੇਣ ਦੇ ਨਾਲ ਨਾਲ ਲੋੜ ਪੈਣ 'ਤੇ ਕਾਉਂਸਲਿੰਗ ਆਦਿ ਕੀਤੀ ਜਾਂਦੀ ਹੈ। ਇਸ ਲਈ ਰਾਜਨੀਤਕ ਮੁਫ਼ਾਦਾਂ ਨੂੰ ਲਾਂਭੇ ਰੱਖਦਿਆਂ ਆਰਥਿਕ ਵਿਕਾਸ ਦੇ ਨਾਲ ਨਾਲ ਸਮਾਜਿਕ-ਸਭਿਆਚਾਰਕ ਕਦਰਾਂ ਕੀਮਤਾਂ ਵੱਲ ਧਿਆਨ ਦੇਣਾ ਹੋਵੇਗਾ। ਮਰਦ ਤੇ ਔਰਤ ਦੀ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਦਿਆਂ ਬੱਚਿਆਂ ਵਿਚ ਸਵੈ-ਵਿਸ਼ਵਾਸ, ਸਵੈ-ਸਨਮਾਨ ਅਤੇ ਸਮਰੱਥਾ ਨਿਰਮਾਣ ਕਰਨ ਦੀ ਬੇਹੱਦ ਜ਼ਰੂਰਤ ਹੈ।

# ਮਗਨਰੇਗਾ ਦੀ ਬੇਕਦਰੀ

ਜ਼ੋਇਆ ਹਸਨ

ਹੱਕ ਅਤੇ ਸਮਾਨਤਾ ਅਜਿਹੇ ਸ਼ਬਦ ਹਨ ਜੋ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਦੇ ਆਗੂਆਂ ਦੀਆਂ ਆਪਣੀਆਂ ਪ੍ਰਾਪਤੀਆਂ ਬਾਰੇ ਤਕਰੀਰਾਂ ਅਤੇ ਸਰਕਾਰੀ ਇਸ਼ਤਿਹਾਰਾਂ 'ਚੋਂ ਅਕਸਰ ਗਾਇਬ ਰਹਿੰਦੇ ਹਨ। ਸਾਲ ਕੁ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਿਆ ਸੀ ਕਿ ਫਰਜ਼ਾਂ ਦੀ ਬਜਾਇ ਹੱਕਾਂ 'ਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ ਹਾਲਾਂਕਿ ਸੰਵਿਧਾਨ ਵਿਚ ਵੀ ਦੋਹਾਂ ਨੂੰ ਬਰਾਬਰੀ ਦੇ ਆਧਾਰ 'ਤੇ ਨਹੀਂ ਰੱਖਿਆ ਗਿਆ। ਹੱਕਾਂ ਅਤੇ ਫਰਜ਼ਾਂ ਦੀ ਇਸ ਨਵੀਂ ਵਿਉਂਤਬੰਦੀ ਦਾ ਫਰਜ਼ਾਂ 'ਤੇ ਜ਼ਿਆਦਾ ਧਿਆਨ ਦੇਣ ਨਾਲ ਓਨਾ ਵਾਹ-ਵਾਸਤਾ ਨਹੀਂ ਜਿੰਨਾ ਹੱਕਾਂ ਵੱਲ ਘੱਟ ਧਿਆਨ ਦੇਣ ਨਾਲ ਹੈ। ਮਹਾਤਮਾ ਗਾਂਧੀ ਕੌਮੀ ਦਿਹਾਤੀ ਰੁਜ਼ਗਾਰ ਗਾਰੰਟੀ ਯੋਜਨਾ (ਮਗਨਰੇਗਾ) ਪ੍ਰਤੀ ਮਾੜੇ ਰਵੱਈਏ ਅਤੇ ਇਸ ਬਾਬਤ ਬਜਟ ਘਟਾਉਣ ਤੋਂ ਇਹ ਗੱਲ ਸਾਫ਼ ਹੋ ਜਾਂਦੀ ਹੈ। ਇਸ ਨਾਲ ਹੱਕਾਂ ਦਾ ਵਡੇਰਾ ਮੁੱਦਾ ਹੀ ਨਹੀਂ ਜੁੜਿਆ ਹੋਇਆ ਸਗੋਂ ਸਮਾਜ ਦੇ ਸਭ ਤੋਂ ਕਮਜ਼ੋਰ ਤਬਕਿਆਂ ਦੀ ਭਲਾਈ ਵੀ ਪ੍ਰਭਾਵਿਤ ਹੁੰਦੀ ਹੈ।

2005 ਵਿਚ ਪਾਸ ਮਗਨਰੇਗਾ ਦਿਹਾਤੀ ਨਾਗਰਿਕਾਂ ਨੂੰ ਗਾਰੰਟੀਸ਼ੁਦਾ ਰੁਜ਼ਗਾਰ ਮੁਹੱਈਆ ਕਰਾਉਣ ਦਾ ਮਿਸਾਲੀ ਕਾਨੂੰਨ ਹੈ। ਇਹ ਆਜ਼ਾਦ ਭਾਰਤ ਦੀ ਸਭ ਤੋਂ ਵੱਡੀ ਇਕਹਿਰੀ ਦਿਹਾਤੀ ਰੁਜ਼ਗਾਰ ਯੋਜਨਾ ਹੈ। ਇਸ ਤਹਿਤ ਸਾਲ 'ਚ ਪਰਿਵਾਰ ਦੇ ਇਕ ਜੀਅ ਨੂੰ 100 ਦਿਨ ਰੁਜ਼ਗਾਰ ਦਿੱਤਾ ਜਾਂਦਾ ਹੈ; ਅਹਿਮ ਗੱਲ ਇਹ ਕਿ ਯੋਜਨਾ ਲੋਕਾਂ ਨੂੰ ਆਰਥਿਕ ਅਧਿਕਾਰ ਦਿੰਦਾ ਹੈ ਅਤੇ ਜੇ ਸੂਬਾਈ ਸਰਕਾਰ 100 ਦਿਨਾਂ ਦਾ ਰੁਜ਼ਗਾਰ ਨਹੀਂ ਦਿੰਦੀ ਤਾਂ ਰੁਜ਼ਗਾਰ ਮੰਗਣ ਵਾਲੇ ਸ਼ਖ਼ਸ ਨੂੰ ਮੁਆਵਜ਼ਾ ਦੇਣਾ ਪਵੇਗਾ।

ਉਂਝ, ਇਸ ਯੋਜਨਾ ਲਈ ਬਜਟ ਵਿਚ ਕਟੌਤੀਆਂ ਦੀ ਬੁਰੀ ਮਾਰ ਪਈ ਹੈ। ਇਸ ਯੋਜਨਾ ਦੀ ਸ਼ੁਰੂਆਤ ਸਾਂਝੇ ਪ੍ਰਗਤੀਸ਼ੀਲ ਮੋਰਚੇ (ਯੂ.ਪੀ.ਏ.) ਦੀ ਸਰਕਾਰ ਦੇ ਪਹਿਲੇ ਕਾਰਜਕਾਲ ਵੇਲੇ ਹੋਈ ਸੀ ਪਰ ਇਸ ਦੇ ਦੂਜੇ ਕਾਰਜਕਾਲ ਦੌਰਾਨ ਮਗਨਰੇਗਾ ਦੇ ਬਜਟ ਵਿਚ ਵਾਧਾ ਵਿਹਾਰਕ ਰੂਪ ਵਿਚ ਰੁਕ ਗਿਆ ਅਤੇ ਕੀਮਤਾਂ ਤੇ ਰੁਜ਼ਗਾਰ ਮੰਗਣ ਵਾਲਿਆਂ ਦੀ ਸੰਖਿਆ ਵਿਚ ਵਾਧਾ ਹੋਣ ਦੇ ਮੱਦੇਨਜ਼ਰ ਇਸ ਦੀਆਂ ਉਜਰਤਾਂ ਵਿਚ ਵਾਧਾ ਨਹੀਂ ਕੀਤਾ ਗਿਆ। ਐੱਨ.ਡੀ.ਏ. ਸਰਕਾਰ ਨੇ ਤਾਂ ਇਸ ਦੇ ਬਜਟ ਵਿਚ ਕਟੌਤੀ ਕਰਨ ਅਤੇ ਉਜਰਤਾਂ ਦੀ ਸਮਾਂਬੱਧ ਅਦਾਇਗੀ ਤੇ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਨੂੰ ਪੇਤਲਾ ਕਰਨ ਦਾ ਰਾਹ ਅਖ਼ਤਿਆਰ ਕਰ ਲਿਆ। ਇਹ ਸਭ ਉਦੋਂ ਕੀਤਾ ਜਾ ਰਿਹਾ ਹੈ ਜਦੋਂ ਮੁਲਕ ਵਿਚ ਬੇਰੁਜ਼ਗਾਰੀ ਅਤੇ ਆਮਦਨ ਵਿਚਕਾਰ ਪਾੜਾ ਵਧ ਰਿਹਾ ਹੈ। ਆਲਮੀ ਨਾ-ਬਰਾਬਰੀ ਰਿਪੋਰਟ-2022 ਅਤੇ ਔਕਸਫੈਮ ਨਾ-ਬਰਾਬਰੀ ਰਿਪੋਰਟ-2023 ਵਿਚ ਦਰਸਾਇਆ ਹੈ ਕਿ ਭਾਰਤ ਆਮਦਨ ਅਤੇ ਅਸਾਸਿਆਂ ਵਿਚ ਪਾੜੇ ਪੱਖੋਂ ਦੁਨੀਆ ਦਾ ਸਭ ਤੋਂ ਵੱਧ ਨਾ-ਬਰਾਬਰੀ ਭਰਿਆ ਮੁਲਕ ਹੈ। ਭਾਰਤ ਵਿਚ ਪਿਛਲੇ ਕੁਝ ਸਾਲਾਂ ਤੋਂ ਆਰਥਿਕ ਨਾ-ਬਰਾਬਰੀ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ; ਫਿਰ ਵੀ ਇਕ ਪਾਸੇ ਬਜਟ 'ਚ ਕਟੌਤੀ ਜ਼ਰੀਏ ਸਮਾਜਿਕ ਸੁਰੱਖਿਆ ਦੇ ਕਈ ਪ੍ਰੋਗਰਾਮਾਂ 'ਤੇ ਸੱਟ ਮਾਰੀ ਜਾ ਰਹੀ ਹੈ, ਦੂਜੇ ਪਾਸੇ ਮਗਨਰੇਗਾ ਵਰਗੀਆਂ ਯੋਜਨਾਵਾਂ ਦੀ ਵੁੱਕਤ ਘਟਾਈ ਜਾ ਰਹੀ ਹੈ ਜੋ ਕੌਮੀ ਖਾਧ ਸੁਰੱਖਿਆ ਕਾਨੂੰਨ ਦਾ ਵੀ ਅੰਗ ਹੈ।

ਮਗਨਰੇਗਾ ਪ੍ਰਤੀ ਮੌਜੂਦਾ ਸਰਕਾਰ ਦਾ ਰਵੱਈਆ ਕਾਫ਼ੀ ਮੱਠਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਖੜ੍ਹੇ ਹੋ ਕੇ ਇਸ ਯੋਜਨਾ ਦਾ ਮੌਜੂ ਉਡਾਇਆ ਸੀ। ਵਿੱਤ ਮੰਤਰੀ ਨੇ ਐਤਕੀਂ ਆਪਣੇ ਬਜਟ ਭਾਸ਼ਣ ਵਿਚ ਇਸ ਦਾ ਸਿਰਫ਼ ਇਕ ਵਾਰ ਜ਼ਿਕਰ ਕੀਤਾ। ਐੱਨ.ਡੀ.ਏ. ਸਰਕਾਰ ਨੇ ਇਹ ਯੋਜਨਾ ਖਤਮ ਭਾਵੇਂ ਨਹੀਂ ਕੀਤੀ ਪਰ ਇਸ ਦੇ ਬਜਟ 'ਚ ਕਟੌਤੀ ਕਰ ਕੇ ਇਸ ਦਾ ਸਾਹ ਔਖਾ ਜ਼ਰੂਰ ਕਰ ਦਿੱਤਾ। 2023-24 ਦੇ ਬਜਟ ਵਿਚ ਇਸ ਯੋਜਨਾ ਲਈ 61032.65 ਕਰੋੜ ਰੁਪਏ ਰੱਖੇ ਹਨ; 2022-23 ਲਈ ਇਸ ਦਾ ਸੋਧਿਆ ਬਜਟ 73000 ਕਰੋੜ ਰੁਪਏ ਸੀ। ਪਿਛਲੇ ਚਾਰ ਸਾਲਾਂ ਦੌਰਾਨ ਮਗਨਰੇਗਾ ਦਾ ਸਭ ਤੋਂ ਘੱਟ ਬਜਟ ਰੱਖਿਆ ਗਿਆ ਹੈ ਅਤੇ ਇਹ ਕਟੌਤੀ 30 ਫ਼ੀਸਦ ਬਣਦੀ ਹੈ। ਪਿਛਲੇ ਸਾਲ ਇਸ ਦੇ ਬਜਟ ਵਿਚ 25 ਫ਼ੀਸਦ ਕਟੌਤੀ ਕੀਤੀ ਤੇ ਇਹ 98000 ਕਰੋੜ ਰੁਪਏ ਦੇ ਸੋਧੇ ਹੋਏ ਬਜਟ ਅਨੁਮਾਨ ਤੋਂ ਘਟਾ ਕੇ 73000 ਕਰੋੜ ਰੁਪਏ ਕਰ ਦਿੱਤਾ ਸੀ।

ਮਗਨਰੇਗਾ ਦੇ ਬਜਟ ਵਿਚ ਲਗਾਤਾਰ ਕਟੌਤੀ ਤੋਂ ਸਰਕਾਰ ਦੇ ਇਰਾਦਿਆਂ ਬਾਰੇ ਸ਼ੱਕ ਪੈਦਾ ਹੋ ਗਈ ਹੈ। ਫੰਡਾਂ ਵਿਚ ਕਟੌਤੀ ਕਰ ਕੇ ਸਰਕਾਰ ਹੋਰ ਮੱਦਾਂ ਦੇ ਮੁਕਾਬਲੇ ਇਸ ਯੋਜਨਾ 'ਤੇ ਖਰਚ ਘਟਾਉਣ ਦਾ ਸੰਦੇਸ਼ ਦੇ ਰਹੀ ਹੈ; ਮਤਲਬ, ਇਸ ਯੋਜਨਾ ਤਹਿਤ ਪਹਿਲਕਦਮੀਆਂ ਘਟ ਜਾਣਗੀਆਂ। ਫੰਡਾਂ ਵਿਚ ਕਮੀ ਨਾਲ ਸਾਰਿਆਂ ਨੂੰ 100 ਦਿਨਾ ਘੱਟੋ-ਘੱਟ ਰੁਜ਼ਗਾਰ ਦੇਣਾ ਮੁਸ਼ਕਿਲ ਹੋ ਜਾਵੇਗਾ ਜੋ ਦਿਹਾਤੀ ਖੇਤਰਾਂ ਦੇ ਗ਼ਰੀਬ ਪਰਿਵਾਰਾਂ ਲਈ ਬਹੁਤ ਮਾਇਨੇ ਰੱਖਦਾ ਹੈ। ਅਸਲ ਵਿਚ ਇਸ ਯੋਜਨਾ ਤਹਿਤ ਦਿੱਤਾ ਜਾਣ ਵਾਲਾ ਔਸਤ ਰੁਜ਼ਗਾਰ 100 ਦਿਨਾਂ ਤੋਂ ਕਾਫ਼ੀ ਘੱਟ ਹੈ, ਕਈ ਵਾਰ ਕਾਮਿਆਂ ਨੂੰ ਛੇ ਮਹੀਨਿਆਂ ਤੱਕ ਕੰਮ ਨਹੀਂ ਦਿੱਤਾ ਜਾਂਦਾ।

ਕਾਨੂੰਨੀ ਤੌਰ 'ਤੇ ਇਹ ਮੰਗ ਨਿਰਦੇਸ਼ਤ ਯੋਜਨਾ ਹੈ ਪਰ ਫੰਡਾਂ ਵਿਚ ਕਮੀ ਆਉਣ ਕਰ ਕੇ ਇਸ ਦਾ ਕਾਰਗਰ ਹੋਣਾ ਘਟ ਰਿਹਾ ਹੈ। ਸਰਕਾਰ ਹਮੇਸ਼ਾ ਦਾਅਵਾ ਕਰਦੀ ਹੈ ਕਿ ਜੇ ਯੋਜਨਾ ਤਹਿਤ ਕੰਮ ਮੰਗਣ ਵਾਲਿਆਂ ਦੀ ਗਿਣਤੀ ਵਧਦੀ ਹੈ ਤਾਂ ਅਸਲ ਰਕਮ ਵਧਾ ਦਿੱਤੀ ਜਾਵੇਗੀ। ਸੋਧੇ ਅਨੁਮਾਨ ਪੇਸ਼ ਕਰਨ ਸਮੇਂ ਮਗਨਰੇਗਾ ਲਈ ਪੂਰਕ ਰਕਮਾਂ ਵਿਚ ਚੋਖਾ ਵਾਧਾ ਦਰਸਾਇਆ ਜਾਂਦਾ ਹੈ ਪਰ ਸ਼ੁਰੂਆਤੀ ਬਜਟ ਘੱਟ ਰੱਖਣ ਨਾਲ ਇਸ ਨੂੰ ਨਿਰਉਤਸ਼ਾਹਿਤ ਕਰਦੀ ਹੈ। ਇਸ ਨਾਲ ਮੰਗ ਘਟ ਜਾਂਦੀ ਹੈ ਜਾਂ ਰੁਕ ਜਾਂਦੀ ਹੈ ਜਿਸ ਨੂੰ ਬਜਟ ਵਿਚ ਵਾਧਾ ਨਾ ਕਰਨ ਦਾ ਆਧਾਰ ਬਣਾਇਆ ਜਾਂਦਾ ਹੈ। ਬਾਅਦ ਵਿਚ ਭਾਵੇਂ ਮੰਗ ਜ਼ਿਆਦਾ ਹੋਣ ਦੇ ਸਿੱਟੇ ਵਜੋਂ ਰਕਮਾਂ ਵਿਚ ਵਾਧਾ ਕਰ ਦਿੱਤਾ ਜਾਂਦਾ ਹੈ ਪਰ ਇਸ ਲਈ ਸਮਾਂ ਲਗਦਾ ਹੈ। ਉਜਰਤਾਂ ਅਤੇ ਸਮੱਗਰੀ ਦੀਆਂ ਲਾਗਤਾਂ ਦੀ ਅਦਾਇਗੀ ਵਿਚ ਦੇਰੀ ਹੁੰਦੀ ਹੈ।

ਇਸ ਤੋਂ ਇਲਾਵਾ ਮਗਨਰੇਗਾ ਦੇ ਬਜਟ ਦਾ ਅੱਧਾ ਹਿੱਸਾ ਬਕਾਏ ਅਦਾ ਕਰਨ 'ਤੇ ਲੱਗ ਜਾਂਦਾ ਹੈ। ਨਤੀਜੇ ਵਜੋਂ ਸਾਲ ਦੇ ਅੱਧ ਵਿਚਕਾਰ ਹੀ ਯੋਜਨਾ ਦੇ ਭਾਂਡੇ ਖਾਲੀ ਹੋ ਜਾਂਦੇ ਹਨ। ਉੱਧਰ, ਕੰਮ ਮੰਗਣ ਵਾਲਿਆਂ ਦੀ ਗਿਣਤੀ ਵਧ ਰਹੀ ਹੁੰਦੀ ਹੈ। ਇਕ ਖੋਜ ਅਤੇ ਪੈਰਵੀ ਗਰੁੱਪ ਪੀਪਲਜ਼ ਐਕਸ਼ਨ ਫਾਰ ਐਂਪਲਾਇਮੈਂਟ ਗਾਰੰਟੀ (ਪੈਗ) ਦੇ ਵਿਸ਼ਲੇਸ਼ਣ ਮੁਤਾਬਕ ਪੰਜ ਸਾਲਾਂ ਤੋਂ ਬਜਟ ਦਾ ਕਰੀਬ 21 ਫ਼ੀਸਦ ਪੈਸਾ ਪਿਛਲੇ ਸਾਲ ਦੇ ਬਕਾਏ 'ਤੇ ਖਰਚ ਕੀਤਾ ਜਾ ਰਿਹਾ ਹੈ। 2022-23 ਦੌਰਾਨ 16070 ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ। ਇਸ ਲਈ 'ਪੈਗ' ਨੇ ਮੰਗ ਕੀਤੀ ਸੀ ਕਿ ਕੇਂਦਰ ਸਰਕਾਰ 2023-24 ਲਈ 2.72 ਲੱਖ ਕਰੋੜ ਰੁਪਏ ਦਾ ਬਜਟ ਰੱਖੇ ਅਤੇ ਪਿਛਲੇ ਸਾਲ ਦੇ ਸੋਧੇ ਅਨੁਮਾਨ ਨਾਲੋਂ ਤਿੰਨ ਫ਼ੀਸਦ ਜ਼ਿਆਦਾ ਪਰਿਵਾਰਾਂ ਨੂੰ 100 ਦਿਨਾਂ ਦਾ ਘੱਟੋ-ਘੱਟ ਕੰਮ ਦੇਵੇ। ਪਿਛਲੇ ਬਕਾਇਆਂ ਅਤੇ ਕੰਮ ਦੀ ਵਧਦੀ ਮੰਗ ਦਾ ਹਿਸਾਬ ਕਿਤਾਬ ਲਾਉਣ ਤੋਂ ਬਾਅਦ ਇਹ ਮੰਗ ਰੱਖੀ ਗਈ ਸੀ। ਮਗਨਰੇਗਾ ਰਾਹੀਂ ਲੱਖਾਂ ਦਿਹਾਤੀ ਪਰਿਵਾਰਾਂ ਨੂੰ ਰੁਜ਼ਗਾਰ ਮਿਲਦਾ ਹੈ। ਇਸੇ ਕਰ ਕੇ ਇਸ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ। ਕੋਵਿਡ-19 ਦੌਰਾਨ ਇਸ ਤਹਿਤ ਸ਼ਹਿਰਾਂ ਤੋਂ ਆਪਣੇ ਪਿੰਡਾਂ ਵਿਚ ਵਾਪਸ ਆਉਣ ਵਾਲੇ ਲੱਖਾਂ ਪਰਵਾਸੀ ਮਜ਼ਦੂਰਾਂ ਨੂੰ ਰੋਜ਼ੀ ਕਮਾਉਣ ਲਈ ਇਹੀ ਯੋਜਨਾ ਕਾਰਆਮਦ ਸਾਬਿਤ ਹੋਈ ਸੀ।

ਉਂਝ, ਮੁਲਕ ਦੇ ਆਰਥਿਕ ਹਾਲਾਤ ਜਿਹੋ ਜਿਹੇ ਹਨ, ਉਸ ਵਿਚ ਮਗਨਰੇਗਾ ਦੀ ਖਾਸ ਅਹਿਮੀਅਤ ਬਣਦੀ ਹੈ। ਇਸ ਲਈ ਇਸ ਦੇ ਬਜਟ ਵਿਚ ਵਾਧਾ ਕਰਨਾ ਬਣਦਾ ਹੈ। ਮੁਲਕ ਦੇ ਮੌਜੂਦਾ ਆਰਥਿਕ ਹਾਲਾਤ ਦੇ ਮੱਦੇਨਜ਼ਰ ਜੇ ਹੋ ਸਕੇ ਤਾਂ ਕੰਮ ਦੇ ਦਿਨ ਵਧਾ ਕੇ 150 ਕਰਨੇ ਚਾਹੀਦੇ ਹਨ। ਜਦੋਂ ਕੰਮ ਦੀ ਮੰਗ ਅਨੁਸਾਰ ਬਣਦੇ ਫੰਡ ਨਹੀਂ ਰੱਖੇ ਜਾਂਦੇ ਅਤੇ ਨਾ ਹੀ ਕੰਮ ਨਾ ਦੇਣ ਦੀ ਸੂਰਤ ਵਿਚ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ ਤਾਂ ਅਜਿਹਾ ਕਰ ਕੇ ਸਰਕਾਰ ਕਾਮਿਆਂ ਦੇ ਕਾਨੂੰਨੀ ਹੱਕਾਂ ਦਾ ਘਾਣ ਹੀ ਕਰਦੀ ਹੈ।

# ਵਾਮਿਕਾ ਦੀ ਬੱਲੇ-ਬੱਲੇ



ਅਦਾਕਾਰਾ ਵਾਮਿਕਾ ਗੱਬੀ ਅਤੇ ਅਦਾਕਾਰ ਇਸ਼ਾਨ ਖੱਟਰ ਦੀ ਲਘੂ ਫਿਲਮ 'ਫੁਰਸਤ' ਵਿਚ ਕੀਤੇ ਕੰਮ ਲਈ ਭਰਪੂਰ ਸ਼ਲਾਘਾ ਹੋ ਰਹੀ ਹੈ। ਇਸ ਫਿਲਮ ਲਈ ਦੋਵੇਂ ਅਦਾਕਾਰਾਂ ਨੇ ਵਿਸ਼ੇਸ਼ ਤੌਰ 'ਤੇ ਨੱਚਣ ਦੀ ਸਿਖਲਾਈ ਵੀ ਲਈ। ਵਾਮਿਕਾ ਗੱਬੀ ਦੱਸਦੀ ਹੈ, "ਇਸ ਫਿਲਮ ਵਿਚ ਵਿਸ਼ਾਲ ਨੇ ਡਾਂਸ ਨੂੰ ਭਾਸ਼ਾ ਵਜੋਂ ਵਰਤਿਆ ਹੈ। ਇਸ ਫਿਲਮ ਵਿਚ ਜ਼ਿਆਦਾਤਰ ਕੰਟੈਂਪਰੇਰੀ ਡਾਂਸ ਹੈ। ਮੈਨੂੰ ਪਹਿਲਾਂ ਸਿਰਫ਼ ਇਹੀ ਪੁੱਛਿਆ ਗਿਆ ਸੀ ਕਿ ਮੈਨੂੰ ਇਹ ਡਾਂਸ ਕਿੰਨਾ ਕੁ ਆਉਂਦਾ ਹੈ। ਇਸ ਡਾਂਸ ਲਈ ਹਰ ਇਕ ਨੂੰ ਸ਼ੀਸ਼ੇ ਸਾਹਮਣੇ ਖੜ੍ਹ ਕੇ ਇੱਕ ਦੂਜੇ ਵੱਲ ਤੱਕਦੇ ਹੋਏ ਨੱਚਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਟਾਈਮਿੰਗ ਇਸ ਡਾਂਸ ਦੀ ਕੁੰਜੀ ਹੈ। ਹਾਲਾਂਕਿ ਮੈਂ ਕੱਥਕ ਸਿੱਖਿਆ ਹੋਇਆ ਹੈ ਪਰ ਮੈਂ ਦੋ ਹਫ਼ਤੇ ਕੰਟੈਂਪਰੇਰੀ ਡਾਂਸ ਸਿੱਖਿਆ ਅਤੇ ਆਪਣੀ ਸ਼ੂਟਿੰਗ ਦੌਰਾਨ ਮਿਲਣ ਵਾਲੇ ਫੁਰਸਤ ਦੇ ਪਲਾਂ ਵਿਚ ਇਸ ਦਾ ਅਭਿਆਸ ਕੀਤਾ।"

ਯਾਦ ਰਹੇ ਕਿ ਹਾਲ ਹੀ ਵਿਚ ਰਿਲੀਜ਼ ਹੋਈ ਪੰਜਾਬੀ ਫਿਲਮ 'ਕਲੀ ਜੋਟਾ' ਵਿਚ ਖੂਬਸੂਰਤ ਅਦਾਕਾਰੀ ਲਈ ਵਾਮਿਕਾ ਗੱਬੀ ਦੀ ਖੂਬ ਤਾਰੀਫ ਹੋਈ ਹੈ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਭਾਵੇਂ ਉਘੇ ਗਾਇਕ ਸਤਿੰਦਰ ਸਰਤਾਜ ਅਤੇ ਉਘੀ ਅਦਾਕਾਰਾ ਨੀਰੂ ਬਾਜਵਾ ਦੀਆਂ ਹਨ ਪਰ ਵਾਮਿਕਾ ਗੱਬੀ ਨੇ ਆਪਣੀ ਅਦਾਕਾਰੀ ਨਾਲ ਵਕੀਲ ਦੇ ਕਿਰਦਾਰ ਵਿਚ ਜੋ ਰੰਗ ਭਰਿਆ ਹੈ, ਉਸ ਨੇ ਸਭ ਦਾ ਧਿਆਨ ਖਿੱਚਿਆ ਹੈ। ਆਪਣੀ ਸਹਿਜ ਅਦਾਕਾਰੀ ਨੇ ਵਾਮਿਕਾ ਗੱਬੀ ਨੇ ਸਭ ਦਾ ਮਨ ਮੋਹ ਲਿਆ।

*-ਆਮਨਾ ਕੌਰ*



*ਫਿਲਮ 'ਫੁਰਸਤ' ਦਾ ਪੋਸਟਰ।*

# ਅਦਾਕਾਰਾ ਸਵਰਾ ਭਾਸਕਰ ਦੀਆਂ ਸ਼ਹਿਨਾਈਆਂ

ਅਦਾਕਾਰਾ ਸਵਰਾ ਭਾਸਕਰ ਨੇ ਸਿਆਸਤਦਾਨ ਫਾਹਦ ਅਹਿਮਦ ਨਾਲ ਵਿਆਹ ਕਰਵਾ ਲਿਆ ਹੈ। ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਫਾਹਦ ਅਹਿਮਦ ਨੂੰ ਟੈਗ ਕਰਦਿਆਂ ਸਵਰਾ ਭਾਸਕਰ ਨੇ ਆਪਣੇ ਵਿਆਹ ਦੀ ਖਬਰ ਸਾਂਝੀ ਕੀਤੀ। ਫਾਹਦ ਅਹਿਮਦ ਸਮਾਜਵਾਦੀ ਪਾਰਟੀ ਦੇ ਯੂਥ ਵਿੰਗ 'ਸਮਾਜਵਾਦੀ ਯੁਵਜਨ ਸਭਾ' ਦਾ ਸੂਬਾਈ ਪ੍ਰਧਾਨ ਹੈ। ਸਵਰਾ ਭਾਸਕਰ ਨੇ ਆਪਣੇ ਪਤੀ ਨਾਲ ਵੀਡੀਓ ਸਾਂਝੀ ਕਰਦਿਆਂ ਲਿਖਿਆ: 'ਮੇਰੀ ਜ਼ਿੰਦਗੀ 'ਚ ਆਉਣ ਲਈ ਸ਼ੁਕਰੀਆ।'

ਇਸੇ ਦੌਰਾਨ ਕੱਟੜਪੰਥੀ ਭਗਵਾ ਬ੍ਰਿਗੇਡ ਨੇ ਸਵਰਾ ਭਾਸਕਰ ਨੂੰ ਆਪਣੀ ਨਫਰਤ ਦਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਯਾਦ ਰਹੇ ਕਿ ਸਵਰਾ ਭਾਸਕਰ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਫਿਰਕੂ ਸਿਆਸਤ ਦੀ ਖੁੱਲ੍ਹੇਆਮ ਨੁਕਤਾਚੀਨੀ ਕਰਦੀ ਰਹੀ ਹੈ। ਜਦੋਂ ਦਿੱਲੀ ਵਿਚ ਜੇ.ਐਨ.ਯੂ. ਵਿਚ ਵਿਦਿਆਰਥੀਆਂ ਦਾ ਅੰਦੋਲਨ ਚੱਲ ਰਿਹਾ ਸੀ ਤਾਂ ਉਸ ਨੇ ਡਟ ਕੇ ਵਿਦਿਆਰਥੀਆਂ ਦੀ ਹਮਾਇਤ ਕੀਤੀ ਸੀ। ਉਸ ਨੇ ਦਿੱਲੀ ਦੀ ਬਰੂਹਾਂ ਉਤੇ ਸਾਲ ਭਰ ਚੱਲੇ ਮਿਸਾਲੀ ਅਤੇ ਇਤਿਹਾਸਕ ਕਿਸਾਨ ਅੰਦੋਲਨ ਦੇ ਹੱਕ ਵਿਚ ਵੀ ਆਵਾਜ਼ ਬੁਲੰਦ ਕੀਤੀ ਸੀ।

ਭਗਵਾਂ ਬ੍ਰਿਗੇਡ ਨੇ ਸਵਰਾ ਭਾਸਕਰ ਦੇ ਇਕ ਪੁਰਾਣੇ ਟਵੀਟ ਨੂੰ ਲੈ ਕੇ ਉਸ ਨੂੰ ਨਿਸ਼ਾਨਾ ਬਣਾਇਆ। ਚਿਰ ਪਹਿਲਾਂ ਕੀਤੇ ਇਸ ਟਵੀਟ ਵਿਚ ਸਵਰਾ ਭਾਸਕਰ ਨੇ ਫਾਹਦ ਅਹਿਮਦ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ 'ਭਾਈ' ਕਹਿ ਦਿੱਤਾ ਸੀ। ਬੱਸ, ਕੱਟੜਪੰਥੀਆਂ ਨੇ ਇਸੇ ਨੂੰ ਮੁੱਦਾ ਬਣਾ ਕੇ ਉਛਾਲਣ ਦੀ ਕੋਸ਼ਿਸ਼ ਕੀਤੀ। ਇਸ ਦੇ ਜਵਾਬ ਵਿਚ ਆਖਿਰਕਾਰ ਫਾਹਦ ਅਹਿਮਦ ਨੇ ਖਾਮੋਸ਼ੀ ਤੋੜੀ ਅਤੇ ਕਿਹਾ: 'ਚਲੋ ਤੁਸੀਂ ਇਹ ਤਾਂ ਮੰਨਿਆ ਕਿ ਹਿੰਦੂ-ਮੁਸਲਮਾਨ ਭੈਣ-ਭਾਈ ਵੀ ਹੋ ਸਕਦੇ ਹਨ'।

9 ਅਪਰੈਲ 1988 ਨੂੰ ਜਨਮੀ ਸਵਰਾ ਭਾਸਕਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮ 'ਮਾਧੋਲਾਲ ਕੀਪ ਵਾਕਿੰਗ' ਨਾਲ ਕੀਤੀ ਸੀ। ਇਹ ਫਿਲਮ 2009 ਵਿਚ ਆਈ ਸੀ ਅਤੇ ਕਮਾਈ ਪੱਖੋਂ ਨਾਕਾਮਯਾਬ ਫਿਲਮ ਰਹੀ ਸੀ। ਦੋ ਸਾਲ ਬਾਅਦ 2011 ਵਿਚ ਆਈ ਫਿਲਮ 'ਤਨੂ ਵੈਡਸ ਮਨੂ' ਵਿਚ ਸਹਾਇਕ ਅਦਾਕਾਰਾ ਦੇ ਰੋਲ ਵਿਚ ਸਵਰਾ ਭਾਸਕਰ ਨੇ ਆਪਣੀ ਭਰਵੀਂ ਹਾਜ਼ਰੀ ਲੁਆਈ। ਇਸ ਅਦਾਕਾਰੀ ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਸਹਾਇਕ ਅਦਾਕਾਰਾ ਦਾ ਇਨਾਮ ਵੀ ਮਿਲਿਆ। 2013 ਵਿਚ ਰਿਲੀਜ਼ ਹੋਈ ਫਿਲਮ 'ਰਾਂਝਨਾ' ਵਿਚ ਉਸ ਨੇ ਇਕ ਵਾਰ ਫਿਰ ਆਪਣੀ ਅਦਾਕਾਰੀ ਦਾ ਜਲਵਾ ਦਿਖਾਇਆ। ਇਸ ਫਿਲਮ ਲਈ ਉਸ ਨੂੰ ਇਕ ਵਾਰ ਫਿਰ ਫਿਲਮਫੇਅਰ ਦਾ ਸਰਵੋਤਮ ਸਹਾਇਕ ਅਦਾਕਾਰਾ ਦਾ ਇਨਾਮ ਮਿਲਿਆ। ਸਾਲ 2015 ਵਿਚ ਉਸ ਦੀਆਂ ਦੋ ਫਿਲਮਾਂ ਆਈਆਂ: 'ਤਨੂ ਵੈਡਸ ਮਨੂ' ਦਾ ਸੀਕੁਇਲ ਅਤੇ 'ਪ੍ਰੇਮ ਰਤਨ ਧਨ ਪਾਇਓ'। ਦੋਵੇਂ ਫਿਲਮਾਂ ਸਾਲ ਦੌਰਾਨ ਮੋਟੀ ਕਮਾਈ ਕਰਨ ਵਾਲੀਆਂ ਫਿਲਮਾਂ ਸਾਬਤ ਹੋਈਆਂ। ਇਸ ਤੋਂ ਬਾਅਦ ਸਾਲ 2016 ਵਿਚ ਰਿਲੀਜ਼ ਹੋਈ ਫਿਲਮ 'ਨਿੱਲ ਬਟੇ ਸੰਨਾਟਾ' ਅਤੇ 2017 ਵਿਚ ਆਈ ਫਿਲਮ 'ਅਨਾਰਕਲੀ ਆਫ ਆਰਾ' ਨੇ ਉਸ ਦੇ ਕਰੀਅਰ ਨੂੰ ਚਾਰ ਚੰਨ ਲਾ ਦਿੱਤੇ। ਫਿਲਮ 'ਨਿੱਲ ਬਟੇ ਸੰਨਾਟਾ' ਲਈ ਉਸ ਨੂੰ ਸਰਵੋਤਮ ਅਦਾਕਾਰਾ ਦਾ ਸਕਰੀਨ ਇਨਾਮ ਮਿਲਿਆ ਅਤੇ ਫਿਲਮ 'ਅਨਾਰਕਲੀ ਆਫ ਆਰਾ' ਲਈ ਉਹ ਸਰਵੋਤਮ ਅਦਾਕਾਰਾ ਵਾਲੇ ਇਨਾਮ ਲਈ ਨਾਮਜ਼ਦ ਹੋਈ।

ਸਵਰਾ ਭਾਸਕਰ ਅੱਜ ਕੱਲ੍ਹ ਆਪਣੀ ਅਗਲੀ ਫਿਲਮ 'ਮਿਸੇਜ਼ ਫਲਾਨੀ' ਤਿਆਰ ਕਰਨ ਵਿਚ ਰੁੱਝੀ ਹੋਈ ਹੈ। ਇਸ ਫਿਲਮ ਨੂੰ ਦੋ ਫਿਲਮਸਾਜ਼ ਮਨੀਸ਼ ਕੁਮਾਰ ਅਤੇ ਮਧੂਕਰ ਵਰਮਾ ਰਲ ਕੇ ਬਣਾ ਰਹੇ ਹਨ। ਇਸ ਫਿਲਮ ਵਿਚ ਨੌਂ ਕਹਾਣੀਆਂ ਹਨ ਅਤੇ ਇਨ੍ਹਾਂ ਸਾਰੀਆਂ ਕਹਾਣੀਆਂ ਵਿਚ ਸਵਰਾ ਭਾਸਕਰ ਦੇ ਵੱਖ-ਵੱਖ ਕਿਰਦਾਰ ਹਨ।

*-ਗੁਰਜੰਟ ਸਿੰਘ*



# ਵੈਲੇਨਟਾਈਨ ਡੇਅ ਦਾ ਜਾਦੂ ਅਤੇ ਫਿਲਮ ਸੰਸਾਰ





*ਫਿਲਮ 'ਤਮਾਸ਼ਾ' ਵਿਚ ਅਦਾਕਾਰਾ ਦੀਪਿਕਾ ਪਾਦੂਕੋਣ ਤੇ ਅਦਾਕਾਰ ਰਣਬੀਰ ਕਪੂਰ ਅਤੇ (ਸੱਜੇ) 'ਫਿਲਮ 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ' ਵਿਚ ਅਦਾਕਾਰਾ ਕਾਜੋਲ ਤੇ ਅਦਾਕਾਰ ਸ਼ਾਹਰੁਖ ਖਾਨ।*

ਅਦਾਕਾਰ ਰਣਬੀਰ ਕਪੂਰ ਅਤੇ ਅਦਾਕਾਰਾ ਦੀਪਿਕਾ ਪਾਦੂਕੋਨ ਦੀ ਰੁਮਾਂਟਿਕ ਡਰਾਮਾ ਫਿਲਮ 'ਤਮਾਸ਼ਾ' ਫਰਵਰੀ ਮਹੀਨੇ ਵੈਲੇਨਟਾਈਨ ਡੇਅ ਵਾਲੇ ਦਿਨ ਮੁੜ ਰਿਲੀਜ਼ ਕੀਤੀ ਗਈ। ਉਘੇ ਫਿਲਮਸਾਜ਼ ਇਮਤਿਆਜ਼ ਅਲੀ ਵੱਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਅਜੋਕੇ ਸਮੇਂ 'ਚ ਨਵੇਂ ਸਿਰੇ ਤੋਂ ਪਿਆਰ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਫਿਲਮ ਭਾਰਤ ਦੇ ਸਾਰੇ ਪੀ.ਵੀ.ਆਰ. ਸਿਨੇਮਾਘਰਾਂ ਵਿਚ ਰਿਲੀਜ਼ ਕੀਤੀ ਗਈ। ਇਹ ਜਾਣਕਾਰੀ ਨਾਡਿਆਡਵਾਲਾ ਗਰੈਂਡਸਨ ਐਂਟਰਟੇਨਮੈਂਟ ਵੱਲੋਂ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਸਾਂਝੀ ਕੀਤੀ ਗਈ ਹੈ। ਇਸ ਨਾਲ ਫਿਲਮ ਦਾ ਪੋਸਟਰ ਵੀ ਸਾਂਝਾ ਕੀਤਾ ਗਿਆ ਹੈ ਜਿਸ ਨਾਲ ਲਿਖਿਆ ਹੈ: 'ਇਸ ਵੈਲੇਨਟਾਈਨ ਹਫਤੇ ਦੌਰਾਨ ਇਨ੍ਹਾਂ ਪਿਆਰ ਕਰਨ ਵਾਲਿਆਂ ਦੀ ਕਹਾਣੀ ਆਪਣੇ ਪਿਆਰਿਆਂ ਨਾਲ ਸਾਂਝੀ ਕਰੋ। 'ਤਮਾਸ਼ਾ' ਮੁੜ ਰਿਲੀਜ਼ ਹੋ ਰਹੀ ਹੈ।'

ਇਸ ਸਬੰਧ ਵਿਚ ਅਦਾਕਾਰ ਰਣਬੀਰ ਕਪੂਰ ਦਾ ਰੰਗ ਉਂਝ ਵੀ ਰਤਾ ਕੁ ਵੱਖਰਾ ਹੈ। ਇਹ ਤਾਂ ਸਭ ਜਾਣਦੇ ਹਨ ਕਿ ਅਦਾਕਾਰ ਰਣਬੀਰ ਕਪੂਰ ਸਿਰਫ਼ ਆਪਣੇ ਆਪ ਵਿਚ ਰਹਿਣ ਵਾਲਾ ਵਿਅਕਤੀ ਹੈ। ਹਾਲਾਂਕਿ ਵੈਲੇਨਟਾਈਨ ਡੇਅ ਮੌਕੇ ਨੋਇਡਾ ਵਿਚ ਇੱਕ ਆਨਲਾਈਨ ਪ੍ਰੋਗਰਾਮ ਦੌਰਾਨ ਉਸ ਨੇ ਆਪਣੀ ਪਤਨੀ ਆਲੀਆ ਭੱਟ ਅਤੇ ਧੀ ਰਾਹਾ ਨੂੰ ਮਨਮੋਹਕ ਸੁਨੇਹਾ ਭੇਜਦਿਆਂ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਰਣਬੀਰ ਕਪੂਰ ਅਤੇ ਸੰਗੀਤਕਾਰ ਪ੍ਰੀਤਮ ਨੇ ਆਗਾਮੀ ਫਿਲਮ 'ਤੂ ਝੂਠੀ ਮੈਂ ਮੱਕਾਰ' ਦੇ ਪ੍ਰਚਾਰ ਲਈ ਗਲਗੋਟੀਆਜ਼ ਯੂਨੀਵਰਸਿਟੀ ਵਿਚ ਪ੍ਰੋਗਰਾਮ ਕਰਵਾਇਆ ਸੀ। ਰਣਬੀਰ ਨੇ ਇਸ ਦੌਰਾਨ ਗੀਤ 'ਪਿਆਰ ਹੋਤਾ ਕਈ ਬਾਰ ਹੈ' ਅਤੇ 'ਕੇਸਰੀਆ' ਗਾ ਕੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਇਸ ਪ੍ਰੋਗਰਾਮ ਦਾ ਸਭ ਤੋਂ ਵਧੀਆ ਪਲ ਰਣਬੀਰ ਵੱਲੋਂ ਵੈਲੇਨਟਾਈਨ ਡੇਅ ਮੌਕੇ ਆਲੀਆ ਅਤੇ ਰਾਹਾ ਨੂੰ ਸੁਨੇਹਾ ਭੇਜਿਆ ਜਾਣਾ ਸੀ। ਉਸ ਨੇ ਕਿਹਾ, "ਸਾਰਿਆਂ ਨੂੰ ਵੈਲੇਨਟਾਈਨ ਡੇਅ ਦੀਆਂ ਵਧਾਈਆਂ। ਸਭ ਤੋਂ ਪਹਿਲਾਂ ਮੈਂ ਆਪਣੇ ਦੋ ਪਿਆਰਿਆਂ- ਮੇਰੀ ਪਤਨੀ ਆਲੀਆ ਅਤੇ ਮੇਰੀ ਖ਼ੂਬਸੂਰਤ ਧੀ ਰਾਹਾ, ਨੂੰ ਵੈਲੇਨਟਾਈਨ ਡੇਅ ਦੀਆਂ ਸ਼ੁਭ ਇੱਛਾਵਾਂ ਦੇਣਾ ਚਾਹਾਂਗਾ।" ਰਣਬੀਰ ਦੇ ਦਿੱਤੇ ਇਸ 'ਮੋਹ' ਭਰੇ ਸੁਨੇਹੇ ਦੀ ਵੀਡੀਓ ਕਾਫ਼ੀ ਵਾਇਰਲ ਹੋਈ ਹੈ। ਰਣਬੀਰ ਦੇ ਪ੍ਰਸੰਸਕਾਂ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਖੂਬ ਪ੍ਰਤੀਕਿਰਿਆ ਦੇ ਰਹੇ ਹਨ। ਯਾਦ ਰਹੇ ਕਿ ਲੰਘੇ ਸਾਲ 6 ਨਵੰਬਰ ਨੂੰ ਆਲੀਆ ਅਤੇ ਰਣਬੀਰ ਦੇ ਘਰ ਉਨ੍ਹਾਂ ਦੀ ਧੀ ਰਾਹਾ ਪੈਦਾ ਹੋਈ ਸੀ।

ਇਸੇ ਤਰ੍ਹਾਂ ਉਘੇ ਅਦਾਕਾਰ ਸ਼ਾਹਰੁਖ ਖਾਨ ਅਤੇ ਅਦਾਕਾਰਾ ਕਾਜੋਲ ਦੀ ਯਾਦਗਾਰੀ ਅਤੇ ਰੋਮਾਂਸ ਭਰਪੂਰ ਫਿਲਮ 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ' ਵੀ ਐਤਕੀਂ ਵੈਲੇਨਟਾਈਨ ਡੇਅ ਮੌਕੇ ਪੂਰੇ ਭਾਰਤ ਵਿਚ ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਗਈ। ਵਾਈ.ਆਰ.ਐਫ. ਦੇ ਮੀਤ ਪ੍ਰਧਾਨ (ਡਿਸਟ੍ਰੀਬਿਊਸ਼ਨ) ਰੋਹਨ ਮਲਹੋਤਰਾ ਨੇ ਦੱਸਿਆ, "ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਸਿਨੇਮਾ ਦੇ ਇਤਿਹਾਸ ਵਿਚ ਸਭ ਤੋਂ ਲੰਮਾ ਸਮਾਂ ਚੱਲਣ ਵਾਲੀ ਫਿਲਮ ਹੈ। ਰੋਮਾਂਸ ਨਾਲ ਭਰਪੂਰ ਇਹ ਫਿਲਮ ਰਿਲੀਜ਼ ਹੋਣ ਤੋਂ ਲੈ ਕੇ ਹੁਣ ਤੱਕ ਹਰ ਪੀੜ੍ਹੀ ਲਈ ਖਾਸ ਰਹੀ ਹੈ। ਇਸ ਵਾਰ ਵੈਲੇਨਟਾਈਨ ਵਾਲੇ ਦਿਨ ਅਸੀਂ ਉਨ੍ਹਾਂ ਦੀ ਇੱਛਾ ਨੂੰ ਸੱਚ ਕਰ ਦਿੱਤਾ ਹੈ। ਇਹ ਫਿਲਮ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ 10 ਫਰਵਰੀ ਤੋਂ ਲੈ ਕੇ ਇੱਕ ਹਫ਼ਤੇ ਤੱਕ ਸਿਨੇਮਾਘਰਾਂ ਵਿਚ ਦਿਖਾਈ ਗਈ।"

ਫਿਲਮ 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ' 1995 ਵਿਚ ਰਿਲੀਜ਼ ਹੋਈ ਸੀ ਅਤੇ ਇਸ ਵਿਚ ਸ਼ਾਹਰੁਖ ਖਾਨ ਅਤੇ ਕਾਜੋਲ ਤੋਂ ਇਲਾਵਾ ਅਮਰੀਸ਼ ਪੁਰੀ, ਫਰੀਦਾ ਜਲਾਲ, ਸਤੀਸ਼ ਸ਼ਾਹ, ਅਚਲਾ ਸਚਦੇਵ, ਹਿਮਾਨੀ ਸ਼ਿਵਪੁਰੀ, ਅਨੁਪਮ ਖੇਰ, ਪਰਮੀਤ ਸੇਠੀ, ਮੰਦਿਰਾ ਬੇਦੀ ਆਦਿ ਅਦਾਕਾਰਾਂ ਨੇ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਸਨ। ਇਹ ਫਿਲਮ ਹਰ ਪੱਖੋਂ ਖੂਬ ਹਿੱਟ ਰਹੀ ਸੀ। ਇਸ ਫਿਲਮ ਨੇ ਰਿਲੀਜ਼ ਹੋਣ ਤੋਂ ਬਾਅਦ ਪਹਿਲੇ ਹੀ ਮਹੀਨੇ ਵਿਚ 80 ਕਰੋੜ ਰੁਪਏ ਕਮਾ ਲਏ ਸਨ। ਇਕੱਲੇ ਭਾਰਤ ਵਿਚ ਹੀ ਇਸ ਨੇ 1.13 ਅਰਬ ਰੁਪਏ ਦੀ ਕਮਾਈ ਕੀਤੀ। ਵਿਦੇਸ਼ਾਂ ਵਿਚ ਵੀ ਇਸ ਦੀ ਕਾਰਗੁਜ਼ਾਰੀ ਚੰਗੀ ਰਹੀ ਅਤੇ ਇਸ ਨੇ 20 ਕਰੋੜ ਰੁਪਏ ਕਮਾਏ। 1995 ਦੀ ਇਹ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਬਣੀ ਅਤੇ 1990ਵਿਆਂ ਦੌਰਾਨ ਇਹ ਦੂਜੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਵਜੋਂ ਦਰਜ ਹੋਈ (ਪਹਿਲੇ ਨੰਬਰ 'ਤੇ ਸਲਮਾਨ ਖਾਨ ਦੀ ਫਿਲਮ 'ਹਮ ਆਪ ਕੇ ਹੈਂ ਕੌਨ' ਰਹੀ)। ਉਸ ਸਾਲ ਦੇ ਕੌਮੀ ਫਿਲਮ ਇਨਾਮਾਂ, ਫਿਲਮਫੇਅਰ ਇਨਾਮਾਂ ਅਤੇ ਸਕਰੀਨ ਇਨਾਮਾਂ ਲਈ ਫਿਲਮ 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ' ਨੇ ਝੜੀ ਹੀ ਲਗਾ ਦਿੱਤੀ ਸੀ।

*-ਕੁਦਰਤ ਕੌਰ*

## To celebrate Vaisakhi
## PCS of Chicago Presents...

# Rangla Punjab 2023

Enjoy a colorful family style evening full of excitement featuring Bhangra, Gidha, Dances Bolian, Punjabi Songs, Skits and much more!!



**Saturday, March 25, 2023**
6:30 PM Sharp

McAninch Arts Center at
College of DuPage
**425 Fawell Blvd**
**Glen Ellyn, IL 60137**

**More information at:**
**www.PCSChicago.org**

**$100/VIP (Front Seats with Dinner)**
**$50 (Reserved Seats), $30 (General Seating)**

- Free Parking
- Children Under 10 yr Free

TICKETLEAP Sulekha

Scan me!

**SPONSORS & VENDORS ENCOURAGED**

Please email: info@PCSChicago.org or call: (847) 359-5PCS

PUNJABI CULTURAL SOCIETY of Chicago
P. O. BOX 1244, PALATINE, IL. 60078
E-mail: info@PCSChicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.